ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free

ਸਾਲ : 2 ਅੰਕ : 11 Phone : 780 465 9118, 403 775 2100, 204 218 6284 Fax: 780 465 0661, e-mail: info@nawidunia.com ਨਵੰਬਰ – 2011




16 ਨਵੰਬਰ : ਸ਼ਹਾਦਤ ਦਿਵਸ ਕਰਤਾਰ ਸਿੰਘ ਸਰਾਭਾ


ਮਨਮੀਤ ਭੁੱਲਰ ਤੇ ਨਰੇਸ਼ ਭਾਰਦਵਾਜ ਅਲਬਰਟਾ ਮੰਤਰੀ ਮੰਡਲ 'ਚ — ਪੰਨਾ-3







ਕਾਲੇ ਕਾਨੂੰਨਾਂ ਦੀ ਵਾਪਸੀ — ਪੰਨਾ-9







ਅੰਦਰ ਦੇ ਗਗਨ ਦੀਆਂ ਉਡਾਰੀਆਂ
ਜਸਵੰਤ ਸਿੰਘ ਨੇਕੀ — ਪੰਨਾ-27



ਪਾਕਿਸਤਾਨੀ ਫਿਲਮ ਬੋਲ — ਪੰਨਾ-39




## ਅਮਰੀਕਾ ਦੇ ਵਿਰੋਧ ਦੇ ਬਾਵਜੂਦ ਫਲਸਤੀਨ ਬਣਿਆ ਯੂਨੈਸਕੋ ਦਾ ਮੈਂਬਰ

ਪੈਰਿਸ, (ਨਦਬ) ਭਾਰੀ ਵਿਰੋਧਾਂ ਦੇ ਬਾਵਜੂਦ ਫਲਸਤੀਨ ਆਖ਼ਰ ਯੂਨੈਸਕੋ ਦਾ ਮੈਂਬਰ ਬਣ ਗਿਆ ਹੈ। ਅਮਰੀਕਾ ਸਮੇਤ ਹੋਰਨਾਂ ਵਿਰੋਧੀ ਮੁਲਕਾਂ ਦਾ ਕਹਿਣਾ ਸੀ ਕਿ ਇਸ ਦੇ ਮੈਂਬਰ ਬਣਨ ਨਾਲ ਮੱਧ ਪੂਰਬ ਵਿਚ ਅਰੰਭੇ ਸ਼ਾਂਤੀ ਦੇ ਯਤਨਾਂ ਨੂੰ ਢਾਹ ਲੱਗੇਗੀ।

ਅਮਰੀਕੀ ਨੇਤਾ ਅਤੇ ਧਨ ਕੁਬੇਰ ਜੋ ਯੂਨੈਸਕੋ ਦੇ ਫੰਡ ਵਿਚ ਕਰੀਬ 22 ਫੀਸਦੀ ਹਿਸਾ ਪਾਉਂਦੇ ਹਨ, ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਫਲਸਤੀਨ ਨੂੰ ਮੈਂਬਰਸ਼ਿਪ ਮਿਲ ਗਈ ਤਾਂ ਉਹ ਕਰੀਬ 80 ਮਿਲੀਅਨ ਡਾਲਰ ਦੀ ਰਕਮ ਰੋਕ ਦੇਣਗੇ। ਫਲਸਤੀਨ ਨੂੰ ਮੈਂਬਰਸ਼ਿਪ ਮਿਲਣ ਦਾ ਐਲਾਨ ਹੁੰਦਿਆਂ ਹੀ ਵਾਈਟ ਹਾਊਸ ਦੇ ਬੁਲਾਰੇ ਜੇਅ ਕਾਰਨੇ ਨੇ ਯੂਨੈਸਕੋ ਦੇ ਇਸ ਫੈਸਲੇ ਨੂੰ ਸਮੇਂ ਤੋਂ ਪਹਿਲਾਂ ਲਿਆ ਗਿਆ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨੇ ਮੱਧ ਪੂਰਬ ਦੀ ਸ਼ਾਂਤੀ ਦੇ ਯਤਨਾਂ ਦੇ ਪਰਪੱਕ ਸਿੱਟੇ ਹਾਸਲ ਕਰਨ ਲਈ ਕੌਮਾਂਤਰੀ ਭਾਈਚਾਰੇ ਦੀਆਂ ਕੋਸ਼ਿਸ਼ਾਂ ਨੂੰ ਢਾਹ ਲਾਈ ਹੈ। ਉਨ੍ਹਾਂ ਇਸ ਨੂੰ ਇਜ਼ਰਾਈਲ ਅਤੇ ਫਲਸਤੀਨੀਆਂ ਵਿਚਾਲੇ ਸਿੱਧੇ ਸਬੰਧਾਂ ਨੂੰ ਜੋੜਨ ਦੇ ਯਤਨਾਂ ਵਿਚ ਰੁਕਾਵਟ ਦੱਸਿਆ।



ਮੈਂਬਰਸ਼ਿਪ ਮਿਲਣ ਨਾਲ ਫਲਸਤੀਨ ਨੂੰ ਇਕ ਵੱਡੀ ਜਿੱਤ ਹਾਸਲ ਹੋਈ ਹੈ। ਪਰ ਇਸ ਮੈਂਬਰਸ਼ਿਪ ਨਾਲ ਸਰਹੱਦੀ ਮਸਲੇ, ਸੁਰੱਖਿਆ ਨਾਲ ਸਬੰਧਤ ਮੁਸ਼ਕਲਾਂ ਅਤੇ ਹੋਰ ਝਗੜੇ ਹੱਲ ਹੋ ਜਾਣਗੇ, ਇਹਦੀ ਯਕੀਨਦਹਾਨੀ ਨਹੀਂ ਕੀਤੀ ਜਾ ਸਕਦੀ। ਜਦੋਂ ਡੈਲੀਗੇਟਾਂ ਨੇ ਫਲਸਤੀਨ ਦੇ ਹੱਕ ਵਿਚ ਵੋਟਾਂ ਪਾ ਕੇ ਇਸ ਨੂੰ ਮੈਂਬਰਸ਼ਿਪ ਦਿਵਾਈ ਤਾਂ ਸੰਯੁਕਤ ਰਾਸ਼ਟਰ ਸਿਖਿਆ, ਸਾਇੰਸ ਅਤੇ ਸਭਿਆਚਾਰਕ ਸੰਸਥਾ (ਯੂਨੈਸਕੋ) ਵਿਚ ਖੁਸ਼ੀ ਦੀ ਲਹਿਰ ਪੈਦਾ ਹੋ ਗਈ। ਉਸ ਵਕਤ ਯੂਨੈਸਕੋ ਦੇ 173 ਮੈਂਬਰ ਮੌਜੂਦ ਸਨ। ਫਲਸਤੀਨ ਨੂੰ 81 ਵੋਟਾਂ ਦੀ ਲੋੜ ਸੀ। ਇਕ ਫਲਸਤੀਨੀ ਨੇ ਇਸ ਮੌਕੇ ਖੁਸ਼ੀ ਵਿਚ ਨਾਅਰਾ ਮਾਰਿਆ– 'ਫਲਸਤੀਨ ਹਮੇਸ਼ਾ ਕਾਇਮ ਰਹੇ'।

## ਗਦਰ ਦੀ ਗੂੰਜ...



ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿਚ 20ਵੇਂ ਗਦਰੀ ਬਾਬਿਆਂ ਦੇ ਮੇਲੇ ਮੌਕੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕਰਦੇ ਹੋਏ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਸਾਥੀ ਪ੍ਰਗਟ ਸਿੰਘ ਜਾਮਾਰਾਏ। ਨਾਲ ਹਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਨੌਨਿਹਾਲ ਸਿੰਘ, ਜਨਰਲ ਸਕੱਤਰ ਰਘਬੀਰ ਕੌਰ ਅਤੇ ਟਰੱਸਟ ਦੇ ਹੋਰ ਮੈਂਬਰ। ਗਦਰੀ ਬਾਬਿਆਂ ਦੇ ਮੇਲੇ ਬਾਰੇ ਵਿਸ਼ੇਸ਼ ਲੇਖ ਸਫ਼ਾ 17 'ਤੇ ਪੜ੍ਹੋ।

## ਮਾਲਵੇ ਵਿਚੋਂ ਹੋਇਆ ਸਿਆਸੀ ਜੰਗ ਦਾ ਆਗਾਜ਼

### ਦੂਸਰੇ ਕਬੱਡੀ ਵਿਸ਼ਵ ਕੱਪ ਦਾ ਸ਼ਾਹਾਨਾ ਉਦਘਾਟਨ

### ਕੈਪਟਨ ਅਮਰਿੰਦਰ ਨੇ ਸ਼ੁਰੂ ਕੀਤੀ 'ਪੰਜਾਬ ਬਚਾਓ ਯਾਤਰਾ'

ਬਠਿੰਡਾ (ਨਦਬ) ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਿਚਾਲੇ ਮਾਲਵੇ ਦੀ ਧਰਤੀ ਸਿਆਸੀ ਜੰਗ ਦਾ ਮੈਦਾਨ ਬਣ ਗਈ ਹੈ। ਮੰਗਲਵਾਰ ਨੂੰ ਇਕ ਪਾਸੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਦੂਸਰੇ ਵਿਸ਼ਵ ਕਬੱਡੀ ਕੱਪ ਦਾ ਸ਼ਾਹਾਨਾ ਉਦਘਾਟਨ ਸਮਾਗਮ ਕੀਤਾ ਗਿਆ, ਦੂਸਰੇ ਪਾਸੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ 'ਪੰਜਾਬ ਬਚਾਓ' ਯਾਤਰਾ ਸ਼ੁਰੂ ਹੋਣ ਨਾਲ ਸਿਆਸੀ ਮਾਹੌਲ ਗਰਮ ਹੋ ਗਿਆ ਹੈ। ਇਨ੍ਹਾਂ ਦੋਵਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਬਠਿੰਡਾ ਜ਼ਿਲ੍ਹੇ ਤੋਂ ਹੀ ਹੋਈ ਹੈ। ਇਸ ਤੋਂ ਇਲਾਵਾ ਹਰਸਿਮਰਤ ਕੌਰ ਬਾਦਲ ਦੇ ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹੋਣ ਤੇ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਦੇ ਬਠਿੰਡਾ ਜ਼ਿਲ੍ਹੇ ਵਿਚ ਹੋਣ ਕਰਕੇ ਵੀ ਬਠਿੰਡਾ ਮਹੱਤਵਪੂਰਨ ਹੋ ਗਿਆ ਹੈ।

ਸੁਖਬੀਰ ਬਾਦਲ ਵਲੋਂ ਕਬੱਡੀ ਕੱਪ ਦੇ ਪਹਿਲੇ ਦਿਨ ਫਿਲਮ ਸਟਾਰ ਸ਼ਾਹਰੁਖ ਖਾਨ ਨੂੰ ਲਿਆ ਕੇ ਮਾਲਵੇ ਦੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕੀਤਾ ਗਿਆ। ਉਧਰ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੁਰਾਣੇ ਵਿਧਾਨ ਸਭਾ ਹਲਕੇ ਤਲਵੰਡੀ ਸਾਬੋ ਤੋਂ ਅਰਦਾਸ ਕਰਕੇ ਪੰਥਕ ਸ਼ੈਲੀ ਵਿਚ 'ਪੰਜਾਬ ਬਚਾਓ' ਯਾਤਰਾ ਆਰੰਭ ਕੀਤੀ।

ਗੌਰਤਲਬ ਹੈ ਕਿ ਕੈਪਟਨ ਅਮਰਿੰਦਰ 1985 ਵਿਚ ਤਲਵੰਡੀ ਸਾਬੋ ਤੋਂ ਵਿਧਾਇਕ ਵੀ ਰਹਿ ਚੁੱਕੇ ਹਨ। ਅਮਰਿੰਦਰ ਸਿੰਘ ਦੀ ਇਹ ਯਾਤਰਾ ਪੂਰਾ ਇਕ ਮਹੀਨਾ ਚੱਲੇਗੀ ਤੇ ਪੰਜਾਬ ਵਿਧਾਨ ਸਭਾ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚੋਂ ਲੰਘੇਗੀ।




St. Albert Location Opening Soon...
Preparing you for a safe & healthy journey
Offering National & International Travel Vaccines
ਕਨੇਡਾ ਤੋਂ ਬਾਹਰ ਸੁਰਖਿੱਅਤ ਸਫਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ
Atlas Immunization Services
Phone > 780.465.5150
www.atlasimmunization.com
Suite 104, 7633-50 St. Edmonton (Meridian Place)

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers




Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Contact Dan Sidhu Broker / Owner
Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ ।



Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD Each Office is Individually Owned and Operated
Specialized in Residential Commertial & Investment Properties
110-300 Merganser Dr. West Chestermere, AB T1X 1L6



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

LUTHRA LAW OFFICE



* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
SARJAN LUTHRA
B.Sc, LL.B.
Barrister Solicitor
780-466-4660



Kuldip S. Powar

# POWAR HOMES LTD.

Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੇਸਮੈਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797

Email: ranjit_pawar@hotmail.com

Contact At:

Ph: 780-695-6595

# WILDROSE MASONARY & STONE WORKS

Commercial & Residential



Ph: 780 340 1400
Off: 780 450 1413
Fax: 780 490 4888

Dave Johal

Culture Stone | Bricks
Blocks | Glass Blocks




email:wildrosemasonary@live.ca ✦ 1404-69th St. SW Edmonton, AB T6L 1L4

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653
Ext-2, Cell- 780 720 6895

# EAGLE ROCK GOLF COURSE




50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop

Tire Repairs, Brakes, Oil Change & Lubrication

- Do Service on remote locations including Weighing Scales.
- Vehicle Inspection by Certified Mechanic.

Enough Parking Space

Call: Manjit S.Khosa, Garry Dhaliwal

Ph: 780-298-1114, 780-993-4441

6609 34 st. , Edmonton, Alberta.

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

Sushil Singh

Certified Master Electrician

ਸਰਟੀਫਾਈਡ ਮਾਸਟਰ ਇਲੈਕ੍ਟ੍ਰੀਸ਼ਨ



# MILLWOODS PIZZA & INDIAN CUISINE

4418 36th Ave, Millwoods Road East, Edmonton.

ਪੰਜਾਬੀ ਸਟਾਇਲ ਪੀਜ਼ਾ

Take Out Buffets

starting from $ 7.99

✆780 462 4313

Cell: 780 504 5600

Out door Catering at reasonable rates

www.millwoodspizza.com



Faryad Pannu

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼ ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼ ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

For All Insurance Needs

Call: Shalu Badesha

Phone:780-660-3071



Sponsor by Canada Life & Access to all Major Insurance Companies in Canada

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

780-436-0111

7941-Argyll Road Edmonton AB, T6C 4A9



www.cambridgewindow.com

Better Business Bureau ਦੇ ਮੈਂਬਰ

# ਸਾਲਮਨ ਮੱਛੀਆਂ ਵਿਚ ਪਾਏ ਵਾਇਰਸ ਪ੍ਰਤੀ ਗੰਭੀਰਤਾ ਨਾ ਦਿਖਾਉਣ 'ਤੇ ਐਨ.ਡੀ.ਪੀ. ਵਲੋਂ ਟੋਰੀ ਸਰਕਾਰ ਦੀ ਨਿਖੇਧੀ

ਔਟਵਾ (ਨਦਬ) : ਕੈਨੇਡਾ ਦੀ ਹਾਰਪਰ ਸਰਕਾਰ ਜਿਸ ਨੇ ਬੀਤੇ ਦਿਨੀਂ ਬ੍ਰਿਟਿਸ਼ ਕੋਲੰਬੀਆ ਦੀਆਂ ਜੰਗਲੀ ਸਾਲਮਨ ਮੱਛੀਆਂ ਵਿਚ ਭਿਆਨਿਕ ਵਾਇਰਸ ਪਾਏ ਜਾਣ ਸਬੰਧੀ ਪਰੀਖਣਾਂ ਨੂੰ ਅਨਿਸ਼ਚਿਤ ਕਰਾਰ ਦਿਤਾ ਸੀ, ਉਪਰ ਦੋਸ਼ ਲਗੇ ਹਨ ਕਿ ਉਹ ਇਸ ਮੁੱਦੇ ਨੂੰ ਅਮਰੀਕੀ ਸਿਆਸਤਦਾਨਾਂ ਵਾਂਗ ਗੰਭੀਰਤਾ ਨਾਲ ਨਹੀਂ ਲੈ ਰਹੀ। ਹਾਊਸ ਆਫ਼ ਕਾਮਨਜ਼ ਵਿਚ ਨਿਊ ਡੈਮੋਕਰੇਟਿਕ ਪਾਰਟੀ ਨੇ ਧਿਆਨ ਦਿਵਾਊ ਮਤੇ ਤਹਿਤ ਕਿਹਾ ਕਿ ਅਮਰੀਕਾ ਦੇ ਤਿੰਨ ਸੈਨੇਟਰਾਂ ਨੇ ਸਾਲਮਨ ਅਨੀਮੀਆ ਨਾਮ ਦੇ ਵਾਇਰਸ ਨੂੰ ਫੈਲਣ ਪ੍ਰਤੀ ਅਮਰੀਕੀ ਅਧਿਕਾਰੀਆਂ ਨੂੰ ਸੁਚੇਤ ਕੀਤਾ ਸੀ। ਇਨਾਂ ਸੈਨੇਟਰਾਂ ਨੇ ਇਸ ਬੀਮਾਰੀ ਨੂੰ 'ਕੈਨੇਡੀਅਨ ਸਾਲਮਨ ਵਾਇਰਸ' ਕਰਾਰ ਦਿਤਾ ਸੀ ਅਤੇ ਨੈਸ਼ਨਲ ਐਕੁਐਟਿਕ ਐਨੀਮਲ ਹੈਲਥ ਟਾਸਕ ਫੋਰਸ ਨੂੰ ਇਸ ਦੇ ਫੈਲਣ ਦਾ ਵਿਸ਼ਲੇਸ਼ਣ ਕਰਨ ਦੀ ਅਪੀਲ ਕੀਤੀ ਸੀ। ਵਾਸ਼ਿੰਗਟਨ ਦੀ ਸੈਨੇਟਰ ਮਾਰੀਆ ਕੈਂਟਵੈੱਲ ਨੇ ਕਿਹਾ ਕਿ ਸੀ ਸਾਨੂੰ ਉਤਰ ਪਛਮੀ ਤੱਟਵਰਤੀ ਖੇਤਰ ਵਿਚ ਅਰਥ ਚਾਰੇ ਅਤੇ ਨੌਕਰੀਆਂ ਨੂੰ ਬਚਾਉਣ ਲਈ ਹੁਣੇ ਤੋਂ ਕਦਮ ਚੁੱਕਣੇ ਪੈਣਗੇ ਭਾਵੇਂ ਇਸ ਵਾਇਰਸ ਨੇ ਮਨੁੱਖੀ ਸਿਹਤ ਨੂੰ ਕੋਈ ਖਤਰਾ ਨਹੀਂ ਪਰ ਇਹ ਪਾਣੀ ਵਿਚਲੇ ਹੋਰਨਾਂ ਜੀਵਾਂ ਉਪਰ ਅਸਰ ਪਾ ਸਕਦਾ ਹੈ।



ਐਨ.ਡੀ.ਪੀ. ਦੇ ਮੱਛੀਆਂ ਪਾਲਣ ਦੇ ਮਾਹਰ ਫਿਨ ਡੌਨਲੀ ਨੇ ਕਿਹਾ ਕਿ ਕੈਨੇਡਾ ਸਰਕਾਰ ਪਿਛਲੇ ਦਿਨੀਂ ਆਈਆਂ ਖ਼ਬਰਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਸਾਈਮਨ ਫ਼ਰੈਜ਼ਰ ਯੂਨੀਵਰਸਿਟੀ ਦੇ ਮੱਛੀ ਪਾਲਣ ਵਿਭਾਗ ਦੇ ਰਿਕ ਰੋਟਲੈਜ ਦਾ ਕਹਿਣਾ ਸੀ ਕਿ ਪ੍ਰਿੰਸ ਐਡਵਰਡ ਟਾਪੂ ਵਿਖੇ ਦੂਜੇ ਸਾਲ ਦੀਆਂ 48 ਸਾਲਮਨ ਮੱਛੀਆਂ ਵਿਚ ਵਾਇਰਸ ਨਾਲ ਪ੍ਰਭਾਵਤ ਮੱਛੀ ਵੀ ਸੀ। ਦਸਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਇਹ ਬੀਮਾਰੀ ਪੱਛਮੀ ਸਮੁੰਦਰੀ ਕੰਡੇ 'ਤੇ ਸਾਹਮਣੇ ਆਈ। ਬ੍ਰਿਟਿਸ਼ ਕੋਲੰਬੀਆਂ ਦੀ ਸਾਲਮਨ ਮੱਛੀਆਂ ਦੀ ਮਾਹਰ ਐਲੈਗਜ਼ੈਂਡਰਾ ਮੋਰਟਨ ਨੇ ਕਿਹਾ ਕਿ ਇਹ ਵਾਈਰਸ ਬ੍ਰਿਟਿਸ਼ ਕੋਲੰਬੀਆਂ ਦੇ ਮੱਛੀ ਫ਼ਾਰਮਾਂ ਵਿਚ ਵੀ ਪਾਇਆ ਗਿਆ ਜਿਸ ਨਾਲ ਨਜਿੱਠਣ ਲਈ ਤੁਰਤ ਕਦਮ ਚੁੱਕੇ ਜਾਣ ਦੀ ਲੋੜ ਹੈ।

# ਮਨਮੀਤ ਭੁੱਲਰ ਅਤੇ ਨਰੇਸ਼ ਭਾਰਦਵਾਜ ਅਲਬਰਟਾ ਮੰਤਰੀ ਮੰਡਲ ਵਿੱਚ ਸ਼ਾਮਲ



ਐਡਮਿੰਟਨ, (ਨਦਬ) : ਅਲਬਰਟਾ ਸੂਬੇ ਦੇ ਨਵੇਂ ਬਣੇ ਪ੍ਰੀਮੀਅਰ ਐਲੀਸਨ ਰੈਡਫੋਰਡ ਵਲੋਂ ਕੈਲਗਰੀ-ਮੌਂਟਰੋਜ਼ ਹਲਕੇ ਤੋਂ ਵਿਧਾਇਕ ਮਨਮੀਤ ਭੁੱਲਰ ਅਤੇ ਐਡਮਿੰਟਨ-ਐਲਰਸਲੀ ਤੋਂ ਵਿਧਾਇਕ ਨਰੇਸ਼ ਭਾਰਦਵਾਜ ਨੂੰ ਨਵੇਂ ਬਣੇ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਹੈ। ਮਨਮੀਤ ਭੁੱਲਰ ਨੂੰ ਸਰਵਿਸ ਅਲਬਰਟਾ ਦਾ ਮੰਤਰੀ ਅਤੇ ਨਰੇਸ਼ ਭਾਰਦਵਾਜ ਨੂੰ ਸਿਹਤ ਸੇਵਾਵਾਂ ਵਿੱਚ ਪਾਰਲੀਮਾਨੀ ਸਹਾਇਕ ਬਣਾਇਆ ਗਿਆ। 31 ਸਾਲਾ ਮਨਮੀਤ ਭੁੱਲਰ ਅਸੈਂਬਲੀ ਅੰਦਰ ਸਭ ਤੋਂ ਛੋਟੀ ਉਮਰ ਦੇ ਵਿਧਾਇਕ ਹਨ। ਇਸ ਤੋਂ ਪਹਿਲਾਂ ਉਹ ਸਿੱਖਿਆ ਤੇ ਤਕਨਾਲੋਜੀ ਮਹਿਕਮੇ ਦੇ ਪਾਰਲੀਮਾਨੀ ਸਹਾਇਕ ਵੀ ਰਹਿ ਚੁੱਕੇ ਹਨ।

ਪੇਸ਼ੇ ਵਜੋਂ ਅਧਿਆਪਕ ਨਰੇਸ਼ ਭਾਰਦਵਾਜ ਪਹਿਲੀ ਵਾਰ 2008 ਵਿੱਚ ਵਿਧਾਇਕ ਬਣਨ ਤੋਂ ਪਹਿਲਾਂ ਵੀ ਵੱਖ-ਵੱਖ ਰਾਜਨੀਤਿਕ-ਸਮਾਜਿਕ ਅਹੁਦਿਆਂ ਤੇ ਕੰਮ ਕਰ ਚੁੱਕੇ ਹਨ। ਸੂਬੇ ਦੇ ਨਵੇਂ ਪ੍ਰੀਮੀਅਰ ਐਲੀਸਨ ਰੈਡਫੋਰਡ ਦੇ ਇਸ ਫੈਸਲੇ ਦਾ ਪੰਜਾਬੀ ਭਾਈਚਾਰੇ ਵੱਲੋਂ ਸਵਾਗਤ ਕੀਤਾ ਗਿਆ ਹੈ।

# ਅਗਲੀਆਂ ਪ੍ਰਾਂਤਕ ਚੋਣਾਂ ਵਿਚ ਲਿਬਰਲ ਪਾਰਟੀ ਦੀ ਅਗਵਾਈ ਨਹੀਂ ਕਰਨਗੇ ਜੌਨ ਗੇਰਾਰਡ



ਵਿਨੀਪੈਗ (ਨਦਬ) : ਲਿਬਰਲ ਪਾਰਟੀ ਦੇ ਆਗੂ ਜੌਨ ਗੇਰਾਰਡ ਨੇ ਅਪਣੇ ਉਸ ਭਾਸ਼ਣ ਦੀ ਪੁਸ਼ਟੀ ਕੀਤੀ ਹੈ ਕਿ ਉਹ ਅਗਲੀਆਂ ਪ੍ਰਾਂਤਕ ਚੋਣਾਂ ਵਿਚ ਪਾਰਟੀ ਦੀ ਅਗਵਾਈ ਨਹੀਂ ਕਰਨਗੇ। ਉਨਾਂ ਕਿਹਾ ਕਿ, "ਮੈਂ ਇਹ ਸਾਲ ਖ਼ਤਮ ਹੋਣ ਤੋਂ ਪਹਿਲਾਂ ਸਪਸ਼ਟ ਐਲਾਨ ਕਰ ਦੇਵਾਂਗਾ ਪਰ ਤੁਹਾਨੂੰ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਮੌਜੂਦਾ ਹਾਲਤ ਪੂਰਨ ਅਗਵਾਈ ਦੀ ਸਹਿਮਤੀ ਦੀ ਦਿਸ਼ਾ ਵੱਲ ਵੱਧ ਰਹੇ ਹਨ, ਸੰਭਵਤ ਤੌਰ 'ਤੇ 2013 ਵਿਚ ਪਰ ਮੈਂ ਇਸ ਦੌੜ ਵਿਚ ਸ਼ਾਮਲ ਨਹੀਂ।" ਲਿਬਰਲ ਆਗੂ ਨੇ ਅਪਣੀ ਰੀਵਰ ਹਾਈਟਸ ਸੀਟ 'ਤੇ ਜਿੱਤ ਹਾਸਲ ਕੀਤੀ ਸੀ ਪਰ ਉਹ ਅਪਣੀ ਪਾਰਟੀ ਦੇ ਇਕੋ ਇਕ ਉਮੀਦਵਾਰ ਸਨ ਜੋ ਇਸ ਮਹੀਨੇ ਦੇ ਸ਼ੁਰੂ ਵਿਚ ਹੋਈਆਂ ਚੋਣਾਂ ਦੌਰਾਨ ਜੇਤੂ ਰਹੇ। ਉਸ ਰਾਤ ਗੇਰਾਰਡ ਨੇ ਸੰਕੇਤ ਦਿਤੇ ਸਨ ਕਿ ਉਹ ਪਾਰਟੀ ਆਗੂ ਦੇ ਅਹੁੱਦੇ 'ਤੇ ਨਹੀਂ ਰਹਿਣਗੇ ਪਰ ਵਿਧਾਇਕ ਬਣੇ ਰਹਿਣਗੇ।

ਉਨਾਂ ਦਾ ਕਹਿਣਾ ਸੀ ਕਿ ਅਗਵਾਈ ਕਰਨ ਸਬੰਧੀ ਐਲਾਨ ਤੋਂ ਪਹਿਲਾਂ ਉਹ ਤਿੰਨ ਚੀਜ਼ਾਂ ਕਰਨਾ ਚਾਹੁੰਦੇ ਹਨ ਜਿਨਾਂ ਵਿਚ ਲਿਬਰਟ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਨਾ, ਪਾਰਟੀ ਦੇ ਵਲੰਟੀਅਰਾਂ ਵਲੋਂ ਚੋਣ ਮੁਹਿਮ ਵਿਚ ਪਾਏ ਯੋਗਦਾਨ ਦਾ ਧੰਨਵਾਦ ਕਰਨਾ ਅਤੇ ਅਪਣੇ ਜਾਣ ਤੋਂ ਪਹਿਲਾਂ ਪਾਰਟੀ ਨੂੰ ਪੱਕੇਪੈਰੀ ਕਰਨਾ ਸ਼ਾਮਲ ਹਨ।

ਉਧਰ ਟੋਰੀ ਆਗੂ ਹਿਊਜ ਮੈਕਫੀਡਨ ਜਿਨਾਂ ਨੇ ਐਲਾਨ ਕੀਤਾ ਸੀ ਕਿ ਆਹੁਦਾ ਛੱਡ ਦੇਣਗੇ, ਨੇ ਪਾਰਟੀ ਲੀਡਰਸ਼ਿਪ ਦੇ ਹਾਲਤ ਉਪਰ ਚਾਨਣਾ ਪਾਇਆ। ਉਨਾਂ ਕਿਹਾ ਕਿ ਸਾਡੀ ਪਾਰਟੀ ਨੇ ਬਿਹਤਰੀਨ ਮੁਕਾਬਲਾ ਕੀਤਾ ਅਤੇ ਚੰਗੇ ਆਗੂ ਆਉਣ ਨਾਲ ਸਾਨੂੰ ਤਬਦੀਲੀ ਦਾ ਮੌਕਾ ਮਿਲਿਆ।

# ਸਿਹਤ ਪ੍ਰਣਾਲੀ ਉਪਰ ਸਿਆਸੀ ਦਬਾਅ ਦੇ ਮਾਮਲੇ ਦੀ ਨਿਆਇਕ ਜਾਂਚ ਦੀ ਲੋੜ ਨਹੀਂ : ਰੈਡਫ਼ੋਰਡ



ਐਡਮਿੰਟਨ (ਨਦਬ) : ਪ੍ਰੀਮੀਅਰ ਐਲੀਸਨ ਰੈਡਫ਼ੋਰਡ ਜਿਨਾਂ ਨੇ ਚੋਣਾਂ ਦੌਰਾਨ ਸਿਹਤ ਪ੍ਰਣਾਲੀ ਵਿਚ ਸਿਆਸੀ ਦਬਾਅ ਸਬੰਧੀ ਦੋਸ਼ਾਂ ਦੀ ਨਿਆਇਕ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਸੀ ਤੋਂ ਕਦਮ ਪਿਛੇ ਖਿੱਚ ਲਏ ਅਤੇ ਕਿਹਾ ਕਿ ਇਸ ਸਮੱਸਿਆ ਨਾਲ ਹੋਰ ਤਰੀਕੇ ਨਾਲ ਨਜਿੱਠਿਆ ਜਾਵੇਗਾ। ਉਨਾਂ ਸੰਕੇਤ ਦਿਤੇ ਕਿ ਸਿਹਤ ਮਿਆਰ ਕੌਂਸਲ ਅਜਿਹੇ ਮਾਮਲਿਆਂ ਦੀ ਅਸਰਦਾਰ ਤਰੀਕੇ ਨਾਲ ਪੜਤਾਲ ਕਰਨ ਦੇ ਸਮਰਥ ਹੈ। ਵਿਧਾਨ ਸਭਾ ਵਿਚ ਉਨਾਂ ਆਖਿਆ "ਮੈਂ ਸਮਝਦੀ ਹਾਂ ਕਿ ਸਿਹਤ ਮਿਆਰ ਕੌਂਸਲ ਕੋਲ ਵੀ ਉਹ ਸਾਰੀਆਂ ਤਾਕਤਾਂ ਹਨ ਜੋ ਕਿਸੇ ਸੰਸਥਾ ਨੂੰ ਜਾਂਚ ਲਈ ਲੋੜੀਂਦੀਆਂ ਹਨ। ਡਾਕਟਰਾਂ ਦੇ ਮਾਮਲੇ ਦੀ ਸਿਹਤ ਕੌਂਸਲ ਪਹਿਲਾਂ ਹੀ ਜਾਂਚ ਕਰ ਰਹੀ ਹੈ ਪਰ ਵਿਰੋਧੀ ਪਾਰਟੀਆਂ ਨੇ ਦਲੀਲ ਦਿਤੀ ਕਿ ਕੌਂਸਲ ਦਾ ਢਾਂਚਾ ਕਾਫੀ ਕਮਜ਼ੋਰ ਹੈ ਅਤੇ ਸਰਕਾਰ ਨੂੰ ਤਸੱਲੀਬਖ਼ਸ਼ ਜਾਂਚ ਕਰਵਾਉਣੀ ਚਾਹੀਦੀ ਹੈ।

ਐਲਬਰਟਾ ਸਿਹਤ ਸੇਵਾਵਾਂ ਵਿਭਾਗ ਦੇ ਸਾਬਕਾ ਮੁਖੀ ਡਾਕਟਰ ਸਟੀਫਨ ਡਕਟ ਨੇ ਕਿਹਾ ਕਿ "ਮੈਂ ਸੂਬੇ ਦੇ ਸਾਬਕਾ ਖੇਤਰੀ ਅਧਿਕਾਰੀਆਂ ਨੂੰ ਦਸ ਦਿਤਾ ਸੀ ਕਿ ਸਿਆਸੀ ਪਹੁੰਚ ਵਾਲੇ ਲੋਕ ਸਿਹਤ ਸੰਭਾਲ ਦੇ ਖੇਤਰ ਵਿਚ ਉਡੀਕ ਸੂਚੀਆਂ ਨੂੰ ਦਰਕਿਨਾਰ ਕਰ ਰਹੇ ਹਨ।" ਰੈਡਫ਼ੋਰਡ ਨੇ ਸ਼ੁਰੂ ਵਿਚ ਦੋਸ਼ ਲੱਗਣ 'ਤੇ ਨਿਆਇਕ ਜਾਂਚ ਦੀ ਗੱਲ ਆਖੀ ਪਰ ਇਹ ਸਿਆਸੀ ਸ਼ੋਸ਼ਾ ਹੀ ਸਾਬਤ ਹੋਇਆ। ਜਿੱਤ ਦੇ ਬਾਵਜੂਦ ਉਹ ਨਿਆਇਕ ਜਾਂਚ ਦੇ ਪੱਖ ਵਿਚ ਨਹੀਂ। ਵਿੱਤ ਮੰਤਰੀ ਰੌਨ ਲਿਪਰਟ ਜੋ ਕਿ ਸਾਬਕਾ ਸਿਹਤ ਮੰਤਰੀ ਹਨ, ਨੇ ਪਹਿਲਾਂ ਹੀ ਆਖ ਦਿਤਾ ਸੀ ਕਿ ਉਹ ਨਿਆਇਕ ਜਾਂਚ ਦਾ ਵਿਰੋਧ ਕਰਨਗੇ।

# ਕੈਨੇਡੀਅਨ ਮੂਲ ਦੇ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਦਾ ਦਿਹਾਂਤ



ਸਟਾਕਹੋਮ (ਨਦਬ) : ਕੈਨੇਡੀਅਨ ਮੂਲ ਦੇ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਰਾਲਫ਼ ਸਟੀਨਮੈਨ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਪੈਂਕਰੀਆਜ਼ ਦੇ ਕੈਂਸਰ ਤੋਂ ਪੀੜਤ ਸਨ। ਉਨ੍ਹਾਂ ਨੂੰ ਮੈਡੀਕਲ ਖੇਤਰ ਦੇ ਨੋਬਲ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ ਪਰ ਉਹ ਇਸ ਐਲਾਨ ਤੋਂ ਤਿੰਨ ਦਿਨ ਪਹਿਲਾਂ ਹੀ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਰੌਕਫੈਲਰ ਯੂਨੀਵਰਸਿਟੀ ਵਲੋਂ ਜਾਰੀ ਕੀਤੇ ਬਿਆਨ ਮੁਤਾਬਕ ਸਟੀਨਮੈਨ (68) ਦਾ ਜਨਮ ਕਿਊਬੈਕ ਵਿਖੇ ਹੋਇਆ ਅਤੇ ਉਹ ਉਨ੍ਹਾਂ ਤਿੰਨ ਵਿਗਿਆਨੀਆਂ ਵਿਚੋਂ ਇਕ ਸਨ ਜਿਨਾਂ ਨੂੰ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ ਨਾਲ ਸਬੰਧਤ ਖੋਜਾਂ ਸਬੰਧੀ ਮੈਡੀਸਨ ਦਾ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ। ਨੋਬਲ ਪੁਰਸਕਾਰ ਤਹਿਤ 15 ਲੱਖ ਡਾਕਲਰ ਦੀ ਰਾਸ਼ੀ ਤਿੀ ਜਾਂਦੀ ਹੈ। ਸਟੀਨਮੈਨ ਤੋ. ਇਲਾਵਾ ਅਮਰੀਕਾ ਦੇ ਬਰੂਸ ਬਿਊਟਲਰ ਅਤੇ ਫਰਾਂਸ ਦੇ ਜੂਲਜ਼ ਹਾਫਮੈਨ ਨੂੰ ਚੁਣਿਆ ਗਿਆ ਸੀ। ਸਟੀਨਮੈਨ 1970 ਤੋਂ ਨਿਊਯਾਰਕ ਦੀ ਰਾਕਫ਼ੈਲਰ ਯੂਨੀਵਰਸਿਟੀ ਨਾਲ ਕੰਮ ਕਰ ਰਹੇ ਸਨ।






# ਇਓਂ ਕੀਤਾ ਗਿਆ ਭਾਅ ਜੀ ਗੁਰਸ਼ਰਨ ਸਿੰਘ ਨੂੰ ਕੈਲਗਰੀ 'ਚ ਯਾਦ

## ਅਰਪਨ ਲਿਖਾਰੀ ਸਭਾ ਵਲੋਂ ਹਰਜੀਤ ਦੌਧਰੀਆ ਦੀ ਕਿਤਾਬ ਰਿਲੀਜ਼

ਕੈਲਗਰੀ ( ਇਕਬਾਲ ਖ਼ਾਨ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਬੀਤੇ ਦਿਨੀਂ ਕੋਸੋ ਦੇ ਹਾਲ ਵਿਚ ਸਤਨਾਮ ਸਿੰਘ ਢਾਅ, ਡਾ. ਮਨਜੀਤ ਸਿੰਘ ਸੋਹਲ ਅਤੇ ਹਰਜੀਤ ਦੌਧਰੀਆ ਦੀ ਪ੍ਰਧਾਨਗੀ ਹੇਠ ਹੋਈ।ਇਹ ਮੀਟਿੰਗ ਭਾਜੀ ਗੁਰਸ਼ਰਨ ਸਿੰਘ ਨੂੰ ਸਮਰਪਤ ਸੀ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਕਿਰਤੀ ਲੋਕਾਂ ਦੀ ਤਕਦੀਰ ਬਦਲਣ ਤੇ ਸਮਾਜਕ ਬੇਇਨਸਾਫ਼ੀ ਖ਼ਿਲਾਫ਼ ਸੰਘਰਸ਼ ਕਰਦਿਆਂ ਗੁਜ਼ਾਰ ਦਿੱਤੀ। ਮੀਟਿੰਗ ਵਿੱਚ ਮੋਨ ਧਾਰ ਕੇ ਭਾਜੀ ਗੁਰਸ਼ਰਨ ਸਿੰਘ ਤੇ ਸਭਾ ਦੇ ਮੈਂਬਰ ਗੁਰਨਾਮ ਸਿੰਘ ਬਰਾੜ ਦੀ ਪਤਨੀ ਬੀਬੀ ਜਸਵੰਤ ਕੌਰ ਬਰਾੜ ਨੂੰ ਸ਼ਰਧਾਂਜਲੀ ਭੇਟ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਮਾ. ਬਚਿੱਤਰ ਸਿੰਘ ਨੇ ਭਾਜੀ ਦੇ ਸੁਪਨਿਆਂ ਬਾਰੇ ਇਕ ਕਵਿਤਾ ਅਤੇ ਪਾਰਸ ਦੀ ਰਚਨਾ 'ਜੱਗ ਜੰਗਸ਼ਨ ਰੇਲਾਂ ਦਾ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਗੁਰਚਰਨ ਕੌਰ ਥਿੰਦ ਨੇ ਆਖਿਆ ਕਿ ਭਾਜੀ ਗੁਰਸ਼ਰਨ ਸਿੰਘ ਨੂੰ ਸ਼ੈਕਸਪੀਅਰ ਵਾਲਾ ਮਾਣ ਦੇਣਾ ਚਾਹੀਦਾ ਹੈ, ਉਹ ਇਸ ਦੇ ਹੱਕਦਾਰ ਹਨ। ਹਰਨੇਕ ਸਿੰਘ ਬੱਧਨੀ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਕਿ ਇਕ ਵਾਰ ਭਾਜੀ ਨੂੰ ਕਿਸੇ ਨੇ ਕਿਹਾ, 'ਭਾਜੀ ਤੁਸੀਂ ਧਰਮ ਦੇ ਖ਼ਿਲਾਫ਼ ਬੋਲਦੇ ਹੋ ਬਚ ਕੇ ਰਿਹਾ ਕਰੋ।' ਭਾਜੀ ਨੇ ਹੱਸਦਿਆਂ ਆਖਿਆ, 'ਇਨ੍ਹਾਂ ਤਮਾਚੇ ਚਲਾਉਣੇ ਹੁਣ ਸਿੱਖੇ ਹਨ। ਅਸੀਂ ਉਦੋਂ ਦੇ ਜਾਣਦੇ ਹਾਂ ਜਦੋਂ ਇਹ ਜੰਮੇ ਵੀ ਨਹੀਂ ਸਨ।' ਸਤਪਾਲ ਕੌਰ ਬੱਲ, ਗੁਰਦਿਆਲ ਖਹਿਰਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।



ਹਰਜੀਤ ਦੌਧਰੀਆ ਦੀ ਨਵੀਂ ਕਿਤਾਬ 'ਹੇਠਲੀ ਉੱਤੇ' ਰਿਲੀਜ਼ ਕਰਦੇ ਹੋਏ ਅਰਪਨ ਲਿਖਾਰੀ ਸਭਾ ਦੇ ਮੈਂਬਰ।

ਸਰੀ, ਬੀ.ਸੀ. ਤੋਂ ਆਏ ਹਰਜੀਤ ਦੌਧਰੀਆ ਨੇ ਭਾਜੀ ਨਾਲ ਆਪਣੀ ਆਖ਼ਰੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਦਸਿਆ ਕਿ ਭਾਜੀ ਨੂੰ ਇਸ ਗੱਲ ਦਾ ਬਹੁਤ ਫ਼ਿਕਰ ਸੀ ਕਿ ਸਮਾਜਕ ਤਬਦੀਲੀ ਦੀ ਤੋਰ ਬਹੁਤ ਧੀਮੀ ਹੈ। ਦੌਧਰੀਆ ਨੇ ਆਪਣੀ ਨਵੀਂ ਕਿਤਾਬ 'ਹੇਠਲੀ ਉੱਤੇ' ਅਰਪਨ ਲਿਖਾਰੀ ਸਭਾ ਨੂੰ ਭੇਟ ਕੀਤੀ। ਭਜਨ ਸਿੰਘ ਗਿੱਲ ਤੇ ਡਾ. ਹਰਭਜਨ ਸਿੰਘ ਢਿੱਲੋਂ ਨੇ ਭਾਜੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਡਾ. ਮਨਜੀਤ ਸਿੰਘ ਸੋਹਲ, ਪੱਤਰਕਾਰ ਸਤਪਾਲ ਕੌਸ਼ਲ, ਜਸਵੰਤ ਸਿੰਘ ਸੇਖੋਂ, ਵੇਦ ਪ੍ਰਕਾਸ਼ ਕੰਵਰ, ਮਨਜੋਤ ਗਿੱਲ, ਰਾਜਿੰਦਰ ਸਿੰਘ ਹੁੰਦਲ, ਸੁਖਵਰਸ਼ ਕੰਵਰ ਤਨਹਾ, ਕੁਲਵੀਰ ਸਿੰਘ ਸ਼ੇਰਗਿੱਲ, ਹਰਮਿੰਦਰ ਕੌਰ ਢਿੱਲੋਂ ਨੇ ਵੀ ਭਾਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਹਰਜੀਤ ਕੌਰ ਅਰਪਨ, ਸਤਵਚਨ ਕੌਰ ਬਰਾੜ, ਬੀਬੀ ਕੰਵਲਦੀਪ ਕੌਰ, ਸੁਖਦੇਵ ਕੌਰ ਢਾਅ, ਮਹਿੰਦਰ ਕੌਰ ਕਾਲੀਰਾਏ, ਸੁਖਦੇਵ ਸਿੰਘ ਧਾਰੀਵਾਲ, ਰਣਜੀਤ ਸਿੰਘ ਆਹਲੂਵਾਲੀਆ,ਬਲਵੰਤ ਸਿੰਘ ਸਰਾਂ, ਤੇਜਾ ਸਿੰਘ ਥਿਆੜਾ, ਗੁਰਮੀਤ ਭੱਟੀ,ਦਿਲਾਵਰ ਸਿੰਘ ਸਮਰਾ, ਅਜੀਤ ਸਿੰਘ ਕਾਲੀਰਾਏ, ਸਰਬਜੀਤ ਸਿੰਘ ਸ਼ਾਹੀ, ਪ੍ਰਸ਼ੋਤਮ ਭਾਰਦੁਵਾਜ,ਬਖ਼ਤਾਵਰ ਸਿੰਘ ਬਰਾੜ, ਪਰਮਿੰਦਰ ਗਰੇਵਾਲ, ਹਰਦੀਪ ਕੰਗ, ਸ਼ੰਗਾਰਾ ਸਿੰਘ ਪਰਮਾਰ, 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਦੇ ਪ੍ਰਧਾਨ ਸੋਹਣ ਮਾਨ ਅਤੇ ਖ਼ਜ਼ਾਨਚੀ ਜੀਤਇੰਦਰਪਾਲ ਨੇ ਵੀ ਆਪਣੀ ਹਾਜ਼ਰੀ ਲਗਵਾਈ। ਅਖ਼ੀਰ ਵਿਚ ਸਤਨਾਮ ਸਿੰਘ ਢਾਅ ਨੇ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਭਾ ਦੀ ਅਗਲੀ ਮੀਟਿੰਗ 12 ਨੰਵਬਰ ਨੂੰ ਕੋਸੋ ਦੇ ਹਾਲ ਵਿਚ ਹੋਵੇਗੀ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦਾ ਦੂਜਾ ਸਾਲਾਨਾ ਨਾਟਕ ਮੇਲਾ



ਕੈਲਗਰੀ, (ਨਦਬ) : ਕਨੇਡਾ ਵਲੋਂ ਸੇਂਟ ਕਾਲਜ ਦੇ ਔਰਫੀਅਸ ਥੀਏਟਰ ਵਿਖੇ ਦੂਜਾ ਤਰਕਸ਼ੀਲ ਸਭਿਆਚਾਰਕ ਸਮਾਗਮ ਕਰਵਾਇਆ ਗਿਆ। ਐਸੋਸੀਏਸ਼ਨ ਦੇ ਸਕੱਤਰ ਭਜਨ ਗਿੱਲ ਨੇ ਪ੍ਰੋਗਰਾਮ ਦੀ ਜਾਣਕਾਰੀ ਦਿੰਦਿਆਂ ਦਸਿਆ ਕਿ ਉਨ੍ਹਾਂ ਦਾ ਮੁੱਖ ਮਕਸਦ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚੋਂ ਕੱਢ ਕੇ ਗਿਆਨ ਦੀ ਰੌਸ਼ਨੀ ਵੰਡਣਾ ਹੈ। ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਅ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜਕ ਬਰਾਬਰੀ ਵਾਲਾ ਸਮਾਜ ਸਿਰਜਣਾ ਹੈ। ਪੰਜਾਬੀ ਨਾਟਕ ਜਗਤ ਦੇ ਸਿਰਮੌਰ ਹਸਤਾਖ਼ਰ ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਦੇ ਲੇਖੇ ਜੀਵਨ ਲਾਉਣ ਵਾਲੇ ਉਸ ਮਹਾਨ ਨਾਇਕ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਗੁਰਤੇਜ ਝੋਰੜਾਂ ਦੇ ਇਨਕਲਾਬੀ ਗੀਤ ਨਾਲ ਹੋਈ। ਗੁਰਪ੍ਰੀਤ ਭਦੌੜ ਨੇ ਭਾਰਤ-ਪਾਕਿਸਤਾਨ ਵੰਡ ਦੇ ਦੁਖਾਂਤ ਦਾ ਬਾਖ਼ੂਬੀ ਵਰਨਣ ਕਰਦੀ ਕਵਿਤਾ ''ਪੰਜੋ ਰਫਿਊਜਣ'' ਪੜ੍ਹੀ ਤਾਂ ਦਰਸ਼ਕ ਭਾਵੁਕ ਹੋ ਗਏ। ਮਾਸਟਰ ਬਚਿੱਤਰ ਸਿੰਘ ਵੈਨਕੂਵਰ ਦੀ ਸੰਘਰਸ਼ ਮਈ ਗਾਥਾ ਨੂੰ ਯਾਦ ਕਰਦਿਆਂ 1967 ਦੇ ਭਾਰਤ ਵਿਚ ਚੱਲੇ ਕਿਸਾਨ ਅੰਦੋਲਨ ਵਿੱਚ ਲੰਮਾ ਸਮਾਂ ਦਰਿੜਤਾ ਨਾਲ ਸੰਘਰਸ਼ ਕਰਨ ਦੀ ਸ਼ਲਾਘਾ ਕੀਤੀ। ਸ੍ਰੀਮਤੀ ਪਰਮਿੰਦਰ ਸਵੈਚ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ ''ਚੋਣਾਂ ਆ ਗਈਆਂ'' ਸਫਲਤਾ ਪੂਰਵਕ ਖੇਡਿਆ ਗਿਆ। ਵਿਸ਼ੇਸ ਸਨਮਾਨ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਅਵਤਾਰ ਗਿੱਲ ਨੂੰ ਉਨ੍ਹਾਂ ਦੀਆਂ ਤਰਕਸ਼ੀਲ ਸੇਵਾਵਾਂ, ਮਨੁੱਖੀ ਹੱਕਾਂ ਲਈ ਸੰਘਰਸ਼ ਆਦਿ ਲਈ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸੋਹਣ ਮਾਨ, ਜੀਤਇੰਦਰਪਾਲ, ਕਮਲਪ੍ਰੀਤ ਪੰਧੇਰ, ਹਰਚਰਨ ਪਰਹਾਰ, ਪਾਲੀ ਵਿਰਕ, ਗੁਰਦੀਪ ਪਰਹਾਰ ਅਤੇ ਰਾਣੀ ਦੂਹਰਾ ਨੇ ਭੇਟ ਕੀਤਾ। ਅਵਤਾਰ ਗਿੱਲ ਨੇ ਤਰਕਸ਼ੀਲ ਸੋਸਾਇਟੀ ਵਲੋਂ ਜੋਤਸ਼ੀਆਂ, ਤਾਂਤਰਿਕਾਂ ਅਤੇ ਸ਼ਕਤੀਆਂ ਦੇ ਦਾਅਵੇਦਾਰਾਂ ਨੂੰ ਚੁਣੌਤੀ ਦਿੰਦਿਆਂ ਇੱਕ ਲੱਖ ਕੈਨੇਡੀਅਨ ਡਾਲਰ ਦਾ ਇਨਾਮ ਐਲਾਨਿਆ। ਉਨ੍ਹਾਂ ਕੁਝ ਦਿਨ ਪਹਿਲਾਂ ਕੈਲਗਰੀ ਵਿੱਚ ਸੋਨਾ ਅਤੇ ਡਾਲਰ ਦੁਗਣੇ ਕਰਨ ਵਾਲੀ ਠੱਗੀ ਦੀ ਘਟਨਾ ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਲੋਕਾਂ ਨੂੰ ਇਨ੍ਹਾਂ ਠੱਗਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਮੀਡੀਏ ਵਲੋਂ ਮਿਲੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ। ਮਾਸਟਰ ਬਚਿੱਤਰ ਗਿੱਲ ਨੇ ਆਪਣੀ ਰਚਨਾ ''ਬਚ ਜੋ ਜੇ ਬਚ ਸਕਦੇ ਇਨ੍ਹਾਂ ਠੱਗ ਲੁਟੇਰਿਆਂ ਤੋਂ'' ਸੁਣਾਈ।

''ਮਿੱਟੀ ਰੁਦਨ ਕਰੇ'' ਬਲਦੇਵ ਸਿੰਘ ਮੋਗਾ (ਸੜਕਨਾਮਾ) ਦੇ ਲਿਖੇ ਨਾਟਕ ਦੀ ਸਫਲ ਪੇਸ਼ਕਾਰੀ ਅਵਤਾਰ ਗਿੱਲ ਵੈਨਕੂਵਰ ਦੀ ਨਿਰਦੇਸ਼ਨਾ ਹੇਠ ਕੀਤੀ ਗਈ।ਪੰਜਾਬੀ ਦਾ ਇਹ ਮਸ਼ਹੂਰ ਨਾਟਕ ਨਸ਼ਿਆਂ ਖ਼ਿਲਾਫ ਕੈਲਗਰੀ ਨਿਵਾਸੀਆਂ 'ਤੇ ਡੂੰਘੀ ਛਾਪ ਛੱਡ ਗਿਆ। ਗੁਰਪ੍ਰੀਤ ਭਦੌੜ ਅਤੇ ਬਲਦੇਵ ਭਦੌੜ ਵਲੋਂ ਮੈਜਿਕ ਟਰਿਕਾਂ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਸੀ। ਐਸੋਸੀਏਸ਼ਨ ਵਲੋਂ ਵਿਸ਼ੇਸ਼ ਰੂਪ ਵਿੱਚ ਪੱਤਰਕਾਰ ਰਾਜੇਸ਼ ਅੰਗਰਾਲ, ਬਖ਼ਸ਼ੀਸ਼ ਗੋਸਲ, ਮਨਪ੍ਰੀਤ ਬਰਾੜ, ਡਾ. ਪਰਮਜੀਤ ਬਾਠ, ਗੁਰਚਰਨ ਕੌਰ ਥਿੰਦ, ਇਕਬਾਲ ਖਾਨ, ਰਣਜੀਤ ਸਿੱਧੂ, ਜਗਪ੍ਰੀਤ ਸ਼ੇਰਗਿੱਲ, ਡਾ. ਹਰਭਜਨ ਢਿੱਲੋਂ, ਕੁਮਾਰ ਸ਼ਰਮਾ, ਹਰਬੰਸ ਬੁੱਟਰ ਦਾ ਧੰਨਵਾਦ ਕੀਤਾ ਗਿਆ। ਪ੍ਰੋ ਗੋਪਾਲ (ਪਾਲ) ਸਿੰਘ ਜੱਸਲ, ਅਮਰ ਸਿੰਘ ਕਿੰਗਰਾ, ਕੇਸਰ ਸਿੰਘ ਨੀਰ, ਸਤਨਾਮ ਸਿੰਘ ਢਾਅ, ਦਰਸ਼ਨ ਸਿੰਘ ਗਗੜਾ, ਪਰਸ਼ੋਤਮ ਭਾਰਦਵਾਜ਼, ਗੁਰਬਚਨ ਬਰਾੜ, ਤਰਲੋਚਨ ਸੈਂਭੀ, ਬਲਜਿੰਦਰ ਸੰਘਾ, ਅਜੀਤ ਸਿੰਘ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਭੂਮਿਕਾ ਨਿਭਾਈ।

# ਮੇਰਾ ਘਰ ਮਿੱਟੀ ਕਾ ਥਾ ਮੇਰੇ ਹੀ ਘਰ ਬਾਰਿਸ਼ ਹੁਈ...

ਕੈਲਗਰੀ (ਜੱਸ ਚਾਹਲ): ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਦੇ ਹਾਲ ਵਿਚ ਫੋਰਮ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਅਤੇ ਮੀਤ ਪ੍ਰਧਾਨ ਸਲਾਹੁਦੀਨ ਸਬਾ ਸ਼ੇਖ਼ ਦੀ ਪ੍ਰਧਾਨਗੀ ਹੇਠ ਹੋਈ।ਫੋਰਮ ਦੇ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ ਜੋ ਕਿ ਸਭ ਵਲੋਂ ਪ੍ਰਵਾਨ ਕੀਤੀ ਗਈ।

ਸ੍ਰੀ ਸੰਧੂ ਨੇ ਪੰਜਾਬੀ ਰੰਗਮੰਚ ਦੇ ਬਾਬਾ ਬੋਹੜ, ਗੁਰਸ਼ਰਨ ਸਿੰਘ 'ਭਾਜੀ' ਹੋਰਾਂ ਦੇ ਦੇਹਾਂਤ ਦੀ ਦੁਖਦਾਈ ਖ਼ਬਰ ਸਾਂਝੀ ਕੀਤੀ ਅਤੇ ਅਤੇ ਉਨ੍ਹਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਤੀ। ਸਭਾ ਵਲੋਂ ਇਕ ਮਿੰਟ ਦਾ ਮੋਨ ਰੱਖਕੇ ਇਸ ਮਹਾਨ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ।

ਪਹਿਲੇ ਬੁਲਾਰੇ ਸਲਾਹੁਦੀਨ ਸਬਾ ਸ਼ੇਖ਼ ਨੇ ਉਰਦੂ ਦੀਆਂ ਦੋ ਖ਼ੂਬਸੂਰਤ ਨਜ਼ਮਾਂ ਸਾਂਝੀਆਂ ਕੀਤੀਆਂ -

'ਜਿਧਰ ਭੀ ਦੇਖੋ ਹਰ ਤਰਫ਼ ਮਸਲੇ ਹੁਏ ਫੂਲ ਮਿਲਤੇ ਹੈਂ<br>
ਦਿਲ ਬੇਚੈਨ ਔਰ ਚੇਹਰੇ ਗ਼ਮੋਂ ਕੀ ਧੂਲ ਮਿਲਤੇ ਹੈਂ'<br>
'ਵੋ ਇਤਨੇ ਮੁਤਬੱਸੁਮ ਹੈਂ ਨਜ਼ਰੇਂ ਚੁਰਾਊਂ ਕੈਸੇ<br>
ਖਿਲਤੇ ਗੁਲਾਬ ਸੇ ਨਜ਼ਰੇਂ ਹਟਾਊਂ ਕੈਸੇ'

ਮੋਹਨ ਸਿੰਘ ਮਿਨਹਾਸ ਨੇ ਬਹਾਦੁਰ ਸ਼ਾਹ ਜ਼ਫ਼ਰ ਦੇ ਕੁਝ ਸ਼ੇਅਰ ਸੁਣਾਕੇ ਆਪਣੀ ਹਾਜ਼ਰੀ ਲਗਵਾਈ।

ਜਸਵੰਤ ਸਿੰਘ ਸੇਖੋਂ ਨੇ ਖਣਕਦਾਰ ਆਵਾਜ਼ 'ਚ ਆਪਣੀ ਰਚਨਾ ਸੁਣਾਈ -

'ਸਮਝਾਇਆ ਸੀ ਨਾਲ ਜ਼ਬਾਂ ਦੇ, ਅਸੀਂ ਵੀ ਪ੍ਰਾਣੀ ਹਾਂ<br>
ਅਣਖ ਬਚਾਉਣ ਵਾਸਤੇ, ਦਿੰਦੇ ਕੁਰਬਾਨੀ ਹਾਂ

ਜਸਵੀਰ ਸਿੰਘ ਸਿਹੋਤਾ ਹੋਰਾਂ ਕੁਝ ਫਿਲਾਸਫ਼ੀ ਭਰੀ ਰਚਨਾ ਸਾਂਝੀ ਕੀਤੀ -

'ਮਾਇਆ ਵਿਚ ਨੇ, ਲੱਖੀਂ ਲੇਖੇ<br>
ਇਨਸਾਨੀਅਤ ਪਖੋਂ ਕੱਚੇ ਵੇਖੇ

ਬੀਬੀ ਨਿਰਮਲ-ਮਨਜੀਤ ਨੇ ਆਪਣੀ ਕਵਿਤਾ 'ਪਥੱਰੋਂ ਕੇ ਸ਼ਹਿਰ ਮੇਂ' ਸੁਣਾਕੇ ਮਾਹੌਲ ਭਾਰਾ-ਭਾਰਾ ਕਰ ਦਿੱਤਾ -






'ਪੱਥਰੋਂ ਕੇ ਸ਼ਹਿਰ ਮੇਂ ਕਬਰੇਂ ਹੀ ਕਬਰੇਂ ਹੈਂ<br>
ਕੋਈ ਲਾਸ਼ ਯਹਾਂ ਹੈ ਕੋਈ ਲਾਸ਼ ਵਹਾਂ ਹੈ

ਭਾਰਤ ਦੇ ਮਸ਼ਹੂਰ ਮੈਰਾਥਨ ਦੌੜਾਕ ਰਹੇ ਬੀਜਾ ਰਾਮ ਹੋਰਾਂ ਆਪਣੀ ਸੁਰੀਲੀ ਅਵਾਜ਼ ਵਿੱਚ ਗ਼ਜ਼ਲ ਗਾਕੇ ਸਮਾਂ ਬੰਨ੍ਹ ਦਿੱਤਾ

'ਇਸ਼ਕ ਤੇਰੇ ਨੂੰ ਭੁਲ ਜਾਵਾਂ ਤਾਂ ਕਿੰਨਾ ਚੰਗਾ ਹੈ

ਸੁਰਜੀਤ ਸਿੰਘ ਸੀਤਲ 'ਪੰਨੂੰ' ਹੋਰਾਂ ਕੁਝ ਖ਼ੂਬਸੂਰਤ ਰੁਬਾਈਆਂ ਅਤੇ ਇਕ ਗ਼ਜ਼ਲ ਸੁਣਾ ਸਭ ਨੂੰ ਖ਼ੁਸ਼ ਕਰ ਦਿੱਤਾ -

'ਆਸ਼ਕ ਸੇ ਵੋਹ ਸ਼ੋਹਰ ਬਨ ਗਿਆ<br>
ਖ਼ੁਸ਼ ਥਾ ਕਿ ਅਬ ਟੋਹਰ ਬਨ ਗਿਆ

ਪ੍ਰਭਦੇਵ ਸਿੰਘ ਗਿੱਲ ਨੇ 'ਕਾਹਦੀ ਤੇਰੀ ਯਾਰੀ ਯਾਰ ਕਾਹਦੀ ਤੇਰੀ ਯਾਰੀ' ਕਵਿਤਾ ਸੁਣਾਕੇ ਆਪਣੀ ਹਾਜ਼ਰੀ ਲਵਾਈ।

ਸ਼ਮਸ਼ੇਰ ਸਿੰਘ ਸੰਧੂ ਹੋਰਾਂ ਆਪਣੀਆਂ ਦੋ ਪਿਆਰੀਆਂ ਗ਼ਜ਼ਲਾਂ ਸਾਂਝੀਆਂ ਕੀਤੀਆਂ -

ਪੰਛੀ ਦੇ ਵਾਂਗ ਉਡਦਾ ਤੇ ਤੈਰਦਾ ਹੀ ਜਾਵੇ<br>
ਤੇਰਾ ਖ਼ਿਆਲ ਆਵੇ ਤਕਦੀਰ ਮੁਸਕਰਾਵੇ।<br>
'ਯਾਦ ਤੇਰੀ ਮੈਂ ਕਰਦਾ ਕਰਦਾ ਬੈਠ ਗਿਆਂ ਮੁੜ ਅੱਕ ਦੀ ਛਾਂਵੇ

ਕੁਮਾਰ ਸ਼ਰਮਾ ਦੋ ਖ਼ੂਬਸੂਰਤ ਕਵਿਤਾਵਾਂ, ਇਕ ਪੰਜਾਬੀ ਤੇ ਇਕ ਹਿੰਦੀ, ਲਿਆਕੇ ਬੁਲਾਰਿਆਂ ਵਿੱਚ ਸ਼ਾਮਿਲ ਹੋ ਗਏ -

'ਪਏ ਵਲਾਂ ਚ ਵਲ ਤੇ ਵਲ,<br>
'ਬਾਦਲੋਂ ਕੇ ਦਰਮਿਆਂ ਏਕ ਐਸੀ ਸਾਜ਼ਿਸ਼ ਹੁਈ<br>
ਮੇਰਾ ਘਰ ਮਿੱਟੀ ਕਾ ਥਾ ਮੇਰੇ ਹੀ ਘਰ ਬਾਰਿਸ਼ ਹੁਈ।

ਜਾਵੇਦ ਨਿਜ਼ਾਮੀ ਨੇ ਉਰਦੂ ਦੀਆਂ ਦੋ ਖ਼ੂਬਸੂਰਤ ਗ਼ਜ਼ਲਾਂ ਸਣਾਈਆਂ।

ਸਲਵਟੇਂ ਹੈ ਮੇਰੇ ਚਿਹਰੇ ਪੇ ਤੋ ਹੈਰਤ ਕਿਓਂ ਹੈ, ਜ਼ਿੰਦਗੀ ਨੇ ਮੁਝੇ ਕੁਛ ਤੁਮ ਸੇ ਜ਼ਿਆਦਾ ਪਹਿਨਾ ਹੈ। ਜਤਿੰਦਰ ਸਿੰਘ ਨੇ ਆਪਣੀ ਇਕ ਪਿਆਰੀ ਜੇਹੀ ਕਵਿਤਾ ਨਾਲ ਪਹਿਲੀ ਵਾਰ ਸਭਾ ਵਿੱਚ ਸ਼ਿਰਕਤ ਕੀਤੀ ਅਤੇ ਅਜਾਇਬ ਸਿੰਘ ਸੇਖੋਂ ਹੋਰਾਂ ਆਪਣੀਆਂ ਦੋ ਕਵਿਤਾਵਾਂ ਸਾਂਝੀਆਂ ਕੀਤੀਆਂ।

# ਝੂਠੇ ਵਿਆਹ ਰੋਕਣ ਲਈ ਕੈਨੇਡਾ ਕਰੇਗਾ ਸਖ਼ਤੀ



ਟਰਾਂਟੋ, (ਨਦਬ) : ਕੈਨੇਡਾ ਸਰਕਾਰ ਧੋਖੇ ਦੇ ਵਿਆਹਾਂ ਨੂੰ ਨੱਥ ਪਾਉਣ ਲਈ ਕੈਨੇਡਾ ਵਿਚ ਪੱਕੇ ਹੋਣ ਲਈ ਕੁਝ 'ਸ਼ਰਤਾਂ' ਲਾਗੂ ਕਰਨ ਦੀ ਤਿਆਰੀ ਵਿਚ ਹੈ। ਇਸ ਨਵੀਂ ਕੈਟੇਗਰੀ ਤਹਿਤ ਸਰਕਾਰ ਨੂੰ ਸਿਰਫ ਕੈਨੇਡਾ ਪਹੁੰਚਣ ਦੇ ਮਕਸਦ ਨਾਲ ਹੀ ਆਏ ਵਿਆਂਹਦੜਾਂ ਨੂੰ ਡਿਪੋਰਟ ਕਰਨਾ ਸੌਖਾ ਹੋ ਜਾਵੇਗਾ।

ਸੂਤਰਾਂ ਮੁਤਾਬਕ ਇਹ ਨਵੇਂ ਨਿਯਮ ਇਸੇ ਸਾਲ ਦੇ ਅੰਤ ਤੱਕ ਲਾਗੂ ਹੋਣ ਦੀ ਸੰਭਾਵਨਾ ਹੈ। ਕੈਨੇਡੀਅਨਜ਼ ਅਗੇਂਸਟ ਇਮੀਗ੍ਰੇਸ਼ਨ ਫਰਾਡ ਦੇ ਸੈਮ ਬੈਨਟ ਮੁਤਾਬਕ ਇਸ ਕਾਨੂੰਨ ਤਹਿਤ ਕਿਸੇ ਵੀ ਵਿਆਹੇ ਮੁੰਡੇ-ਕੁੜੀ ਨੂੰ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ.) ਲੈਣ ਲਈ ਦੋ ਸਾਲ ਇਕੱਠੇ ਰਹਿੰਦੇ ਹੋਣ ਬਾਰੇ ਸਾਬਤ ਕਰਨਾ ਪਵੇਗਾ। ਅਜਿਹੇ ਕਾਨੂੰਨ ਅਮਰੀਕਾ ਅਤੇ ਆਸਟ੍ਰੇਲੀਆ 'ਚ ਪਹਿਲਾਂ ਹੀ ਲਾਗੂ ਹਨ।

ਮੁਲਕ ਦੇ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਨੇ ਬੀਤੇ ਦਿਨੀਂ ਇਸ ਪਲਾਨ ਦਾ ਖੁਲਾਸਾ ਕਰਦਿਆਂ ਕਿਹਾ ਕਿ ਭਾਰਤ ਅਤੇ ਚੀਨ ਵਿਚ ਇਹ ਫਰਾਡ ਬਹੁਤ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਇਨ੍ਹਾਂ ਝੂਠੇ ਵਿਆਹਾਂ ਦੀਆਂ 'ਚੋਰ ਮੋਰੀਆਂ' ਬੰਦ ਕਰਨ ਲਈ ਸਰਕਾਰ ਅਜਿਹੇ ਵਿਆਂਹਦੜਾਂ ਨੂੰ 'ਪੰਜ ਸਾਲ' ਲਈ ਕਿਸੇ ਹੋਰ ਸਪਾਊਸ ਨੂੰ ਸਪਾਂਸਰ ਕਰਨ ਤੋਂ ਰੋਕ ਦੇਵੇਗੀ। ਇਸ ਨਾਲ ਉਨ੍ਹਾਂ ਲੋਕਾਂ ਨੂੰ ਕੰਨ ਹੋ ਜਾਣ ਦੀ ਸੰਭਾਵਨਾ ਹੈ ਜੋ 'ਵਿਆਹ' ਨੂੰ ਸਿਰਫ 'ਕਨੇਡਾ ਦੀ ਪੌੜੀ' ਸਮਝਦੇ ਹਨ। ਕਨੇਡੀਅਨ ਅੰਬੈਸੀ ਨੂੰ ਸ਼ਗਨ ਅਤੇ ਪਾਰਟੀਆਂ ਦੀਆਂ ਬਨਾਉਟੀ ਤਸਵੀਰਾਂ ਅਤੇ ਦਸਤਾਵੇਜ਼ ਮਿਲਦੇ ਰਹੇ ਜਿਸ ਕਰਕੇ ਉਹ ਵੱਡੀਆਂ ਫੋਟੋਆਂ ਮੰਗਾਉਣ ਲੱਗ ਪਈ, ਲੋੜ ਵੇਲੇ ਅਧਿਕਾਰੀ ਖੁਦ ਜਾ ਕੇ ਵਿਆਹ ਦੀ ਪੁਸ਼ਟੀ ਵੀ ਕਰਨ ਲੱਗ ਪਏ ਸਨ। ਜੇਸਨ ਕੈਨੀ ਮੁਤਾਬਕ ਹੁਣ ਇਹ 'ਬਿੱਲੀ-ਚੂਹੇ' ਦੀ ਖੇਡ ਖਤਮ ਕਰਨ ਦਾ ਵੇਲਾ ਆ ਗਿਆ ਹੈ।

### ਮਾਮਲਾ 1984 ਦੇ ਸਿੱਖ ਕਤਲੇਆਮ ਦਾ

# ਅਮਿਤਾਬ ਬੱਚਨ ਵਿਰੁੱਧ ਆਸਟ੍ਰੇਲੀਆ 'ਚ ਕੇਸ ਦਰਜ



ਮੈਲਬਰਨ, (ਨਦਬ) : ਬਾਲੀਵੁੱਡ ਦੇ ਸੁਪਰ ਸਟਾਰ ਅਮਿਤਾਬ ਬੱਚਨ ਵਿਰੁੱਧ 1984 ਦੇ ਸਿੱਖ ਕਤਲੇਆਮ ਨੂੰ ਭੜਕਾਉਣ ਦੇ ਦੋਸ਼ ਤਹਿਤ ਆਸਟ੍ਰੇਲੀਆ 'ਚ ਫੌਜਦਾਰੀ ਮਾਮਲਾ ਦਰਜ ਕਰਵਾਇਆ ਗਿਆ ਹੈ। ਅਮਰੀਕਾ ਦੇ ਸਿੱਖ ਫਾਰ ਜਸਟਿਸ ਨਾਮੀ ਸੰਸਥਾ ਵਲੋਂ ਅਮਿਤਾਬ ਵਿਰੁੱਧ ਇੱਕ ਸ਼ਿਕਾਇਤ ਆਸਟ੍ਰੇਲੀਆ ਦੇ ਕਾਮਨਵੈਲਥ ਪਬਲਿਕ ਪ੍ਰੋਸੀਕਿਊਸ਼ਨ ਦੇ ਡਾਇਰੈਕਟਰ ਕ੍ਰਿਸਟਾਫ਼ਰ ਕ੍ਰੇਗੀ ਦੇ ਦਫਤਰ 'ਚ ਦਰਜ ਕਰਵਾਈ ਹੈ। ਇਥੇ ਵਰਣਨਯੋਗ ਹੈ ਕਿ ਇਹ ਸ਼ਿਕਾਇਤ ਆਸਟ੍ਰੇਲੀਆ ਦੇ ਕਰਿਮੀਨਲ ਕੋਡ ਐਕਟ 1995 ਅਧੀਨ ਦਰਜ ਹੋਈ ਹੈ, ਜਿਸ ਕਾਨੂੰਨ ਅਨੁਸਾਰ ਆਸਟ੍ਰੇਲੀਆ ਦੀਆਂ ਅਦਾਲਤਾਂ 'ਚ ਅਜਿਹੇ ਕਿਸੇ ਮਾਮਲੇ ਨੂੰ ਲੈ ਕੇ ਕੇਸ ਚੱਲ ਸਕਦਾ ਹੈ, ਜਿਸ 'ਚ ਮਾਨਵਤਾ ਵਿਰੁੱਧ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਅਪਰਾਧ ਹੋਇਆ ਹੋਵੇ। ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਹੈ ਕਿ ਅਮਿਤਾਬ ਬੱਚਨ, ਜਿਹੜੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਦੇ ਨੇੜਲੇ ਮਿੱਤਰਾਂ 'ਚੋ ਸਨ ਅਤੇ ਇੰਦਰਾ ਗਾਂਧੀ ਨੂੰ ਆਪਣੀ ਮਾਂ ਵਾਂਗੂ ਮੰਨਦੇ ਸਨ, ਵਲੋਂ ਟਿੱਪਣੀ ਕਰਕੇ, ਸਿੱਖ ਵਿਰੋਧੀ ਦੰਗਿਆਂ ਨੂੰ ਹਵਾ ਦਿੱਤੀ ਗਈ ਸੀ। ਅਮਿਤਾਬ ਬੱਚਨ ਇਸ ਸਮੇਂ ਆਸਟ੍ਰੇਲੀਆ 'ਚ ਹੀ ਹਾਲੀਵੁੱਡ ਦੀ ਫਿਲਮ ਦੀ ਸ਼ੂਟਿੰਗ ਲਈ ਗਏ ਹੋਏ ਸਨ ਅਤੇ ਕਵੀਨਜ਼ ਲੈਂਡ ਦੀ ਯੂਨੀਵਰਸਿਟੀ ਵਲੋਂ ਆਰਜ਼ੀ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ ਹੈ। ਇਥੇ ਵਰਣਨਯੋਗ ਹੈ ਕਿ ਇਸੇ ਤਰ੍ਹਾਂ ਦਾ ਹੀ ਇੱਕ ਕੇਸ ਭਾਰਤ ਦੇ ਕੇਂਦਰੀ ਮੰਤਰੀ ਕਮਲ ਨਾਥ ਵਿਰੁੱਧ ਵੀ ਇਸੇ ਸਿੱਖ ਸੰਸਥਾ ਵੱਲੋਂ ਦਰਜ ਕਰਵਾਇਆ ਹੋਇਆ ਹੈ।

# ਵਜ਼ਨੀ ਹੋਣ ਦੇ ਬਾਵਜੂਦ ਤੇਜ਼ ਰਫ਼ਤਾਰ ਦੌੜ ਸਕਦਾ ਸੀ ਕਾਰਨੋਟੌਰਸ ਡਾਇਨਾਸੌਰ

## ਯੂਨੀਵਰਸਿਟੀ ਆਫ਼ ਅਲਬਰਟਾ ਦੇ ਵਿਦਿਆਰਥੀ ਨੇ ਕੀਤੀ ਅਹਿਮ ਖ਼ੋਜ



ਐਡਮਿੰਟਨ : ਟੈਲੀਵਿਜ਼ਨ ਦੇ ਪ੍ਰਸਾਰਤ ਹੁੰਦੇ ਵਿਗਿਆਨਕ- ਮਿਥਿਹਾਸਕ ਪ੍ਰੋਗਰਾਮ ਟੈਰਾ ਨੋਵਾ ਵਿਚ 'ਕਾਰਨੋਟੌਰਸ' ਨੂੰ ਧਰਤੀ ਦਾ ਸਭ ਤੋਂ ਜ਼ਾਲਮ ਪਰ ਤੇਜ਼ ਤਰਾਰ ਡਾਇਨਾਸੌਰ ਦਿਖਾਏ ਜਾਣ ਦੀ ਪੁਸ਼ਟੀ ਹੋ ਗਈ ਹੈ। ਯੂਨੀਵਰਸਿਟੀ ਆਫ ਅਲਬਰਟਾ ਦੀ ਤਾਜ਼ਾ ਖੋਜ ਵਿਚ ਕਿਹਾ ਗਿਆ ਹੈ ਕਿ ਇਹ ਡਾਇਨਾਸੌਰ ਰਫ਼ਤਾਰ ਦੀ ਮਿਸਾਲ ਸੀ। ਯੂਨੀਵਰਸਿਟੀ ਦੇ ਜੀਵ ਵਿਗਿਆਨ ਦੇ ਪੀ.ਐਚ.ਡੀ. ਦੇ ਵਿਦਿਆਰਥੀ ਸਕੌਟ ਪਰਸਨਜ਼ ਮੁਤਾਬਕ, ''ਤੁਸੀਂ ਇਸ ਤੋਂ ਤੇਜ਼ ਦੌੜਦਾ ਕੋਈ ਜਾਨਵਰ ਨਹੀਂ ਲੱਭ ਸਕੋਂਗੇ।'' ਸਕੌਟ ਪਰਸਨਜ਼ ਨੇ ਕਿਸੇ ਸਮੇਂ ਦੱਖਣੀ ਅਮਰੀਕਾ ਵਿਚ ਪਾਏ ਜਾਂਦੇ ਇਸ ਡਾਇਨਾਸੌਰ ਬਾਰੇ ਡੂੰਘਾਈ ਨਾਲ ਖੋਜ ਕੀਤੀ ਜਿਸ ਦੇ ਅਧਾਰ 'ਤੇ ਦਾਅਵਾ ਕੀਤਾ ਗਿਆ ਕਿ ਇਹ ਸਰੀਰਕ ਅਕਾਰ ਦੇ ਹਿਸਾਬ ਨਾਲ ਸੱਭ ਤੋਂ ਵੱਧ ਵਜ਼ਨ ਵਾਲਾ ਡਾਇਨਾਸੌਰ ਹੋਵੇਗਾ। ਇਸ ਦੇ ਬਾਵਜੂਦ ਇਹ ਕਾਫੀ ਤੇਜ਼ ਦੌੜ ਸਕਦਾ ਸੀ।

ਪਰਸਨਜ਼ ਨੇ ਦਸਿਆ ਕਿ ਕਾਰਨੋਟੌਰਸ ਦਾ ਅਕਾਰ ਬਹੁਤ ਵੱਡਾ ਸੀ। ਸਕੌਟ ਨੇ ਆਧੁਨਿਕ ਯੁੱਗ ਦੀਆਂ ਛਿਪਕਲੀਆਂ ਅਤੇ ਮਗਰਮੱਛਾਂ ਦੀਆਂ ਪੂੰਛਾਂ ਨੂੰ ਅਧਾਰ ਬਣਾ ਕੇ ਅਪਣਾ ਅਧਿਐਨ ਸ਼ੁਰੂ ਕੀਤਾ ਸੀ ਜਿਸ ਦੇ ਅਧਾਰ ਦੇ ਪਤਾ ਲਗਿਆ ਕਿ ਜਦੋਂ ਪੂੰਛ ਵਿਚ ਮੌਜੂਦ ਮਾਸਪੇਸ਼ੀਆਂ ਪਿਛਲੀਆਂ ਲੱਤਾਂ ਨੂੰ ਗਤੀ ਪ੍ਰਦਾਨ ਕਰਦੀਆਂ ਹਨ ਤਾਂ ਇਕ ਮਗਰਮੱਛ ਜਾਂ ਛਿਪਕਲੀ ਜਾਂ ਕਿਸੇ ਲੋਕੋਮੋਟਿਵ ਇੰਜਣ ਵਾਂਗ ਮੂਹਰਲੀ ਦਿਸ਼ਾ ਵਿਚ ਦੌੜ ਲਗਦੀ ਹੈ । ਇਸੇ ਤਰਖ਼ਾਂ ਡਾਇਨਾਸੌਰਾਂ ਦੀ ਪੂੰਛ ਕੰਮ ਕਰਦੀ ਹੋਵੇਗੀ। ਸਕੌਟ ਪਰਸਨਜ਼ ਨੇ ਡਾਇਨਾਸੌਰਾਂ ਦੇ ਪਥਰਾਟਾਂ ਦਾ ਅਧਿਐਨ ਕਰਨ ਪਿਛੋਂ ਕੰਪਿਊਟਰ ਰਾਹੀਂ ਉਨ੍ਹਾਂ ਦੇ ਡਿਜ਼ੀਟਲ ਮਾਡਲ ਤਿਆਰ ਕੀਤੇ ਅਤੇ ਇਸੇ ਅਧਾਰ 'ਤੇ ਉਨ੍ਹਾਂ ਦੇ ਅਕਾਰ ਤੇ ਰਫ਼ਤਾਰ ਦਾ ਅੰਦਾਜ਼ਾ ਲਗਾਉਣ ਵਿਚ ਮਦਦ ਮਿਲੀ। ਸਕੌਟ ਦੇ ਅੰਦਾਜ਼ੇ ਮੁਤਾਬਕ ਕਾਰਨੋਟੌਰਸ ਡਾਇਨਾਸੌਰ ਦੀ ਇਕੱਲੀ ਪੂਛ ਦਾ ਵਜ਼ਨ 223 ਕਿਲੋਗ੍ਰਾਮ ਹੁੰਦਾ ਹੋਵੇਗਾ ਜੋ ਉਸ ਦੇ ਸਰੀਰ ਦਾ 15 ਫੀ ਸਦੀ ਹੋਣਾ ਸੰਭਵ ਹੈ। ਇਹ ਮਾਸਾਹਾਰੀ ਡਾਇਨਾਸੌਰ ਮੈਡਾਗਸਕਰ ਅਤੇ ਭਾਰਤ ਵਿਚ ਪਾਏ ਜਾਂਦੇ ਡਾਇਨਾਸੌਰਾਂ ਦੇ ਨਜ਼ਦੀਕੀ ਸਨ। ਉਹ ਪੰਜਾਹ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜ ਸਕਦੇ ਸਨ।

## ਸਦਮੇ

ਭੋਲਾ ਸਿੰਘ ਚੋਹਾਨ ਅਤੇ ਹਰਭਜਨ ਕੌਰ ਚੌਹਾਨ ਦੀ ਇਕਲੌਤੀ ਪੁੱਤਰੀ ਜੁਗਾਦ ਕੌਰ ਚੌਹਾਨ ਬੀਤੀ 16 ਅਕਤੂਬਰ 2011 ਨੂੰ ਛੋਟੀ ਜਿਹੀ ਆਯੂ ਭੋਗ ਕੇ ਸਾਨੂੰ ਸਦੀਵੀ ਵਿਛੋੜਾ ਦੇ ਗਈ ਹੈ। ਅਦਾਰਾ 'ਨਵੀਂ ਦੁਨੀਆ' ਚੌਹਾਨ ਪ੍ਰੀਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਭੋਲਾ ਸਿੰਘ ਚੌਹਾਨ ਨਾਲ- 403 708 2901 ਤੇ ਸੰਪਰਕ ਕਰ ਸਕਦੇ ਹੋ।



ਗੁਰਬਖਸ ਸਿੰਘ

ਐਡਮਿੰਟਨ ਤੋਂ ਛਪਦੇ ਅਖ਼ਬਾਰ 'ਦੇਸ਼ ਵਿਦੇਸ਼ ਟਾਈਮਜ਼' ਦੇ ਮੁੱਖ ਸੰਪਾਦਕ ਇੰਦਰਜੀਤ ਸਿੰਘ ਮੁਲਾਂਪੁਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ: ਗੁਰਬਖਸ ਸਿੰਘ ਪਿਛਲੇ ਦਿਨੀਂ ਮੁਲਾਂਪੁਰ ਭਾਰਤ ਵਿੱਚ ਅਚਾਨਕ ਅਕਾਲ ਚਲਾਣਾ ਕਰ ਗਏ। ਅਦਾਰਾ 'ਨਵੀਂ ਦੁਨੀਆ' ਇਸ ਦੁੱਖ ਦੀ ਘੜੀ ਵਿੱਚ ਮੁਲਾਂਪੁਰ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਾ ਹੈ।

ਨਰਿੰਦਰ ਸਿੰਘ ਜੌਹਲ ਦੇ ਸਪੁੱਤਰ ਰਣਬੀਰ ਸਿੰਘ (29 ਸਾਲ) ਬੀਤੀ 18 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ। ਅਦਾਰਾ 'ਨਵੀਂ ਦੁਨੀਆ' ਰਣਬੀਰ ਜੌਹਲ ਦੇ ਅਚਾਨਕ ਵਿਛੋੜੇ 'ਤੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕਰਦਾ ਹੈ। ਜੌਹਲ ਦੇ ਦੁੱਖ ਵਿਚ ਸ਼ਰੀਕ ਹੋਣ ਲਈ 780-446-9971 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਕ ਚੌਥਾਈ ਕਨੇਡੀਅਨ ਬੱਚੇ ਪੜ੍ਹਨ-ਲਿਖਣ 'ਚ ਫਾਡੀ



ਓਟਾਵਾ, (ਨਦਬ) : ਕਨੇਡੀਅਨ ਸਿੱਖਿਆ ਪ੍ਰਣਾਲੀ ਵਿਚ ਆਏ ਨਿਘਾਰ ਨੂੰ ਲੀਹਾਂ 'ਤੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧ ਵਿਚ ਜਾਰੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਨੇਡੀਅਨ ਸਿੱਖਿਆ ਪ੍ਰਣਾਲੀ ਵਿਚ ਆਏ ਨਿਘਾਰ ਨੂੰ ਜੇਕਰ ਲੀਹ ਉਤੇ ਲੈ ਕੇ ਆਉਣਾ ਹੈ ਤਾਂ ਦੇਸ਼ ਨੂੰ ਸਿੱਖਿਆ ਲਈ ਕੌਮੀ ਪੱਧਰ ਅਪਣਾਉਣਾ ਪਵੇਗਾ। ਸਿੱਖਿਆ ਵਿਚ ਸੁਧਾਰਾਂ ਲਈ ਬਣਾਈ ਗਈ ਕਨੇਡੀਅਨ ਕੌਂਸਲ ਨੇ ਆਪਣੀ ਆਖ਼ਰੀ ਰਿਪੋਰਟ ਵਿਚ ਕਿਹਾ ਹੈ ਕਿ ਸਿੱਖਿਆ ਲਈ ਇਕ ਕੌਮੀ ਜਾਂਚ ਕਮੇਟੀ ਬਣਾਏ ਜਾਣ ਦੀ ਲੋੜ ਹੈ ਅਤੇ ਇਸਤੋਂ ਬਗੈਰ ਸਿੱਖਿਆ ਦੇ ਪੱਧਰ ਵਿਚ ਸੁਧਾਰ ਲਿਆਉਣਾ ਮੁਸ਼ਕਲ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਇਹ ਕਮੇਟੀ ਹੋਂਦ ਵਿਚ ਨਹੀਂ ਆਉਂਦੀ ਹੈ ਤਾਂ ਵਿਦਿਆਰਥੀ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਫਲ ਰਹਿਣਗੇ। ਕੌਂਸਲ ਮੁਖੀ ਪੌਲ ਕਾਪੋਨ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਮੁਕੰਮਲ ਸਿੱਖਿਆ ਨਹੀਂ ਦਿੱਤੀ ਜਾ ਰਹੀ ਤਾਂ ਇਸ ਵਿਚ ਕੋਈ ਨਾ ਕੋਈ ਕਮੀ ਜ਼ਰੂਰ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਨੇ ਕਿਹਾ ਕਿ ਕਿੰਨੀ ਮੰਦਭਾਗੀ ਗੱਲ ਹੈ ਕਿ ਦੇਸ਼ ਵਿਚ ਸਿੱਖਿਆ ਲਈ ਕੋਈ ਕੇਂਦਰੀ ਮੰਤਰੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਦੇ ਇਸ ਮਾੜੇ ਹਾਲ ਲਈ ਦੇਸ਼ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ ਅਤੇ ਉਹ ਸਿੱਖਿਆ 'ਤੇ ਕੋਈ ਠੋਸ ਨੀਤੀ ਬਣਾਉਣ ਲਈ ਰਲ-ਮਿਲ ਕੇ ਕੰਮ ਕਰਨ ਵਿਚ ਅਸਫਲ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਦਾ ਓਨਾ ਹੀ ਮਾੜਾ ਹਾਲ ਹੋ ਰਿਹਾ ਹੈ, ਜਿਨ੍ਹਾਂ ਕਨੇਡੀਅਨ ਸਿਹਤ-ਸੰਭਾਲ ਖੇਤਰ ਵਿਚ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਿਹਤ ਖੇਤਰ ਵਿਚ ਆਏ ਨਿਘਾਰ ਕਾਰਣ ਹਰ ਹਫ਼ਤੇ, ਹਰ ਮਹੀਨੇ ਲਗਾਤਾਰ ਜਾਨਾਂ ਜਾ ਰਹੀਆਂ ਹਨ, ਜਦੋਂਕਿ ਸਿੱਖਿਆ ਖੇਤਰ ਵਿਚ ਆਏ ਨਿਘਾਰ ਕਾਰਣ ਦੇਸ਼ ਦੀ ਖੁਸ਼ਹਾਲੀ ਨੂੰ ਢਾਹ ਲੱਗ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੀ ਖੁਸ਼ਹਾਲੀ ਨੂੰ ਬਣਾਈ ਰੱਖਣਾ ਹੈ ਤਾਂ ਸਿਆਸੀ ਆਗੂਆਂ ਨੂੰ ਆਪਣੇ ਸੌੜੇ ਹਿੱਤਾਂ ਤੋਂ ਉਪਰ ਉੱਠ ਕੇ ਰਲ ਮਿਲ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਕਨੇਡਾ ਸਿੱਖਿਆ ਦੇ ਕੌਮਾਂਤਰੀ ਪੱਧਰ ਤੋਂ ਹੇਠਾਂ ਜਾ ਰਿਹਾ ਹੈ। ਕੈਨੇਡੀਅਨ ਸਿੱਖਿਆ ਦਾ ਭਵਿੱਖ ਕੀ ਹੋਵੇਗਾ, ਇਸ 'ਤੇ ਗੌਰ ਦੀ ਜ਼ਰੂਰਤ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵੇਲੇ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ ਕਿ ਸੀਨੀਅਰ ਸੈਕੰਡਰੀ ਸੰਸਥਾਵਾਂ ਵਿਚ ਸਿੱਖਿਆ ਦਾ ਮਿਆਰ ਕੀ ਹੈ? ਕੀ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾ ਰਹੀ ਹੈ? ਉਨ੍ਹਾਂ ਨੇ ਕਿਹਾ ਕਿ ਸਿੱਖਿਆ ਵਿਚ ਸੁਧਾਰਾਂ ਲਈ ਇਕ ਠੋਸ ਨੀਤੀ ਬਣਾਉਣ ਦੀ ਲੋੜ ਹੈ। ਸਾਨੂੰ ਆਪਣੇ ਟੀਚੇ ਮਿਥਣੇ ਪੈਣਗੇ। ਉਨ੍ਹਾਂ ਨੇ ਹੋਰਨਾਂ ਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਪੰਜ ਸਾਲਾਂ ਲਈ ਆਪਣੇ ਟੀਚੇ ਮਿੱਥੇ ਜਾਂਦੇ ਹਨ ਅਤੇ ਪੰਜ ਸਾਲ ਮੁਕੰਮਲ ਹੋਣ ਤੋਂ ਬਾਅਦ ਇਹ ਮੁਲਾਂਕਣ ਕੀਤਾ ਜਾਂਦਾ ਹੈ ਕਿ ਇਹ ਟੀਚੇ ਪ੍ਰਾਪਤ ਕੀਤੇ ਗਏ ਹਨ ਜਾਂ ਨਹੀਂ। ਜੇਕਰ ਨਹੀਂ ਪ੍ਰਾਪਤ ਕੀਤੇ ਗਏ ਹਨ ਤਾਂ ਕਮੀਆਂ ਕੀ ਰਹੀਆਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਨੇਡੀਅਨ ਸਿੱਖਿਆ ਪ੍ਰਣਾਲੀ ਵਿਚ ਵੱਡੀ ਸਮੱਸਿਆ ਪੰਜਵੀਂ ਕਲਾਸ ਤੋਂ ਸ਼ੁਰੂ ਹੁੰਦੀ ਹੈ, ਜਿੱਥੇ ਇਕ ਚੌਥਾਈ ਬੱਚਿਆਂ ਨੂੰ ਲਿਖਣ ਅਤੇ ਪੜ੍ਹਨ ਸਬੰਧੀ ਮੁੱਢਲੀ ਜਾਣਕਾਰੀ ਵੀ ਨਹੀਂ ਹੈ।

# ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟਣ 'ਤੇ ਚਿੰਤਾ

ਮੈਲਬਰਨ, (ਨਦਬ) ਵਿਕਟੋਰੀਆ ਦੇ ਪ੍ਰੀਮੀਅਰ ਤੇਦ ਬਾਇਲੂ ਨੇ ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਭਾਰਤ ਨਾਲ ਮਜ਼ਬੂਤ ਸਿੱਖਿਆ ਪ੍ਰਬੰਧ ਰੱਖਣ ਦੇ ਹਾਮੀ ਹਨ ਤੇ ਇਸ ਲਈ ਉਨ੍ਹਾਂ ਭਾਰਤ ਨੂੰ ਸੁਰੱਖਿਅਤ ਵਾਤਾਵਰਨ ਪ੍ਰਦਾਨ ਕਰਨ ਦਾ ਦਾਅਵਾ ਵੀ ਕੀਤਾ।

ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਇਥੇ ਕੌਮਾਂਤਰੀ ਵਿਦਿਆਰਥੀਆਂ 'ਤੇ ਹਮਲੇ ਹੋਏ ਤੇ ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਖ਼ਤ ਸੁਰੱਖਿਆ ਮੁਹੱਈਆ ਕਰਵਾਈ। ਉਨ੍ਹਾਂ ਕਿਹਾ ਕਿ ਇਸੇ ਦੌਰਾਨ ਭਾਰਤੀ ਵਿਦਿਆਰਥੀਆਂ ਦੀ ਆਸਟਰੇਲੀਆ ਵਿਚ ਪੜ੍ਹਨ ਲਈ ਆਉਣ ਦੀ ਗਿਣਤੀ ਤਕਰੀਬਨ ਅੱਧੀ ਰਹਿ ਗਈ।

ਵਿਕਟੋਰੀਅਨ ਪ੍ਰੀਮੀਅਰ ਨੇ ਕਿਹਾ ਕਿ ਸਾਲ 2008-09 ਵਿਚ 65,503 ਵਿਦਿਆਰਥੀਆਂ ਨੂੰ ਸਿੱਖਿਆ ਦੇ ਵੱਖ-ਵੱਖ ਖੇਤਰਾਂ ਵਿਚ ਆਸਟਰੇਲੀਅਨ ਵੀਜ਼ੇ ਪ੍ਰਾਪਤ ਹੋਏ, ਪਰ 2009-10 ਵਿਚ ਇਨ੍ਹਾਂ ਦੀ ਗਿਣਤੀ ਘਟ ਕੇ 29721 ਰਹਿ ਗਈ ਤੇ ਕੁੱਲ 50,540 ਕੌਮਾਂਤਰੀ ਵਿਦਿਆਰਥੀਆਂ ਨੂੰ 2008-09 ਦੇ ਮੁਕਾਬਲੇ 2009-10 ਵਿਚ ਵੀਜ਼ੇ ਪ੍ਰਾਪਤ ਹੋਏ। ਉਨ੍ਹਾਂ ਕਿਹਾ ਕਿ ਵਿਕਟੋਰੀਆ ਵਿਚ ਭਾਰਤੀ ਪਿਛੋਕੜ ਵਾਲੇ ਦੋ ਲੱਖ ਲੋਕ ਵਸਦੇ ਹਨ। ਸਿੱਖਿਅਕ ਗਤੀਵਿਧੀਆਂ ਦੋਵਾਂ ਦੇਸ਼ਾਂ ਦੀ ਮਜ਼ਬੂਤੀ ਵਿਚ ਅਹਿਮ ਯੋਗਦਾਨ ਪਾਉਣਗੀਆਂ।

# ਜਮਹੂਰੀਅਤ ਤਾਂ ਮਹਿਜ਼ ਬਹਾਨਾ ਹੈ....

ਜਮਹੂਰੀਅਤ ਤਾਂ ਮਹਿਜ਼ ਬਹਾਨਾ ਹੈ, ਅਸਲ ਵਿਚ ਯੂਰਪ ਦੀਆਂ ਧੜਵੈਲ ਸਾਮਰਾਜੀ ਸ਼ਕਤੀਆਂ ਅੰਦਰ ਆਪਣੀ ਖੁੱਸੀਆਂ ਬਸਤੀਆਂ ਨੂੰ ਮੁੜ ਹਾਸਲ ਕਰਨ ਦਾ ਲੋਭ ਅੰਗੜਾਈ ਲੈ ਰਿਹਾ ਹੈ। ਇਸ ਲੁਕਵੀਂ ਇੱਛਾ ਦੀ ਪੂਰਤੀ ਲਈ ਇਨ੍ਹਾਂ ਨੂੰ ਮਾਹੌਲ ਵੀ ਕਾਫੀ ਸਾਜ਼ਗਰ ਪ੍ਰਤੀਤ ਹੋ ਰਿਹਾ ਹੈ। ਇਨ੍ਹਾਂ ਨੇ ਇਸ ਮਿੱਥ ਦਾ ਲਾਹਾ ਲੈਣਾ ਸ਼ੁਰੂ ਕਰ ਦਿਤਾ ਹੈ ਕਿ ਸੰਸਾਰ ਇਕਧਰੁਵੀ ਹੋ ਗਿਆ ਹੈ ਤੇ ਸ਼ਕਤੀ ਸੰਤੁਲਨ ਸਾਬਕਾ ਸਾਮਰਾਜੀ ਤਾਕਤਾਂ ਦੀ ਤਰਫ਼ ਹੈ। ਅਪਾਣੇ ਹੱਥੋਂ ਨਿੱਕਲੀਆਂ ਕੁਝ ਬਸਤੀਆਂ ਇਨ੍ਹਾਂ ਦੀ ਫੌਜੀ ਦਖ਼ਲਅੰਦਾਜ਼ੀ ਤੋਂ ਹਾਲ ਦੀ ਘੜੀ ਬਚੀਆਂ ਹੋਈਆਂ ਹਨ, ਪਰ ਜਿਥੇ ਇਨ੍ਹਾਂ ਦੇ ਦਖ਼ਲ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਇਹ ਆਪਣਾ ਲਾਮ ਲਸ਼ਕਰ ਝੋਕ ਦਿੰਦੀਆਂ ਹਨ। ਉਥੋਂ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਤਹਿਸ ਨਹਿਸ ਕਰ ਕੇ ਅਤੇ ਸਾਸ਼ਕਾਂ ਨੂੰ ਖੱਜਲ ਖੁਆਰ ਕਰ ਕੇ ਪ੍ਰਭੂਸੱਤਾ ਦੇ ਸੰਸਾਰ ਪ੍ਰਵਾਨਿਤ ਸਿਧਾਂਤ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਹਨ। ਲੀਬੀਆ ਅਤੇ ਇਸ ਦਾ ਸ਼ਾਸਕ ਕਰਨਲ ਗੱਦਾਫੀ ਸਾਮਰਾਜੀਆਂ ਦੀ ਇਸੇ ਨੀਤੀ ਦਾ ਸ਼ਿਕਾਰ ਹੋਏ ਹਨ।



ਕਰਨਲ ਗੱਦਾਫੀ ਨੇ ਲੀਬੀਆ ਵਿਚ ਹੋਏ 1969 ਦੇ ਰਾਜਪਲਟੇ ਮਗਰੋਂ ਸੱਤਾ ਸੰਭਾਲੀ ਸੀ। ਸੱਤਾ ਸੰਭਾਲਦਿਆਂ ਹੀ ਉਸ ਨੇ ਆਪਣੇ ਮੁਲਕ ਦੇ ਭਰਪੂਰ ਤੇਲ ਸਰੋਤਾਂ ਨੂੰ ਵਿਦੇਸ਼ੀ ਕੰਪਨੀਆਂ ਦੇ ਚੁੰਗਲ ਵਿਚੋਂ ਕੱਢਿਆ ਤੇ ਤੇਲ ਸੋਮਿਆਂ ਤੋਂ ਹੋਈ ਆਮਦਨ ਦਾ ਦੇਸ਼ ਵਾਸੀਆਂ ਦੇ ਹਿੱਤ ਲਈ ਖੂਬ ਪ੍ਰਯੋਗ ਕੀਤਾ। ਉਹ ਮਿਸਰ ਦੇ ਰਾਸ਼ਟਰਪਤੀ ਨਿਸਾਰ ਪ੍ਰਤੀ ਸ਼ਰਧਾਵਾਨ ਸੀ, ਇਸ ਲਈ ਉਸ ਨੇ ਆਪਣੇ ਦੇਸ਼ ਦੇ ਵੱਡੇ ਆਮਦਨ ਸੋਮੇ ਨੂੰ ਉਵੇਂ ਵਰਤਿਆ ਜਿਵੇਂ ਨਿਸਾਰ ਨੇ ਨਹਿਰ ਸਵੇਜ਼ ਤੋਂ ਹੋਣ ਵਾਲੀ ਆਮਦਨ ਨੂੰ ਮਿਸਰ ਲਈ ਵਰਤਿਆ ਸੀ। ਗੱਦਾਫੀ ਦੀ ਰਾਸ਼ਟਰਵਾਦੀ ਸੋਚ ਸਦਕਾ, 70 ਵਰ੍ਹਿਆਂ ਵਿਚ ਤੇਲ ਉਤਪਾਦਕ ਅਰਬ ਦੇਸ਼ਾਂ ਵਾਂਗ ਹੀ ਲੀਬੀਆ ਵਿਚ 'ਪੈਟਰੋ ਬੂਮ' ਦਾ ਨਜ਼ਾਰਾ ਦੇਖਣ ਨੂੰ ਮਿਲਿਆ।

ਪੱਛਮੀ ਪ੍ਰਚਾਰ ਮੁੜ ਮੁੜ ਗੱਦਾਫੀ ਨੂੰ ਤਾਨਾਸ਼ਾਹ ਗਰਦਾਨ ਰਿਹਾ ਹੈ, ਜਦਕਿ ਤਾਨਾਸ਼ਾਹ ਹੋਣਾ ਨਹੀਂ, ਸਗੋਂ ਸਾਮਰਾਜੀ ਲਾਬੀ ਦਾ ਪਿੱਠੂ ਨਾ ਹੋਣਾ ਗੱਦਾਫੀ ਦੇ ਦੁਖਾਂਤ ਦਾ ਮੁੱਖ ਕਾਰਨ ਬਣਿਆ। ਗੱਦਾਫੀ ਨੇ ਆਪਣੀ ਜਮਹੂਰੀਅਤ ਦੀ ਵਿਆਖਿਆ ਵੀ ਕਈ ਵਾਰ ਕੀਤੀ ਤੇ ਇਹ ਪ੍ਰਵਾਨ ਵੀ ਹੋਣੀ ਚਾਹੀਦੀ ਹੈ ਕਿਉਂਕਿ ਦੁਨੀਆ ਵਿਚ ਜਮਹੂਰੀਅਤ ਦੇ ਕਈ ਮਾਡਲ ਹਨ। ਕਰਨਲ ਗੱਦਾਫੀ ਦੇ ਮਾਡਲ ਵਿਚ ਹੇਠਲੇ ਪੱਧਰ ਤਕ ਜਨ ਕਮੇਟੀਆਂ ਦੇ ਰੂਪ ਵਿਚ ਪ੍ਰਸ਼ਾਸਨਿਕ ਇਕਾਈਆਂ ਸਥਾਪਤ ਸਨ ਜਿਨ੍ਹਾਂ ਨੂੰ 'ਜਮਹੀਰੀਆ' ਦਾ ਨਾਂ ਦਿਤਾ ਗਿਆ ਸੀ।

ਪੱਛਮੀ ਮੀਡੀਆ ਗੱਦਾਫੀ ਦੀਆਂ ਦੌਲਤਾਂ ਨੂੰ ਬੜੇ ਜ਼ੋਰ ਸ਼ੋਰ ਨਾਲ ਨਸ਼ਰ ਕਰ ਰਿਹਾ ਹੈ, ਪਰ ਇਹ ਤੱਥ ਛੁਪਾ ਰਿਹਾ ਹੈ ਕਿ ਤੇਲ ਸੋਮਿਆਂ ਦੀ ਆਮਦਨ ਨੇ ਕੇਵਲ ਸ਼ਾਸਕ ਪਰਿਵਾਰ ਨੂੰ ਹੀ ਨਹੀਂ ਸਗੋਂ ਪੂਰੇ ਦੇਸ਼ ਵਾਸੀਆਂ ਨੂੰ ਮਾਲਾਮਾਲ ਕੀਤਾ ਹੋਇਆ ਹੈ।

ਇਹ ਵੀ ਖ਼ਬਰਾਂ ਹਨ ਕਿ ਨਾਟੋ ਨੇ ਲੀਬੀਆ 'ਤੇ ਕਬਜ਼ਾ ਸਿਰਫ ਸੂਰਮਗਤੀ ਨਾਲ ਲੜਕੇ ਨਹੀਂ ਕੀਤਾ। ਇਸ ਨੇ ਭ੍ਰਿਸ਼ਟ ਤਰੀਕਿਆਂ ਨਾਲ ਗੱਦਾਫੀ ਦੇ ਜਰਨੈਲਾਂ ਨਾਲ ਗੰਢਤੁਪ ਕੀਤੀ ਤਾਂ ਸਿੱਟੇ ਵਜੋਂ ਨਾਟੋ ਦੇ ਫੌਜੀ ਦਸਤਿਆਂ ਨੂੰ ਲੀਬੀਆਈ ਸੈਨਾ ਦੀ ਕਿਸੇ ਵੱਡੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਗੱਦਾਫੀ ਨੇ ਆਪਣੇ ਮੁਲਕ ਵਿਚ ਲੋਕ ਭਲਾਈ ਦੇ ਅਨੇਕਾਂ ਕੰਮ ਕਰਵਾਏ। ਉਸ ਨੇ ਇਸ ਰੇਗਿਸਤਾਨ ਮੁਲਕ ਦੇ ਇਕ ਕੋਨੇ ਤੋਂ ਦੂਜੇ ਕੋਨੇ ਤਕ ਪਾਣੀ ਪੁਚਾਇਆ। ਆਪਣੇ ਦੇਸ਼ ਤੇ ਕਬੀਲਾਈ ਸਮਾਜ ਵਿਚ ਉਸ ਦਾ ਸਦਾ ਸਨਮਾਨਯੋਗ ਸਥਾਨ ਬਣਿਆ ਰਿਹਾ। ਲੀਬੀਆ ਵਿਚ ਜੋ ਕੁਝ ਵਾਪਰਿਆ ਉਸ ਪ੍ਰਤੀ ਜ਼ਿਆਦਾਤਰ ਵਿਕਾਸਸ਼ੀਲ ਦੇਸ਼ ਚਿੰਤਤ ਹੀ ਹਨ, ਸਿਰਫ ਪੱਛਮੀ ਇਲੈਕਟ੍ਰੋਨਿਕ ਮੀਡੀਆ ਹੀ ਲਟਬੌਰਾ ਹੋਇਆ ਬਾਘੀਆਂ ਪਾ ਰਿਹਾ ਹੈ।

## ਇਸ ਗ਼ਦਾਫੀ ਨੂੰ ਵੀ ਮਿਲੋ



ਲਿਬੀਆ ਦੇ ਸਾਬਕਾ ਸ਼ਾਸਕ ਗ਼ਦਾਫੀ ਹੁਣ ਇਸ ਦੁਨੀਆ ਵਿਚ ਨਹੀਂ ਹਨ। ਗ਼ਦਾਫੀ ਬਾਰੇ ਮੀਡੀਆ ਭਾਵੇਂ ਜੋ ਮਰਜ਼ੀ ਆਖੀ ਜਾਵੇ ਪਰ ਇਸ ਗੱਲ ਨੂੰ ਵੀ ਨਹੀਂ ਝੁਠਲਾਇਆ ਜਾ ਸਕਦਾ ਕਿ ਇਸ ਸ਼ਾਸਕ ਨੇ ਆਪਣੀ ਜਨਤਾ ਲਈ ਜੋ ਅਤੇ ਜਿੰਨਾ ਕੀਤਾ ਓਨਾ ਸ਼ਾਇਦ ਹੀ ਦੁਨੀਆ ਵਿਚ ਕੋਈ ਕਿਸੇ ਲਈ ਕਰਦਾ ਹੋਵੇ। ਗ਼ਦਾਫੀ ਨਾਲ ਜੁੜੀਆਂ ਅਜਿਹੀਆਂ ਹੀ ਕੁਝ ਗੱਲਾਂ ਹਨ ਜਿਨ੍ਹਾਂ ਨੂੰ ਜਾਣਦਿਆਂ ਹੀ ਤੁਹਾਡੀਆਂ ਅੱਖਾਂ ਵੀ ਖੁੱਲ੍ਹੀਆਂ ਰਹਿਣ ਜਾਣਗੀਆਂ, ਨਾਲ ਹੀ ਇਸ 'ਕਥਿਤ' ਤਾਨਾਸ਼ਾਹ ਨੂੰ ਲੈ ਕੇ ਬਣੀ ਤੁਹਾਡੀ ਸੋਚ ਵੀ ਪੂਰੀ ਤਰ੍ਹਾਂ ਬਦਲ ਜਾਵੇਗੀ। ਤਾਂ ਆਓ ਜਾਣਦੇ ਹਾਂ ਗ਼ਦਾਫੀ ਅਤੇ ਲਿਬੀਆ ਬਾਰੇ ਕੁਝ ਅਜਿਹੀਆਂ ਗੱਲਾਂ ਜਿਨ੍ਹਾਂ ਨੂੰ ਅੱਜ ਤਕ ਦੁਨੀਆ ਵਿਚ ਬਹੁਤ ਹੀ ਘਟ ਲੋਕ ਜਾਣਦੇ ਹਨ।..

- ਲਿਬੀਆ ਵਿਚ ਲੋਕਾਂ ਨੂੰ ਬਿਜਲੀ ਦਾ ਬਿਲ ਮੁਆਫ਼ ਰਹਿੰਦਾ ਸੀ, ਇਥੇ ਲੋਕਾਂ ਨੂੰ ਬਾਕੀ ਮੁਲਕਾਂ ਵਾਂਗ ਬਿਜਲੀ ਦਾ ਬਿਲ ਜਮ੍ਹਾਂ ਨਹੀਂ ਕਰਨਾ ਪੈਂਦਾ ਸੀ। ( ਇਸ ਦਾ ਭੁਗਤਾਨ ਸਰਕਾਰ ਕਰਦੀ ਸੀ।)
- ਲਿਬੀਆ ਸਰਕਾਰ (ਗ਼ਦਾਫੀ ਸ਼ਾਸਨ) ਆਪਣੇ ਨਾਗਰਿਕਾਂ ਨੂੰ ਦਿੱਤੇ ਗਏ ਕਰਜ਼ੇ 'ਤੇ ਵਿਆਜ ਨਹੀਂ ਵਸੂਲਦੀ ਸੀ। ਤੁਹਾਨੂੰ ਵਿਆਜ ਮੁਕਤ ਕਰਜ਼ਾ ਬੜੀ ਆਸਾਨੀ ਨਾਲ ਮਿਲਦਾ ਸੀ ਅਤੇ ਚੁਕਾਉਣਾ ਸਿਰਫ਼ ਮੂਲਧਨ ਪੈਂਦਾ ਸੀ।
- ਲਿਬੀਆ ਵਿਚ 'ਘਰ' ਮਨੁੱਖੀ ਅਧਿਕਾਰ ਦੀ ਸ਼੍ਰੇਣੀ ਵਿਚ ਸੀ। ਲਿਬੀਆ ਦੇ ਹਰੇਕ ਵਿਅਕਤੀ ਨੂੰ ਉਸ ਦਾ ਖੁਦ ਦਾ ਘਰ ਦੇਣਾ ਸਰਕਾਰੀ ਜ਼ਿੰਮੇਵਾਰੀ ਸੀ। ਤੁਹਾਨੂੰ ਦਸ ਦਈਏ ਕਿ ਗ਼ਦਾਫੀ ਨੇ ਕਸਮ ਖਾਧੀ ਸੀ ਕਿ ਜਦੋਂ ਤੱਕ ਲਿਬੀਆ ਦੇ ਹਰੇਕ ਨਾਗਰਿਕ ਨੂੰ ਉਸਦਾ ਖੁਦ ਦਾ ਘਰ ਨਹੀਂ ਮਿਲਦਾ, ਉਹ ਆਪਣੇ ਮਾਤਾ-ਪਿਤਾ ਲਈ ਵੀ ਘਰ ਨਹੀਂ ਬਣਵਾਏਗਾ। ਇਹੀ ਕਾਰਨ ਸੀ ਕਿ ਗ਼ਦਾਫ਼ੀ ਦੀ ਮਾਂ ਅਤੇ ਪਤਨੀ ਅੱਜ ਵੀ ਟੈਂਟ ਵਿਚ ਹੀ ਰਹਿੰਦੀਆਂ ਹਨ।
- ਲਿਬੀਆ ਵਿਚ ਵਿਆਹ ਕਰਨ ਵਾਲੇ ਹਰੇਕ ਜੋੜੇ ਨੂੰ ਗ਼ਦਾਫੀ ਵਲੋਂ 50 ਹਜ਼ਾਰ ਡਾਲਰ ਦੀ ਰਕਮ ਦਿੱਤੀ ਜਾਂਦੀ ਸੀ। (ਦੁਨੀਆ ਵਿਚ ਸ਼ਾਇਦ ਹੀ ਕੋਈ ਸਰਕਾਰ ਜਾਂ ਸ਼ਾਸਕ ਅਜਿਹਾ ਕਰਦਾ ਹੋਵੇ।)
- ਲਿਬੀਆ ਵਿਚ ਹਰੇਕ ਨਾਗਰਿਕ ਲਈ ਸਿਹਤ ਸਹੂਲਤਾਂ ਪੂਰੀ ਤਰ੍ਹਾਂ ਮੁਫ਼ਤ ਸਨ। ਲਿਬੀਆਈ ਨਾਗਰਿਕਾਂ ਵਲੋਂ ਸਿਹਤ ਸੇਵਾਵਾਂ 'ਤੇ ਆਉਣ ਵਾਲਾ ਸਾਰਾ ਖਰਚਾ ਗ਼ਦਾਫੀ ਸਰਕਾਰ ਖੁਦ ਕਰਦੀ ਸੀ।

ਨਵੀਂ ਦੁਨੀਆ ਬਿਊਰੋ

# ਪੀ.ਸੀ.ਏ ਵਲੋਂ ਕਰਵਾਇਆ ਗਿਆ 29ਵਾਂ ਸਾਲਾਨਾ ਸਮਾਗਮ

## ਭਾਅ ਜੀ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀਆਂ ਭੇਟ

ਐਡਮਿੰਟਨ, (ਨਦਬ) : ਪਿਛਲੇ ਦਿਨੀਂ ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ (ਪੀ.ਸੀ.ਏ.) ਵਲੋਂ ਐਡਮਿੰਟਨ ਦੇ ਜੁਬਲੀ ਥੀਏਟਰ ਵਿਖੇ 29ਵਾਂ ਸਾਲਾਨਾ ਸਭਿਆਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਜਿਥੇ ਭੰਗੜੇ, ਗਿੱਧੇ ਤੇ ਹੋਰ ਨਾਚ ਪੇਸ਼ ਕੀਤੇ ਗਏ ਉਥੇ ਹੀ ਇਸ ਵਾਰ ਸਕਿੱਟਾਂ 'ਸੁੱਤੇ ਲੋਕ' ਤੇ 'ਵਾਰਸ ਕੌਣ' ਵੀ ਖੇਡੀਆਂ ਗਈਆਂ। ਸ਼ੁਰੂਆਤ 'ਚ ਉਘੇ ਲੋਕ ਪੱਖੀ



ਨਾਟਕਕਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਬਾਰੇ ਜਾਣਕਾਰੀ ਸਲਾਈਡ ਸ਼ੋਅ ਦਿਖਾ ਕੇ ਦਿੱਤੀ। ਸਮਾਗਮ 'ਚ ਸ਼ਾਮਲ ਲੋਕਾਂ ਨੇ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਪੀ.ਸੀ.ਏ ਵਲੋਂ ਲਗਾਏ ਗਏ ਪੰਜਾਬੀ ਸਕੂਲ ਵਿਚ ਭਾਗ ਲੈਣ ਵਾਲੇ ਬੱਚਿਆਂ ਵਲੋਂ 'ਓ ਕੈਨੇਡਾ...' ਗਾ ਕੇ ਸਮਾਗਮ ਦੀ ਰਸਮੀ ਸ਼ੁਰੂਆਤ ਕੀਤੀ।

ਤਿੰਨ ਘੰਟੇ ਚਲੇ ਇਸ ਸਮਾਗਮ 'ਚ ਭੰਗੜੇ, ਗਿੱਧੇ ਦੇ ਨਾਲ ਨਾਲ ਕਵਿਤਾਵਾਂ ਤੇ ਸਕਿਟਾਂ ਦਾ ਦੌਰ ਵੀ ਚੱਲਿਆ। ਜਿਸ 'ਚ ਭਾਰਤ ਤੋਂ ਪੁੱਜੇ ਉਘੇ ਪ੍ਰਗਤੀਵਾਦੀ ਲੇਖਕ ਮੱਖਣ ਕੁਹਾੜ ਵਲੋਂ ਪੜ੍ਹੀਆ ਗਈਆਂ ਗ਼ਜ਼ਲਾਂ ਨੇ ਜਿਥੇ ਮਾਹੌਲ ਨੂੰ ਸੰਜੀਦਾ ਕਰ ਦਿੱਤਾ ਉਥੇ ਹੀ ਇਸ ਸਮਾਗਮ ਨੂੰ ਵਿਲੱਖਣਤਾ ਵੀ ਪ੍ਰਦਾਨ ਕੀਤੀ। 'ਨਵੀਂ ਦੁਨੀਆ' ਦੇ ਸੰਪਾਦਕ ਦਲਬੀਰ ਸਾਂਗਿਆਣ ਦੀ ਕਵਿਤਾ ਨੂੰ ਲੋਕਾਂ ਨੇ ਕਾਫੀ ਸਰਾਹਿਆ। ਪਰਮਿੰਦਰ ਧਾਲੀਵਾਲ ਨੇ ਕਨੇਡਾ ਬਾਰੇ ਅਤੇ ਜਰਨੈਲ ਕੌਰ ਧਾਲੀਵਾਲ ਨੇ ਪੰਜਾਬ ਬਾਰੇ ਕਵਿਤਾਵਾਂ ਪੜ੍ਹੀਆਂ ਜਦ ਕਿ ਅਮਰਜੀਤ ਪੂਰੇਵਾਲ ਨੇ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਭੰਗੜੇ ਦੀ ਸ਼ੁਰੂਆਤ ਪੀ.ਸੀ.ਏ. ਦੇ ਪੰਜਾਬੀ ਸਕੂਲ ਵਿਚ ਭਾਗ ਲੈਣ ਵਾਲੇ ਬੱਚਿਆਂ ਵਲੋਂ ਹਰਮਨ ਧਾਲੀਵਾਲ ਦੀ ਨਿਰਦੇਸ਼ਨਾਂ ਹੇਠ ਤਿਆਰ ਕੀਤੀ ਪੇਸ਼ਕਾਰੀ ਰਾਹੀ ਹੋਈ। ਉਪਰੰਤ ਨੱਚਦੀਆਂ ਕੁੜੀਆਂ ਭੰਗੜਾ ਗਰੁਪ ਵੱਲੋਂ ਨੀਤੂ ਸਿੱਧੂ ਦੀ ਨਿਰਦੇਸ਼ਨਾਂ ਹੇਠ ਕੁੜੀਆਂ ਦਾ ਭੰਗੜਾ, ਪੰਜਾਬੀ ਹੈਰੀਟੇਜ਼ ਫ਼ਾਊਡੇਸ਼ਨ ਦੇ ਉਘੇ ਭੰਗੜਾ ਕੋਚ ਮਨਜੀਤ ਸਿੰਘ ਦੀ ਸੁਚੱਜੀ ਅਗਵਾਈ ਹੇਠ ਤਿਆਰ ਕੁੜੀਆਂ ਅਤੇ ਮੁੰਡਿਆਂ ਦਾ ਭੰਗੜਾ, ਗੁਰਮਨ ਡਾਂਸ ਅਕੈਡਮੀ ਵੱਲੋਂ ਗੁਰਮਨ ਹੀਰਾ ਦੀ ਨਿਰਦੇਸ਼ਨਾਂ ਹੇਠ ਤਿਆਰ ਝੂਮਰ ਅਤੇ ਢੋਲ 'ਤੇ ਭੰਗੜਾ, ਕੁਲਦੀਪ ਧਾਲੀਵਾਲ ਦੀ ਤਿਆਰ ਕੋਰੀਓਗ੍ਰਾਫ਼ੀ 'ਮਾਵਾਂ-ਧੀਆਂ', ਪੰਜਾਬੀ ਫ਼ੋਕ ਡਾਂਸ ਅਕੈਡਮੀ ਦੇ ਗੁਰਸੇਵਕ ਸਿੱਧੂ ਵੱਲੋਂ ਤਿਆਰ ਭੰਗੜੇ ਦੀ ਪੇਸ਼ਕਾਰੀ ਦਾ ਵੀ ਲੋਕਾਂ ਨੇ ਆਨੰਦ ਮਾਣਿਆ ਅਤੇ ਇਸ ਦੇ ਨਾਲ ਹੀ ਜੋਬਨ ਪ੍ਰਤਾਪ ਸਿੰਘ ਢਿਲੋ ਵੱਲੋਂ ਖੂਬਸੂਰਤ ਅਵਾਜ 'ਚ ਗੀਤ ਗਾਇਆ ਗਿਆ।

ਅੱਧੇ ਸਮੇਂ ਤੋਂ ਠੀਕ ਪਹਿਲਾਂ ਪੰਜਾਬੀ ਆਰਟ ਐਸੋਸ਼ੀਏਸ਼ਨ ਆਫ਼ ਐਡਮਿੰਟਨ ਵਲੋਂ ਕਵਿੰਦਰ ਚਾਂਦ ਦੀ



ਗ਼ਜ਼ਲ 'ਇਹ ਢਾਂਚਾ ਬਦਲਣ ਵਾਲਾ ਹੈ...' ਦੀ ਪਿੱਠ ਭੂਮੀ 'ਤੇ ਲਿਖੀ ਅਜੋਕੇ ਪ੍ਰਬੰਧ ਦੀ ਅਸਲੀਅਤ ਪੇਸ਼ ਕਰਦੀ ਸਕਿੱਟ 'ਸੁੱਤੇ ਲੋਕ' ਦੀ ਪੇਸ਼ਕਾਰੀ ਕੀਤੀ ਗਈ। ਜੋਗਿੰਦਰ ਰੰਧਾਵਾ ਦੇ ਨਿਰਦੇਸ਼ਨ ਹੇਠ ਤਿਆਰ ਇਸ ਸਕਿੱਟ 'ਚ ਜਸਵੀਰ ਸੰਘਾ, ਕਿਰਤਮੀਤ ਕੁਹਾੜ, ਗੁਰਜੀਤ ਕੰਗ ਤੇ ਜੋਗਿੰਦਰ ਰੰਧਾਵਾ ਨੇ ਹਿੱਸਾ ਲਿਆ। ਇਸ ਸਕਿੱਟ ਦੀ ਪੇਸ਼ਕਾਰੀ ਨੂੰ ਸਮਾਗਮ ਵਿਚ ਸਭ ਤੋਂ ਵੱਧ ਸਲਾਹਿਆ ਗਿਆ।

ਸਮਾਗਮ ਦੇ ਦੂਜੇ ਅੱਧ 'ਚ ਫਿਰ ਤੋਂ ਗਿੱਧੇ ਭੰਗੜੇ ਦੇ ਦੌਰ ਵਿਚ ਬਖਸ਼ ਸੰਘਾ ਦੀ ਨਿਰਦੇਸ਼ਨਾਂ ਹੇਠ ਪਰਮਿੰਦਰ ਗਿੱਲ, ਜਸਪ੍ਰੀਤ ਸਿੱਧੂ, ਅਰਵਿੰਦ ਸੇਖੋਂ, ਬਖਸ਼ ਸੰਘਾ ਅਤੇ ਕਰੀਨਾ ਗਿੱਲ ਵਲੋਂ ਖੇਡੀ ਗਈ ਸਕਿੱਟ 'ਵਾਰਿਸ ਕੌਣ' ਨੇ ਦਰਸ਼ਕਾਂ ਨੂੰ ਹੋਰ ਸਮਾਜਿਕ ਬੁਰਾਈਆਂ ਦੇ ਨਾਲ-ਨਾਲ ਮੁੰਡਿਆਂ ਅਤੇ ਕੁੜੀਆਂ ਨੂੰ ਬਰਾਬਰ ਤਰਜੀਹ ਦੇਣ ਲਈ ਸੋਚਣ 'ਤੇ ਮਜਬੂਰ ਕਰ ਦਿਤਾ। ਪ੍ਰਬੰਧਕਾਂ ਵਲੋਂ ਪੰਜਾਬੀ ਸਕੂਲ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਸਮਾਗਮ ਦੇ ਅੰਤ 'ਚ 'ਗਿੱਧਾ ਪੰਜਾਬਣਾਂ ਦਾ' ਗਰੁੱਪ ਦੀਆਂ ਮੁਟਿਆਰਾਂ ਵੱਲੋਂ ਖੂਬਸੂਰਤ ਗਿੱਧਾ ਪੇਸ਼ ਕੀਤਾ ਗਿਆ।

ਪੀ.ਸੀ.ਏ. ਦੇ ਪ੍ਰਧਾਨ ਗੁਰਚਰਨ ਬਰਾੜ ਨੇ ਸਮਾਗਮ 'ਚ ਪਹੁੰਚੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਅਤੇ ਵਲੰਟੀਅਰ ਸੇਵਾਵਾਂ, ਮੀਡੀਆ ਤੇ ਸਹਿਯੋਗੀ ਸੰਸਥਾਵਾਂ ਵੱਲੋਂ ਦਿੱਤੇ ਯੋਗਦਾਨ ਲਈ ਵਿਸ਼ੇਸ਼ ਧੰਨਵਾਦ ਕਰਨ ਦੇ ਨਾਲ ਨਾਲ ਲੋਕਾਂ ਨੂੰ ਪੀ.ਸੀ.ਏ. ਨਾਲ ਜੁੜ੍ਹਨ ਦੀ ਵੀ ਬੇਨਤੀ ਕੀਤੀ। ਸਟੇਜ਼ ਸਕੱਤਰ ਦੀ ਭੂਮਿਕਾ ਪੀ.ਸੀ.ਏ. ਦੇ ਭਾਸ਼ਾ ਨਿਰਦੇਸ਼ਕ ਹਰਜੀਤ ਸੰਧੂ, ਖ਼ਜ਼ਾਨਚੀ ਮਨਪ੍ਰੀਤ ਭੱਠਲ, ਸੁਪ੍ਰੀਤ ਬਰਾੜ, ਗੁਰਲੀਨ ਧਨੋਆ, ਅਨੂ ਚਹਿਲ, ਜੈਸਮੀਨ ਸੇਖ਼ੋਂ ਅਤੇ ਅਵਨੀਤ ਵੱਲੋਂ ਨਿਭਾਈ ਗਈ। ਪਰਦੇ ਪਿਛੇ ਅਹਿਮ ਭੂਮਿਕਾ ਸਭਿਆਚਾਰ ਨਿਰਦੇਸ਼ਕ ਸੁਖਦੇਵ ਧਨੋਆ ਅਤੇ ਉਪ-ਸਭਿਆਚਾਰ ਨਿਰਦੇਸ਼ਕ ਕਿਰਤਮੀਤ ਕੁਹਾੜ ਵੱਲੋਂ ਨਿਭਾਈ ਗਈ। ਇਸ ਸਮਾਗਮ ਨੂੰ ਸਫ਼ਲ ਬਣਾਉਣ 'ਚ ਪੀ.ਸੀ.ਏ. ਦੇ ਮੀਤ ਪ੍ਰਧਾਨ ਤੇਜਿੰਦਰ ਬਰਾੜ, ਮਨਜੀਤ ਬਾਜਵਾ, ਰਜਿੰਦਰ ਸਿੱਧੂ ਆਦਿ ਨੇ ਵੀ ਅਹਿਮ ਯੋਗਦਾਨ ਪਾਇਆ।



ਤਸਵੀਰਾਂ- ਬਲਜੀਤ ਅਤੇ ਕਮਲ ਲਾਇਲ

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

**Who We Are**

**Western Canada's**
Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







**What we Offer**

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Gujrati, Hindi & Urdu

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates



Gill Olson (Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**HARRY'S EXCAVATING**

Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

**C.J. Auto & Transmission Repair Ltd. & Body Shop**

Specialize in Propane Repair & Body Shop



Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

**KOPY CENTRE & PRINTING**

"On Time ~ Every Time"

Digital Printing & Photo Copy

• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

We do Art Work as well...

Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**



• We Build New Houses
• We Build Basements
• We do Renovations
• Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

**A & V Collision LTD.**

27 Years of Journey Man Experience



AUTO BODY & PAINT

Frame Repair
All Insurance Claims
Domestic & Imports Specialists

Quality Service With Best Market Price

ਆਪਣੀਆਂ ਗੱਡੀਆਂ ਨੂੰ ਦੋਬਾਰਾ ਤੋਂ ਨਵੀਆਂ ਬਣਾਉਣ ਲਈ ਸਾਡੇ ਕੋਲ ਆਓ

Terry Sumka, Manager

Cell: 780 984 9982 Ph: 780 988 2886 Fax: 780 988 2896

3918-91 Street NW Edmonton, AB T6E 5K7

www.avcollision.ca
avcollision@shaw.ca

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE

Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਬਾਦਲਾਂ ਦੀ ਅੱਖ ਹਾਥੀ 'ਤੇ



ਬਾਕੀ ਮੁਲਕ ਵਾਂਗ ਪੰਜਾਬ ਦੀ ਸਿਆਸਤ ਵੀ ਵੋਟ ਬੈਂਕ ਰਾਜਨੀਤੀ ਦੀ ਚਪੇਟ ਵਿਚ ਆਈ ਹੋਈ ਹੈ। ਆਗਾਮੀ ਵਿਧਾਨ ਸਭਾ ਚੋਣਾਂ ਲਈ ਬਾਦਲਾਂ ਦੀ ਅੱਖ



ਬਸਪਾ ਦੇ ਵੋਟ ਬੈਂਕ ਉਪਰ ਹੈ। ਕਾਰਨ ਇਹ ਹੈ ਕਿ ਭਾਜਪਾ ਦੀਆਂ ਵੋਟਾਂ ਦਾ ਟੁੱਟ ਕੇ ਕਾਂਗਰਸ ਵਲ ਜਾਣਾ ਲਗਭਗ ਤੈਅ ਹੈ, ਇਸ ਲਈ ਇਨ੍ਹਾਂ ਵੋਟਾਂ ਦੀ ਭਰਪਾਈ ਬਾਦਲ ਬਸਪਾ ਨਾਲ ਚੋਣ ਸਮਝੌਤਾ ਕਰ ਕੇ ਕਰਨਾ ਚਾਹੁੰਦੇ ਹਨ। ਰਵਾਇਤੀ ਤੌਰ 'ਤੇ ਵੀ ਹਰ ਚੋਣ ਵਿਚ ਕਾਂਗਰਸ ਅਤੇ ਭਾਜਪਾ ਦੀਆਂ ਹਿੰਦੂ ਵੋਟਾਂ ਪਾਲਾ ਬਦਲਦੀਆਂ ਰਹਿੰਦੀਆਂ ਹਨ। ਪਿਛਲੀਆਂ ਚੋਣਾਂ ਵਿਚ ਭਾਜਪਾ ਨੂੰ 23 ਸੀਟਾਂ ਗਠਜੋੜ ਵਲੋਂ ਦਿਤੀਆਂ ਗਈਆਂ ਸਨ ਤੇ 19 ਉਪਰ ਇਸ ਨੂੰ ਜਿੱਤ ਹਾਸਲ ਹੋ ਗਈ ਸੀ, ਇਹ ਸੀਟਾਂ ਅਗਲੀ ਚੋਣ ਸਮੇਂ ਬਣੀਆਂ ਬਣਾਈਆਂ ਹੀ ਕਾਂਗਰਸ ਦੀ ਝੋਲੀ ਵਿਚ ਪੈ ਜਾਣਗੀਆਂ ਅਜਿਹੇ ਅਨੁਮਾਨ ਲਗਾਏ ਜਾ ਰਹੇ ਹਨ। ਇਸ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ ਬਾਦਲ ਬਸਪਾ ਨੂੰ ਗਠਜੋੜ ਵਿਚ ਖਿੱਚਣ ਦੇ ਯਤਨ ਵਿਚ ਹਨ ਤੇ ਫਾਰਮੂਲਾ ਕੁਝ ਇਸ ਤਰ੍ਹਾਂ ਦਾ ਬਣਾਇਆ ਜਾ ਰਿਹਾ ਹੈ ਕਿ ਭਾਜਪਾ ਦੀਆਂ ਸੀਟਾਂ ਘਟਾ ਕੇ ਇਸ ਦੀ ਥਾਂ ਬਸਪਾ ਨੂੰ ਐਡਜਸਟ ਕਰ ਲਿਆ ਜਾਵੇ। ਇਸ ਤਰ੍ਹਾਂ ਬਸਪਾ ਦੀ ਪੱਕੀ ਵੋਟ ਵੀ ਹੱਥ ਹੇਠ ਹੋ ਜਾਵੇਗੀ ਅਤੇ ਗਠਜੋੜ ਦਾ ਨਵੀਨੀਕਰਨ ਵੀ ਹੋ ਜਾਵੇਗਾ। ਅਜਿਹਾ ਹੋਣ ਦੀ ਸੂਰਤ ਵਿਚ ਵੀ ਗਠਜੋੜ ਨੂੰ ਕੋਈ ਖਾਸ ਫਰਕ ਪੈਂਦਾ ਦਿਖਾਈ ਨਹੀਂ ਦਿੰਦਾ ਕਿਉਂਕਿ ਬਾਦਲ ਭਾਜਪਾ ਦੇ ਵੋਟ ਖੋਰੇ ਵਲ ਤਾਂ ਧਿਆਨ ਦੇ ਰਹੇ ਹਨ ਪਰ ਇਹ ਨਹੀਂ ਦੇਖ ਰਹੇ ਕਿ ਉਨ੍ਹਾਂ ਦੀ ਆਪਣੀ ਪੱਕੀ ਵੋਟ ਵੀ ਵੱਡੀ ਗਿਣਤੀ ਵਿਚ ਟੁੱਟਣ ਜਾ ਰਹੀ ਹੈ ਅਤੇ ਇਸ ਦੀ ਭਰਪਾਈ ਉਹ ਕਿਤੋਂ ਵੀ ਕਰ ਨਹੀਂ ਸਕਣਗੇ। ਭਾਜਪਾ ਕੋਲੋਂ ਸੀਟਾਂ ਲੈ ਕੇ ਤਾਂ ਉਹ ਬਸਪਾ ਨੂੰ ਦੇ ਦੇਣਗੇ, ਪਰ ਆਪਣੀਆਂ ਸੀਟਾਂ ਜਥੇਦਾਰਾਂ ਕੋਲੋਂ ਕਿਵੇਂ ਲੈਣਗੇ, ਕਿਉਂਕਿ ਭਾਜਪਾ ਦੀਆਂ ਛੱਡੀਆਂ ਪੰਜ ਸੱਤ ਸੀਟਾਂ ਤਾਂ ਬਸਪਾ ਨੂੰ ਸੰਤੁਸ਼ਟ ਕਰਨ ਲਈ ਕਾਫੀ ਨਹੀਂ ਹੋਣਗੀਆਂ। ਲਗਦਾ ਨਹੀਂ ਕਿ ਬਸਪਾ ਦੇ ਵੋਟ ਬੈਂਕ 'ਤੇ ਅੱਖ ਰੱਖ ਕੇ ਵੀ ਬਾਦਲਾਂ ਦੀਆਂ ਆਸਾਂ ਨੂੰ ਬੂਰ ਪੈ ਸਕੇ।

### ਭ੍ਰਿਸ਼ਟ ਸਮਾਜੀ ਪ੍ਰਬੰਧ ਦੀ ਸਭਿਆਚਾਰ 'ਤੇ ਮਾਰ

ਸਮਾਜਕ ਪ੍ਰਬੰਧ ਦੇ ਮਾੜੇ ਹੋਣ ਦੀ ਸੂਰਤ ਵਿਚ ਇਸ ਦੇ ਸਾਰੇ ਪੱਖ ਹੀ ਭ੍ਰਿਸ਼ਟੇ ਜਾਂਦੇ ਹਨ। ਉਹ ਪੱਖ ਵੀ ਜਿਨ੍ਹਾਂ ਦਾ ਅਕਸ ਬੇਦਾਗ ਖ਼ਿਆਲ ਕੀਤਾ ਤੇ ਉਮੀਦ ਕੀਤੀ ਜਾਂਦੀ ਹੈ ਕਿ ਇਨ੍ਹਾਂ ਪੱਖਾਂ ਨਾਲ ਸਬੰਧਤ ਸਰਗਰਮੀਆਂ ਜ਼ਰੂਰ ਹੀ ਸਮਾਜ ਦਾ ਸਾਰਥਕ ਬਦਲਾਅ ਦੀ ਦਿਸ਼ਾ ਵਿਚ ਪੱਥ ਪ੍ਰਦਰਸ਼ਨ ਕਰਨਗੀਆਂ, ਜਿਵੇਂ ਕਿ ਸਾਹਿਤ ਸਿਰਜਣਾ ਅਤੇ ਸਭਿਆਚਾਰਕ ਸਰਗਰਮੀਆਂ। ਹੁਣ ਇਨ੍ਹਾਂ ਸਰਗਰਮੀਆਂ ਨੂੰ ਵੀ ਭ੍ਰਿਸ਼ਟਾਚਾਰ ਦਾ ਗ੍ਰਹਿਣ ਲੱਗਣ ਦੀਆ ਖਬਰਾਂ ਹਨ। ਇਸ ਵਾਰ ਦੇ ਭਾਸ਼ਾ ਵਿਭਾਗ ਦੇ ਇਨਾਮਾਂ ਨੇ ਤਾਂ ਸਾਬਤ ਕਰ ਦਿਤਾ ਹੈ ਕਿ ਇਹ ਇਨਾਮ ਮਿਆਰੀ ਸਾਹਿਤ ਸਿਰਜਣਾ ਲਈ ਨਹੀਂ ਦਿਤੇ ਗਏ। ਕਿਸੇ ਨੂੰ ਇਨਾਮ ਉਸ ਦਾ ਮੂੰਹ ਬੰਦ ਕਰਨ ਲਈ ਦਿਤਾ ਗਿਆ ਹੈ, ਕਿਸੇ ਨੂੰ ਇਨਾਮ ਉਸ ਦਾ ਢਿੱਡ ਭਰਨ ਲਈ ਦਿਤਾ ਗਿਆ ਹੈ। ਕਿਸੇ ਬਾਰੇ ਸ਼ਰਤਾਂ ਲੱਗ ਰਹੀਆਂ ਹਨ ਕਿ ਮੰਨ ਜਾਈਏ ਜੇਕਰ ਕੋਈ ਦੱਸ ਦੇਵੇ ਕਿ ਇਸ ਸ਼ੌਂਕੀ ਨੂੰ ਇਨਾਮ ਕਾਹਦੇ ਲਈ ਦਿਤਾ ਗਿਆ ਹੈ। ਇਨਾਮਾਂ ਦੀ ਕੋਈ ਵੀ ਕਸਵੱਟੀ ਸਮਝ 'ਚ ਨਹੀਂ ਆ ਰਹੀ, ਸਿਰਫ ਇਕੋ ਗੱਲ ਸਮਝ ਆ ਰਹੀ ਹੈ ਕਿ ਇਨਾਮਾਂ ਵਿਚ ਕੋਈ ਵੱਡੀ ਘਪਲੇਬਾਜ਼ੀ ਹੈ। ਇਹ ਘਪਲੇਬਾਜ਼ੀ ਕਰਨ ਵਾਲੇ ਕੋਈ ਹੋਰ ਨਹੀਂ ਸਗੋਂ ਖੁਦ ਲੇਖਕ ਹਨ, ਜਿਹੜੇ ਸਾਹਿਤ ਸਿਰਜਣਾ ਘੱਟ ਕਰਦੇ ਹਨ ਤੇ ਗੁੱਟਬੰਦੀਆਂ ਕਰਨ 'ਚ ਵਧੇਰੇ ਮਸਰੂਫ ਰਹਿੰਦੇ ਹਨ। ਹੁਣ ਦਿਨ ਦੂਰ ਨਹੀਂ ਜਦੋਂ ਲੇਖਕਾਂ ਬਾਰੇ ਵੀ ਜਾਂਚ ਕਮੇਟੀ ਕਾਇਮ ਕਰਨ ਦੀ ਮੰਗ ਕੀਤੀ ਜਾਇਆ ਕਰੇਗੀ। ਲੇਖਕ ਤੇ ਰੰਗਕਰਮੀ ਆਦਿ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਇਸ ਸਮੇਂ ਭਾਸ਼ਾ ਤੇ ਸਭਿਆਚਾਰ ਲਈ ਰਾਖਵੀਆਂ ਇਮਾਰਤਾਂ ਨੂੰ ਆਪਣੇ ਨਿੱਜੀ ਸਵਾਰਥਾਂ ਅਤੇ ਆਪਣੀ ਮੁਫਤ ਵਿਚ ਠੁੱਕ ਬਣਾਉਣ ਲਈ ਖੂਬ ਇਸਤੇਮਾਲ ਕਰ ਰਹੇ ਹਨ। ਤਾਜ਼ਾ ਵਿਵਾਦ ਅੰਮ੍ਰਿਤਸਰ ਦੇ ਵਿਰਸਾ ਵਿਹਾਰ ਨਾਲ ਸਬੰਧਤ ਹੈ। ਆਰ.ਟੀ.ਆਈ. ਤਹਿਤ ਜਾਣਕਾਰੀ (ਕੋਰਟ ਰੋਡ ਵਾਸੀ ਬਲਵਿੰਦਰ ਸਿੰਘ ਵਲੋਂ) ਮੰਗੀ ਗਈ ਸੀ ਕਿ ਵਿਰਸਾ ਵਿਹਾਰ ਸੁਸਾਇਟੀ ਵਲੋਂ 18 ਤੋਂ 20 ਫਰਵਰੀ ਨੂੰ ਹੋਏ ਤਿੰਨ ਦਿਨਾਂ ਵਿਰਾਸਤ ਮੇਲੇ 'ਤੇ ਕਿੰਨਾ ਪੈਸਾ ਖਰਚ ਹੋਇਆ, ਕਿੱਥੇ ਕਿੱਥੇ ਹੋਇਆ, ਉਸ ਦੇ ਬਿੱਲਾਂ ਸਮੇਤ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਉਨ੍ਹਾਂ ਨੂੰ ਦਿੱਤੀਆਂ ਜਾਣ। ਵਿਰਸਾ ਵਿਹਾਰ ਸੁਸਾਇਟੀ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ 8 ਅਪ੍ਰੈਲ 2011 ਨੂੰ ਜਵਾਬ ਦਿਤਾ ਕਿ ਵਿਰਸਾ ਵਿਹਾਰ ਸੁਸਾਇਟੀ ਨੂੰ ਕੋਈ ਸਰਕਾਰੀ ਪੈਸਾ ਨਹੀਂ ਮਿਲਦਾ, ਇਸ ਲਈ ਇਹ ਆਰ.ਟੀ.ਆਈ. ਅਧੀਨ ਨਹੀਂ ਆਉਂਦੀ। ਇਹ ਕੋਰਾ ਝੂਠ ਰੰਗਕਰਮੀ ਕੇਵਲ ਧਾਲੀਵਾਲ ਨੇ ਬੋਲਿਆ ਹੈ ਜਦਕਿ ਸੱਚਾਈ ਇਹ ਹੈ ਕਿ ਵਿਰਸਾ ਵਿਹਾਰ ਦੀ ਸਰਕਾਰੀ ਇਮਾਰਤ ਦਾ ਸਾਰਾ ਕੰਟਰੋਲ ਹੀ ਪਿਛਲੇ ਚਾਰ ਸਾਲਾਂ ਤੋਂ ਵਿਰਸਾ ਵਿਹਾਰ ਸੁਸਾਇਟੀ ਕੋਲ ਹੈ। ਰਾਜ ਸੂਚਨਾ ਕਮਿਸ਼ਨਰ ਵਲੋਂ ਡਿਪਟੀ ਕਮਿਸ਼ਨਰ ਅਤੇ ਡਾਇਰੈਕਟਰ ਸਭਿਆਚਾਰਕ ਮਾਮਲਿਆਂ ਪਾਸੋਂ ਵਿਰਸਾ ਵਿਹਾਰ ਦੀ ਕਰੋੜਾਂ ਰੁਪਏ ਇਮਾਰਤ ਬਾਰੇ ਹੋਰ ਵੀ ਕਈ ਸਪਸ਼ਟੀਕਰਨ ਲੈਣ ਲਈ ਇਨ੍ਹਾਂ ਨੂੰ 18 ਨਵੰਬਰ ਨੂੰ ਤਲਬ ਕੀਤਾ ਗਿਆ। ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦੇ ਅਜਿਹੇ ਵਿਵਾਦਾਂ ਵਿਚ ਘਿਰਨਾ ਸੱਚਮੁਚ ਮੰਦਭਾਗਾ ਹੈ।

### ਕਾਲੇ ਕਾਨੂੰਨਾਂ ਦੀ ਵਾਪਸੀ

ਜਨਤਕ ਸੰਗਠਨਾਂ ਅਤੇ ਲੋਕ ਹਿਤੈਸ਼ੀ ਸਿਆਸੀ ਪਾਰਟੀਆਂ ਦੇ ਭਾਰੀ ਵਿਰੋਧ ਦੇ ਚਲਦਿਆਂ ਪੰਜਾਬ ਸਰਕਾਰ ਨੇ ਦੋ ਕਾਲੇ ਕਾਨੂੰਨ ਵਾਪਸ ਲੈ ਲਏ ਹਨ। ਇਹ ਦੋਵੇਂ ਕਾਨੂੰਨ ਪੰਜਾਬ ਪੁਲੀਸ ਨੂੰ ਅਜਿਹੇ ਅਧਿਕਾਰ ਦਿੰਦੇ ਸਨ ਜਿਨ੍ਹਾਂ ਦੀ ਵਰਤੋਂ ਨਾਲ ਉਹ ਜਨਤਕ ਸੰਘਰਸ਼ਾਂ ਦੇ ਰਾਹ ਵਿਚ ਅਨੇਕਾਂ ਅੜਿੱਕੇ ਡਾਹ ਸਕਦੀ ਸੀ। ਇਨ੍ਹਾਂ ਵਿਚੋਂ ਇਕ ਕਾਨੂੰਨ ਤਹਿਤ ਧਰਨਾ, ਪ੍ਰਦਰਸ਼ਨ ਜਾਂ ਰੋਸ ਮਾਰਚ ਕਰਨ ਜਾ ਰਹੇ ਸੰਗਠਨ ਨੂੰ ਇਸ ਦੀ ਸੂਚਨਾ ਨੇੜਲੇ ਪੁਲੀਸ ਸਟੇਸ਼ਨ ਨੂੰ ਦੇ ਕੇ ਮਨਜ਼ੂਰੀ ਲੈਣੀ ਪਿਆ ਕਰਨੀ ਸੀ। ਜਾਹਿਰ ਹੈ ਕਿ ਪੁਲਿਸ ਨੇ ਮਨਜ਼ੂਰੀ ਦੇਣ ਦੀ ਥਾਂ ਸੰਘਰਸ਼ ਨੂੰ ਰੋਕਣ ਦੇ ਕੰਮ ਨੂੰ ਹੀ ਪਹਿਲ ਦੇਣੀ ਸੀ ਤੇ ਸੰਘਰਸ਼ ਕਰ ਰਹੀ ਧਿਰ ਉਪਰ ਮਨੋਬਲ ਗਿਰਾਵਟ ਵਾਲੀਆਂ ਸ਼ਰਤਾਂ ਠੋਸ ਕੇ ਇਸ ਨੂੰ ਮੁੱਢ ਵਿਚ ਹੀ ਬੇਅਸਰ ਕਰਨ ਦਾ ਯਤਨ ਕਰਿਆ ਕਰਨਾ ਸੀ। ਲੋਕਾਂ ਲਈ ਲੰਮੇ ਸਮੇਂ ਤੋਂ ਜਦੋ ਜਹਿਦ ਕਰਦੀਆਂ ਆ ਰਹੀਆਂ ਧਿਰਾਂ ਨੇ ਇਸ ਕਾਨੂੰਨ ਨੂੰ ਲੋਕ ਸੰਘਰਸ਼ਾਂ ਦੀ ਤੌਹੀਨ ਗਰਦਾਨਿਆ ਸੀ ਤੇ ਆਪਣੇ ਲਈ ਇਕ ਵੱਡੀ ਚੁਨੌਤੀ ਵੀ। 17




ਜਥੇਬੰਦੀਆਂ ਦੇ ਸਾਂਝੇ ਲੋਕ ਸੰਘਰਸ਼ ਮੋਰਚੇ ਦੇ ਏਜੰਡੇ ਵਿਚ ਇਸ ਨੂੰ ਵਿਸ਼ੇਸ਼ ਤੌਰ 'ਤੇ ਰੱਖਿਆ ਗਿਆ ਸੀ। ਦੂਜਾ ਕਾਲਾ ਕਾਨੂੰਨ ਵਾਪਸ ਕਰਵਾਉਣਾ ਵੀ ਇਸ ਦੇ ਏਜੰਡ ਉਪਰ ਸੀ, ਜਿਸ ਦੇ ਤਹਿਤ ਕਿਸੇ ਵਿਰੋਧ ਪ੍ਰਦਰਸ਼ਨ ਸਮੇਂ ਹੋਈ ਭੰਨ ਤੋੜ ਦੇ ਹਰਜਾਨੇ ਦੀ ਪੂਰਤੀ ਦੀ ਜ਼ੁੰਮੇਵਾਰੀ ਸੰਘਰਸ਼ ਕਰ ਰਹੀ ਧਿਰ ਉਪਰ ਪਾਉਣਾ ਸੀ। ਇਹ ਦੋਵੇਂ ਕਾਨੂੰਨ ਪੁਲੀਸ ਅਤੇ ਪ੍ਰਸ਼ਾਸਨ ਨੂੰ ਅਜਿਹੇ ਅਧਿਕਾਰ ਦਿੰਦੇ ਸਨ ਜਿਨ੍ਹਾਂ ਨੂੰ ਪਾਉਣ 'ਤੇ ਉਹ ਹੁਣ ਨਾਲੋਂ ਵੀ ਕਈ ਗੁਣਾਂ ਜਾਬਰ ਹੋ ਜਾਣੇ ਸਨ। ਇਸੇ ਖਤਰੇ ਨੂੰ ਭਾਂਪਦਿਆਂ ਸਹੀ ਸੋਚ ਵਾਲੇ ਜਾਗਰੂਕ ਲੋਕਾਂ ਨੇ ਇਨ੍ਹਾਂ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ ਅਤੇ ਅੰਤ ਸਰਕਾਰ ਨੂੰ ਝੁਕਣਾ ਪਿਆ। ਪੰਜਾਬ ਵਿਧਾਨ ਸਭਾ ਦੇ ਆਖਰੀ ਸੈਸ਼ਨ ਵਿਚ ਇਨ੍ਹਾਂ ਨੂੰ ਚੁੱਪ ਚੁਪੀਤੇ ਹੀ ਵਾਪਸ ਲੈ ਲਿਆ ਗਿਆ।

### ਤੀਜੇ ਮੋਰਚੇ ਦਾ ਗਠਨ

ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਗੈਰ ਭਾਜਪਾ-ਅਕਾਲੀ, ਅਤੇ ਗੈਰ ਕਾਂਗਰਸੀ ਸਿਆਸੀ ਪਾਰਟੀਆਂ ਤੀਜੇ ਮੋਰਚੇ ਦੇ ਰੂਪ ਵਿਚ ਗਠਿਤ ਹੋਣ ਦੇ ਨੇੜੇ ਪਹੁੰਚ ਗਈਆਂ ਹਨ। ਇਸ ਦਿਸ਼ਾ ਵਿਚ ਹੋਈ ਪ੍ਰਗਤੀ ਮੁਤਾਬਕ ਹੁਣ ਤਕ ਪੰਜਾਬ ਪੀਪਲਜ਼ ਪਾਰਟੀ, ਦੋਵੇਂ ਕਮਿਊਨਿਸਟ ਪਾਰਟੀਆਂ ਅਤੇ ਅਕਾਲੀ ਦਲ ਲੌਂਗੋਵਾਲ ਨੇ ਕਈ ਮੁੱਦਿਆਂ 'ਤੇ ਸਹਿਮਤੀ ਕਰ ਲਈ ਹੈ ਅਤੇ ਮੋਰਚੇ ਦੇ ਜਥੇਬੰਦਕ ਢਾਂਚੇ ਦਾ ਐਲਾਨ ਵੀ ਕਰ ਦਿਤਾ ਗਿਆ ਹੈ। ਤੀਜੇ ਮੋਰਚੇ ਦਾ ਗਠਨ ਤਕਰੀਬਨ ਹਰ ਵਿਧਾਨ ਸਭਾ ਚੋਣਾਂ ਸਮੇਂ ਹੁੰਦਾ ਰਿਹਾ ਹੈ। ਜਾਪਦਾ ਹੈ ਕਿ



ਕਮਿਊਨਿਸਟ ਪਾਰਟੀਆਂ ਹੀ ਇਸ ਦੀਆਂ ਸਥਾਈ ਮੈਂਬਰ ਹਨ। ਇਨ੍ਹਾਂ ਸਥਾਈ ਪ੍ਰਤੀਤ ਹੁੰਦੇ ਮੈਂਬਰਾਂ ਵਿਚੋਂ ਵੀ ਸੀ.ਪੀ.ਆਈ. ਕਾਂਗਰਸ ਨਾਲ ਚੋਣ ਸਮਝੌਤਾ ਕਰ ਕੇ ਜ਼ਰਾ ਸੁਖਾਲਾ ਮਹਿਸੂਸ ਕਰਦੀ ਹੈ। ਤੀਜੇ ਮੋਰਚੇ ਵਿਚ ਇਸ ਵਾਰ ਜੋ ਜ਼ਿਕਰਯੋਗ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ਉਹ ਹੈ ਬਲਵੰਤ ਸਿੰਘ ਰਾਮੂਵਾਲੀਆ ਦੀ ਲੋਕ ਭਲਾਈ ਪਾਰਟੀ ਦਾ ਅਜੇ ਤਕ ਇਸ ਵਿਚੋਂ ਬਾਹਰ ਰਹਿਣਾ। ਦੂਜੇ ਪਾਸੇ ਮਨਪ੍ਰੀਤ ਸਿੰਘ ਬਾਦਲ ਦਾ ਮੋਰਚੇ ਵਿਚ ਸ਼ਾਮਲ ਹੋਣਾ ਮੋਰਚੇ ਪ੍ਰਤੀ ਸਿਆਸੀ ਉਤਸਕਤਾ ਪੈਦਾ ਕਰ ਰਿਹਾ ਹੈ। ਮੋਰਚੇ ਦਾ ਮਨਪ੍ਰੀਤ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਪੇਸ਼ ਕਰਨਾ ਵੀ ਮੋਰਚੇ ਲਈ ਫਾਇਦੇਮੰਦ ਰਹੇਗਾ। ਦਰਅਸਲ, ਖੱਬੀਆਂ ਪਾਰਟੀਆਂ ਨੂੰ ਮਨਪ੍ਰੀਤ ਸਿੰਘ ਬਾਦਲ ਦਾ ਮੁਹਾਵਰਾ (ਗੰਭੀਰ), ਰਾਮੂਵਾਲੀਆ ਦੇ ਤਨਜ਼ੀਆ ਲਹਿਜੇ ਨਾਲੋਂ ਵਧੇਰੇ ਜਚ ਰਿਹਾ ਹੈ, ਇਸ ਲਈ ਖੱਬੀਆਂ ਪਾਰਟੀਆਂ ਦਾ ਸ਼ੁਰੂ ਤੋਂ (ਜਦੋਂ ਤੋਂ ਮਨਪ੍ਰੀਤ ਦਾ ਆਪਣੇ ਤਾਇਆ ਜੀ ਤੋਂ ਤੋੜ ਵਿਛੋੜਾ ਹੋਇਆ ਹੈ) ਹੀ ਮਨਪ੍ਰੀਤ ਬਾਦਲ ਪ੍ਰਤੀ ਝੁਕਾਅ ਬਣਿਆ ਹੋਇਆ ਹੈ। ਉਂਜ ਜੇਕਰ ਲੋਕ ਭਲਾਈ ਪਾਰਟੀ ਦੀ ਵੀ ਤੀਜੇ ਮੋਰਚੇ ਵਿਚ ਸ਼ਮੂਲੀਅਤ ਹੋ ਜਾਂਦੀ ਹੈ ਤਾਂ ਇਸ ਨੂੰ ਤਾਬੜ ਤੋੜ ਅੰਦਾਜ਼ ਵਿਚ ਤਕਰੀਰ ਕਰਨ ਵਾਲਾ ਬੁਲਾਰਾ ਮਿਲ ਜਾਵੇਗਾ। ਹੋਰ ਖੱਬੀਆਂ ਪਾਰਟੀਆਂ ਅਤੇ ਬਸਪਾ ਵੀ ਜੇਕਰ ਮੋਰਚੇ ਵਿਚ ਸ਼ਾਮਲ ਹੁੰਦੀਆਂ ਹਨ ਤਾਂ ਨਾ ਕੇਵਲ ਇਸ ਦਾ ਜਨਤਕ ਆਧਾਰ ਵਿਸ਼ਾਲ ਹੋ ਜਾਵੇਗਾ ਸਗੋਂ ਇਸ ਦੀ ਚੋਣ ਮੁਹਿੰਮ ਨੂੰ ਵੀ ਵਿਆਪਕ ਹੁਲਾਰਾ ਮਿਲੇਗਾ। ਤੀਜੇ ਮੋਰਚੇ ਦੀ ਚੁਣਾਵੀਂ ਚੁਣੌਤੀ ਬਾਰੇ ਕੋਈ ਭਵਿੱਖਬਾਣੀ ਅਜੇ ਸਮੇਂ ਤੋਂ ਪਹਿਲਾਂ ਕਰਨ ਵਾਲੀ ਗੱਲ ਹੋਵੇਗੀ।

### ਝੋਨੇ ਦਾ ਝਾੜ ਘਟਿਆ

ਝੋਨੇ ਦੇ ਝਾੜ ਬਾਰੇ ਅਜੇ ਬਕਾਇਦਾ ਕੋਈ ਸਰਕਾਰੀ ਅੰਕੜੇ ਤਾਂ ਜਾਰੀ ਨਹੀਂ ਹੋਏ ਪਰ ਕਿਸਾਨਾਂ ਤੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਝੋਨੇ ਦੇ ਝਾੜ ਵਿਚ ਇਸ ਸਾਲ ਪਿਛਲੇ ਸਾਲ ਨਾਲੋਂ ਤਿੰਨ ਤੋਂ ਲੈ ਕੇ ਪੰਜ ਕੁਇੰਟਲ ਪ੍ਰਤੀ ਏਕੜ ਕਮੀ ਆਈ ਹੈ। ਝੋਨੇ ਦੀ ਫਸਲ ਇਸ ਵਾਰ ਖੇਤਾਂ ਵਿਚ ਭਰਵੀਂ ਦਿਖਾਈ ਦੇ ਰਹੀ ਸੀ, ਕੋਈ ਵਿਸ਼ੇਸ਼ ਬਿਮਾਰੀ ਵੀ ਨਹੀਂ ਸੀ ਪਈ ਤੇ ਨਾ ਹੀ ਇਸ ਉਪਰ ਕਿਸੇ ਕੀੜੇ ਦਾ ਹਮਲਾ ਹੋਇਆ ਸੀ। ਕਿਸਾਨ ਸੋਚੀਂ ਪਏ ਹੋਏ ਹਨ ਕਿ ਫਿਰ ਝਾੜ



ਘੱਟ ਕਿਉਂ ਨਿਕਲਿਆ। ਦਰਅਸਲ, ਪੰਜਾਬ ਦੀ ਭੋਂਇ ਕਣਕ ਝੋਨੇ ਦੇ ਫਸਲੀ ਚੱਕਰ ਨੇ ਨਿਚੋੜ ਛੱਡੀ ਹੈ। ਇਸ ਦੇ ਬਹੁਤ ਸਾਰੇ ਖਣਿਜ ਖਾਤਮੇ ਦੇ ਪੱਧਰ 'ਤੇ ਪਹੁੰਚ ਗਏ ਹਨ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਦੁਆਰਾ ਵੀ ਧਰਤੀ ਦੀ ਸਿਹਤ ਸੁਧਰ ਨਹੀਂ ਰਹੀ। ਕਿਸਾਨ ਨੂੰ ਇਨ੍ਹਾਂ ਫਸਲਾਂ ਦੀ ਉਤਪਾਦਕਤਾ ਦਾ ਜ਼ਮੀਨ ਦੀ ਸਿਹਤ ਨਾਲ ਤਾਲਮੇਲ ਬਿਠਾਉਣਾ ਆਉਂਦੇ ਸਮੇਂ ਵਿਚ ਹੋਰ ਵੀ ਔਖਾ ਹੋ ਜਾਵੇਗਾ ਕਿਉਂਕਿ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ, ਡੀ.ਏ.ਪੀ. ਦੇ ਭਾਅ ਵੀ ਅਸਮਾਨ ਛੂਹਣ ਲੱਗੇ ਹਨ। ਬਿਹਤਰ ਇਹੀ ਹੋਵੇਗਾ ਕਿ ਕਿਸਾਨ ਵੀ ਅਤੇ ਸਰਕਾਰ ਵੀ ਕਣਕ ਝੋਨੇ ਦੇ ਫਸਲੀ ਚੱਕਰ ਦੀ ਅਸਫਲਤਾ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਦੇ ਫਸਲੀ ਚੱਕਰ ਨੂੰ ਬਦਲਣ ਲਈ ਢੁਕਵੇਂ ਕਦਮ ਉਠਾਏ ਜਾਣ।

### ਛੇਕੜਲੀ ਗੱਲ

ਆਪੋ ਆਪਣੀ ਸੋਚ ਹੁੰਦੀ ਹੈ।

ਕੁਝ ਲੋਕ ਸੋਚਦੇ ਹਨ ਕਿ ਸਾਡਾ ਦੇਸ਼ ਕੁਰੱਪਸ਼ਨ ਬਗੈਰ ਚੱਲ ਹੀ ਨਹੀਂ ਸਕਦਾ।

ਇਹ ਕੁਰੱਪਸ਼ਨ 'ਤੇ ਉਵੇਂ ਹੀ ਲੱਗ ਗਿਆ ਹੈ ਜਿਵੇਂ ਮੱਝ ਭਾੜੇ 'ਤੇ ਲੱਗ ਜਾਂਦੀ ਹੈ।

ਇਨ੍ਹਾਂ ਲੋਕਾਂ ਦੀ ਸੋਚ ਉਸ ਅਮਲੀ ਵਰਗੀ ਹੈ, ਜਿਹੜਾ ਨਸ਼ਾ ਪੱਤਾ ਖਿੜੇ ਤੋਂ ਪਿੰਡ ਵਿਚ ਮੀਂਹ ਪੁਆਉਣ ਲਈ ਚੱਲ ਰਹੇ ਜੱਗ ਵਿਚ ਚੌਲ ਖਾਣ ਲਈ ਗਿਆ ਸੀ। ਮਿੱਠੇ ਤੇ ਨਸ਼ੇ ਦੇ ਅਦਭੁਤ ਮੇਲ ਦਾ ਨਮੂਨਾ ਖੇਸ਼ ਕਰਦਿਆਂ ਅਮਲੀ ਮਿੱਠੇ ਚੌਲ ਵਾਰ ਵਾਰ ਪੁਆ ਕੇ ਨਿਬੇੜੀ ਜਾ ਰਿਹਾ ਸੀ। ਆਖਰ ਵਰਤਾਵਾ ਹਾਰ ਗਿਆ, ਉਹਨੇ ਅੱਕ ਕੇ ਅਮਲੀ ਨੂੰ ਹੋਰ ਚੌਲ ਪਾਉਣੋਂ ਨਾਂਹ ਕਰ ਦਿਤੀ।

ਹੋਰ ਚੌਲ ਖਾਣ ਲਈ ਲਲਚਾਇਆ ਅਮਲੀ ਖਹਿੜੇ ਵੀ ਪਿਆ ਪਰ ਵਰਤਾਵੇ ਦੀ ਨਾਂਹ ਅਟੱਲ ਵੇਖ ਕੇ ਉਨ੍ਹੇ ਆਪਣਾ ਸਾਫਾ ਚੁੱਕਿਆ, ਝਾੜਿਆ ਤੇ ਕੁਝ ਇਸ ਤਰ੍ਹਾਂ ਬੁੜਬੁੜਾਉਂਦਾ ਤੁਰ ਗਿਆ,

''..... ਚੰਗਾ ਫਿਰ ਪੁਆ ਲਿਉ ਮੀਂਹ .... ਐਂ ਨੀਂ ਪੈਂਦਾ ਬਾਈ ਜੀ ਮੀਂਹ.... ਥੋਡੇ ਆਂਗੂ...... ਸਾਡੇ ਵਰਗਿਆਂ ਨੂੰ ਭੁੱਖੇ ਮਾਰ ਕੇ ....... ਚੰਗਾ ਫੇਰ ਪੁਆ ਲਿਓ ਮੋਹਲੇਧਾਰ ......!!'

# ਕਹਾਣੀਕਾਰ ਜਰਨੈਲ ਸਿੰਘ ਅਤੇ ਪ੍ਰੋ: ਗੁਰਵਿੰਦਰ ਧਾਲੀਵਾਲ ਨੂੰ ਮਿਲੇ ਭਾਸ਼ਾ ਵਿਭਾਗ ਦੇ ਸਨਮਾਨ

ਟੋਰਾਂਟੋ, (ਨਦਬ) : ਭਾਸ਼ਾ ਵਿਭਾਗ ਪੰਜਾਬ ਵੱਲੋਂ ਹਾਲ ਹੀ ਵਿੱਚ ਕਹਾਣੀਕਾਰ ਜਰਨੈਲ ਸਿੰਘ ਨੂੰ ਸ਼੍ਰੋਮਣੀ ਪਰਵਾਸੀ ਸਾਹਿਤਕਾਰ ਐਵਾਰਡ ਦੇਣ ਦੇ ਐਲਾਨ ਦਾ ਇਥੋਂ ਦੇ ਬੁੱਧੀਜੀਵੀਆਂ ਅਤੇ ਲਿਖਾਰੀਆਂ ਨੇ ਸਵਾਗਤ ਕੀਤਾ ਹੈ। ਇਹ ਐਵਾਰਡ ਉਸ ਨੂੰ ਪਰਵਾਸੀ ਪੰਜਾਬੀ ਕਹਾਣੀ ਵਿੱਚ ਨਵੇਂ ਪ੍ਰਤੀਮਾਨ ਸਿਰਜਣ ਸਦਕਾ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਵੈਨਕੂਵਰ ਦੇ ਪੱਤਰਕਾਰ ਪ੍ਰੋ: ਗੁਰਵਿੰਦਰ ਧਾਲੀਵਾਲ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਐਲਾਨਿਆ ਗਿਆ ਹੈ। ਸਾਲ 2010-11 ਦੇ ਇਨ੍ਹਾਂ ਸਨਮਾਨਾਂ ਲਈ ਇਹ ਐਲਾਨ ਬੀਤੇ ਦਿਨੀਂ ਕੀਤੇ ਗਏ ਜਿਸ ਵਿੱਚ ਦੋ ਦਰਜਨ ਤੋਂ ਵੱਧ ਲਿਖਾਰੀ, ਕਲਾਕਾਰ ਤੇ ਪੱਤਰਕਾਰ ਚੁਣੇ ਗਏ ਹਨ। ਬਰੈਂਪਟਨ ਵਾਸੀ ਜਰਨੈਲ ਸਿੰਘ ਅਜੋਕੀ ਪੰਜਾਬੀ ਕਹਾਣੀ ਦਾ ਬਹੁ-ਚਰਚਿਤ ਤੇ ਸਮਰੱਥ ਕਹਾਣੀਕਾਰ ਹੈ। ਉਸ ਨੇ ਪਿਛਲੇ 30 ਸਾਲਾਂ ਦੌਰਾਨ ਬੜੀਆਂ ਹੀ ਜਾਨਦਾਰ ਕਹਾਣੀਆਂ ਲਿਖੀਆਂ ਹਨ। ਉਸ ਨੇ ਪੰਜ ਕਹਾਣੀ ਸੰਗ੍ਰਹਿ- 'ਮੈਨੂੰ ਕੀ', 'ਮਨੁੱਖ ਤੇ ਮਨੁੱਖ', 'ਸਮੇਂ ਦੇ ਹਾਣੀ', 'ਦੋ ਟਾਪੂ' ਤੇ 'ਟਾਵਰਜ਼' ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਏ ਹਨ। ਉਸ ਦਾ ਕਹਾਣੀ-ਸੰਗ੍ਰਹਿ ''ਦੋ ਟਾਪੂ'' ਅੱਜ ਕੱਲ੍ਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਵਿਖੇ ਪੰਜਾਬੀ ਦੀ ਐਮ.ਏ ਦੇ ਸਿਲੇਬਸਾਂ ਵਿੱਚ ਲੱਗਿਆ ਹੋਇਆ ਹੈ।

1999 ਤੋਂ ਵੈਨਕੂਵਰ ਵੱਸਦਾ ਗੁਰੂਨਾਨਕ ਦੇਵ ਯੂਨੀਵਰਸਿਟੀ ਦਾ ਗੋਲਡਮੈਡਲਿਸਟ ਪ੍ਰੋ.ਗੁਰਵਿੰਦਰ ਧਾਲੀਵਾਲ ''ਸ਼ੇਰੇ ਪੰਜਾਬ ਰੇਡੀਓ'' ਦੀ ਸੰਚਾਲਕੀ ਅਤੇ ਸਾਹਿਤਕ ਰਸਾਲੇ ਇੰਡੋ ਕੈਨੇਡੀਅਨ ਫੁਲਵਾੜੀ ਦੀ ਸੰਪਾਦਕੀ ਕਰਨ ਤੋਂ ਇਲਾਵਾ 'ਅਜੀਤ' ਜਲੰਧਰ ਦਾ ਪੱਤਰਕਾਰ ਹੈ ਅਤੇ ਅੱਜ ਕੱਲ੍ਹ ਕੈਨੇਡੀਅਨ ਸਾਹਿਤਕ ਪੱਤਰਕਾਰੀ ਦੇ ਸੌ ਸਾਲਾ ਸਫ਼ਰ 'ਤੇ ਪੀ.ਐਚ.ਡੀ. ਕਰ ਰਿਹਾ ਹੈ। ਦੋਹਾਂ ਸ਼ਖਸੀਅਤਾਂ ਨੂੰ ਦੁਨੀਆਂ ਭਰ ਤੋਂ ਵਧਾਈ ਸੰਦੇਸ਼ ਮਿਲ ਰਹੇ ਹਨ।



ਜਰਨੈਲ ਕਹਾਣੀਕਾਰ | ਸਰਦਾਰ ਅੰਜੁਮ | ਹਰਭਜਨ ਸਿੰਘ ਭਾਟੀਆ | ਹਰਵਿੰਦਰ ਸਿੰਘ ਖਾਲਸਾ | ਜਤਿੰਦਰ ਕੌਰ | ਕਮਲਜੀਤ ਸਿੰਘ ਨੀਲੋਂ

ਪ੍ਰੋ. ਗੁਰਵਿੰਦਰ ਧਾਲੀਵਾਲ | ਕਿਰਪਾਲ ਸਿੰਘ ਬਡੂੰਗਰ | ਸੁਰਜੀਤ ਜੱਜ | ਸੁਰਿੰਦਰ ਗਿੱਲ | ਸੁਰਜੀਤ ਸਿੰਘ ਹੰਸ | ਵੀਨਾ ਵਰਮਾ

ਉਕਤ ਸ਼ਖ਼ਸੀਅਤਾਂ ਸਮੇਤ ਜਿਨ੍ਹਾਂ ਹੋਰਨਾਂ ਵਿਅਕਤੀਆਂ ਦੀ ਚੋਣ ਐਵਾਰਡਾਂ ਲਈ ਕੀਤੀ ਗਈ ਹੈ ਉਨ੍ਹਾਂ ਵਿੱਚ ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਲਈ ਗੁਰਬਚਨ ਸਿੰਘ ਅਤੇ ਕ੍ਰਿਸ਼ਨ ਕੁਮਾਰ ਰੱਤੂ, ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਲਈ ਸਰਦਾਰ ਅੰਜੁਮ ਅਤੇ ਡਾ. ਰੂਬੀਨਾ ਸ਼ਬਨਮ, ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ ਲਈ ਸ਼ਿਵ ਪ੍ਰਸ਼ਾਦ ਭਾਰਦਵਾਜ ਅਤੇ ਡਾ. ਮਹੇਸ਼ ਚੰਦਰ ਸ਼ਰਮਾ ਗੌਤਮ ਦੀ ਚੋਣ ਕੀਤੀ ਗਈ।

ਇਸੇ ਤਰ੍ਹਾਂ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਸੁਰਿੰਦਰ ਗਿੱਲ ਅਤੇ ਸੁਰਜੀਤ ਜੱਜ, ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ ਲਈ ਹਰਭਜਨ ਸਿੰਘ ਭਾਟੀਆ ਅਤੇ ਸ਼੍ਰੋਮਣੀ ਗਿਆਨ ਸਾਹਿਤਕਾਰ ਪੁਰਸਕਾਰ ਲਈ ਸਰੂਪ ਸਿੰਘ ਅਲੱਗ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ ਲਈ ਵੀਨਾ ਵਰਮਾ ਅਤੇ ਜਰਨੈਲ ਸਿੰਘ ਟੋਰਾਂਟੋ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਦਰਸ਼ਨ ਸਿੰਘ ਭਾਊ ਅਤੇ ਹਰਭਜਨ ਸਿੰਘ ਕੋਮਲ, ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਲਈ ਸੁਖਦੇਵ ਸਿੰਘ ਗਰੇਵਾਲ ਅਤੇ ਕਮਲਜੀਤ ਨੀਲੋਂ, ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਲਈ ਗੁਰਵਿੰਦਰ ਸਿੰਘ ਧਾਲੀਵਾਲ ਅਤੇ ਜਗਦੀਸ਼ ਸਿੰਘ ਵਰਿਆਮ, ਸ਼੍ਰੋਮਣੀ ਰਾਗੀ, ਢਾਡੀ, ਕਵੀਸ਼ਰ ਪੁਰਸਕਾਰ ਲਈ ਕਵੀਸ਼ਰ ਜੋਗਾ ਸਿੰਘ ਜੋਗੀ ਅਤੇ ਨਿਰਮਲ ਸਿੰਘ ਖਾਲਸਾ, ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ, ਰੇਡੀਓ, ਥੀਏਟਰ ਪੁਰਸਕਾਰ ਲਈ ਸ਼੍ਰੀਮਤੀ ਜਤਿੰਦਰ ਕੌਰ ਅਤੇ ਕੇਸਰ ਸਿੰਘ (ਫਿਲਮਸਾਜ਼), ਸ਼੍ਰੋਮਣੀ ਪੰਜਾਬੀ ਗਾਇਕ, ਸੰਗੀਤਕਾਰ ਪੁਰਸਕਾਰ ਲਈ ਅਮਰਜੀਤ ਗੁਰਦਾਸਪੁਰੀ ਲੜੀਵਾਰ ਸਾਲ 2010 ਅਤੇ ਸਾਲ 2011 ਦੇ ਪੁਰਸਕਾਰਾਂ ਲਈ ਚੁਣੇ ਗਏ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਛੇਤੀ ਹੀ ਇਕ ਸਮਾਗਮ ਦੌਰਾਨ ਇਨ੍ਹਾਂ ਪੁਰਸਕਾਰਾਂ ਦੀ ਵੰਡ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਸੇਖਵਾਂ ਨੇ ਸਮੂਹ ਸਾਹਿਤਕਾਰਾਂ ਦਾ ਸਵਾਗਤ ਕਰਦਿਆਂ ਆਸ ਪ੍ਰਗਟ ਕੀਤੀ ਕਿ ਉਹ ਭਵਿੱਖ ਵਿੱਚ ਵੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਉਂਦੇ ਰਹਿਣਗੇ। ਮੀਟਿੰਗ ਵਿੱਚ ਡਾ. ਰੋਸ਼ਨ ਸੰਕਾਰੀਆ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ, ਡਾ. ਬਲਬੀਰ ਕੌਰ ਡਾਇਰੈਕਟਰ ਭਾਸ਼ਾ ਵਿਭਾਗ ਤੋਂ ਇਲਾਵਾ ਵੱਖ-ਵੱਖ ਸਾਹਿਤ ਅਕਾਦਮੀਆਂ ਦੇ ਅਹੁਦੇਦਾਰਾਂ ਅਤੇ ਬੋਰਡ ਦੇ ਮੈਂਬਰ ਸਾਹਿਤਕਾਰਾਂ, ਪੱਤਰਕਾਰਾਂ ਅਤੇ ਵਿਦਵਾਨਾਂ ਨੇ ਹਿੱਸਾ ਲਿਆ।

## ਪ੍ਰਕਾਸ਼ ਪੁਰਬ 10 ਨੂੰ

ਐਡਮਿੰਟਨ, (ਨਦਬ) : ਐਡਮਿੰਟਨ ਦੇ ਗੁਰਦੁਆਰਿਆਂ ਦੀ ਸਾਂਝੀ ਕਮੇਟੀ ਵਲੋਂ ਇਸ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਵੀਰਵਾਰ 10 ਨਵੰਬਰ, 2011 ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸਥਾਨਕ ਸਿੱਖ ਭਾਈਚਾਰੇ ਵਲੋਂ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਐਡਮਿੰਟਨ ਦੇ ਲੋੜਵੰਦਾਂ ਦੀ ਕੀਤੀ ਜਾਂਦੀ ਸਹਾਇਤਾ ਨੂੰ ਧਿਆਨ ਵਿਚ ਰੱਖਦਿਆਂ, ਮੇਅਰ ਸਟੀਫਨ ਮੈਂਡਲ ਨੇ ਇਸ ਦਿਨ ਨੂੰ ਸ਼ਹਿਰ ਵਿਚ 'ਗੁਰੂ ਨਾਨਕ ਡੇ' ਐਲਾਨਿਆ ਹੈ। ਕਮਿਊਨਿਟੀ ਵਲੋਂ ਲੋਕ ਭਲਾਈ ਦੇ ਕਾਰਜ਼ਾਂ ਨੂੰ ਮਾਨਤਾ ਦੇਣ ਲਈ ਮੇਅਰ ਸਟੀਫਨ ਮੈਂਡਲ ਅਤੇ ਉਨ੍ਹਾਂ ਦੇ ਸਾਥੀਆਂ ਦਾ ਐਡਮਿੰਟਨ ਦੇ ਸਿੱਖ ਭਾਈਚਾਰੇ ਵਲੋਂ ਧੰਨਵਾਦ ਕੀਤਾ ਗਿਆ।

## ਪੰਜਾਬੀ ਵੈਬ ਸਾਈਟ ਸ਼ੁਰੂ

ਐਡਮਿੰਟਨ (ਨਦਬ) : ਐਡਮਿੰਟਨ



ਸ਼ਹਿਰ ਵਿੱਚਲੀਆਂ ਪੰਜਾਬੀ ਭਾਈਚਾਰੇ ਨਾਲ ਸਬੰਧਤ ਗਤੀਵਿਧੀਆਂ ਨੂੰ ਵੇਖ ਕੇ ਪਰਮਿੰਦਰ ਧਾਲੀਵਾਲ ਵੱਲੋਂ www.PunjabiNet.ca ਵੈਬ ਸਾਈਟ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਪ੍ਰੋਗਰਾਮਾਂ ਨੂੰ ਆਪਸੀ ਟਕਰਾਅ ਤੋਂ ਬਚਾਉਣ ਲਈ ਪਰਮਿੰਦਰ ਧਾਲੀਵਾਲ ਨਾਲ 780-994-1886 'ਤੇ ਸੰਪਰਕ ਕੀਤਾ ਜਾ ਸਕਦਾ ਹੈ।








ਹਾਂਗਕਾਂਗ

# ਓ! ਵਾਲ ਸਟਰੀਟ

## ਪੱਛਮ ਦੇ ਬਾਜ਼ਾਰ ਵਿਰੋਧੀ ਅੰਦੋਲਨਾਂ ਵਿਚ ਲੁਕੇ ਹਨ ਕਈ ਸੰਦੇਸ਼

ਸੰਜੇ ਅਭਿਗਿਆਨ




ਮਾਰਕਸਵਾਦ ਨਾਲ ਹਮਦਰਦੀ ਰੱਖਣ ਵਾਲੇ ਉਹ ਸਾਰੇ ਲੋਕ, ਜਿਨ੍ਹਾਂ ਦੇ ਦਿਮਾਗ ਵਿਚ ਲੇਨਿਨ ਅਤੇ ਸਤਾਲਿਨ ਦੇ ਬੁੱਤਾਂ ਨੂੰ ਢਾਹੇ ਜਾਣ ਦੇ ਦੋ ਦਹਾਕੇ ਪੁਰਾਣੇ ਅਕਸ ਅੱਜ ਤਕ ਜ਼ਿੰਦਾ ਹਨ, ਜ਼ਰਾ ਦੇਖਣ ਕਿਸ ਤਰ੍ਹਾਂ ਅਮਰੀਕਾ ਦੀ ਜਨਤਾ ਅਮਰੀਕੀ ਪੂੰਜੀਵਾਦ ਦੇ ਸਭ ਤੋਂ ਵੱਡੇ ਪ੍ਰਤੀਕ ਵਾਲ ਸਟਰੀਟ ਦੀ ਮੂਰਤੀ ਨੂੰ ਮਿੱਟੀ ਵਿਚ ਮਿਲਾਉਣ 'ਤੇ ਬਜ਼ਿੱਦ ਹੈ।

ਵਾਲ ਸਟਰੀਟ ਦੀ ਮੁਖ਼ਾਲਫਤ ਦਾ ਇਹ ਜਵਾਰਭਾਟਾ ਬਾ-ਮੁਸ਼ਕਿਲ ਤਿੰਨ ਹਫਤੇ ਪੁਰਾਣਾ ਹੈ। ਬੀਤੀ 23 ਸਤੰਬਰ ਨੂੰ ਮੰਦੀ ਅਤੇ ਬੇਰੁਜ਼ਗਾਰੀ ਨਾਲ ਪ੍ਰੇਸ਼ਾਨ ਲੋਕਾਂ ਦੇ ਇਕ ਛੋਟੇ ਜਿਹੇ ਇਕੱਠ ਨੇ ਨਿਊਯਾਰਕ ਦੇ ਜਕੂਟੀ ਪਾਰਕ 'ਤੇ ਕਬਜ਼ੇ ਦੇ ਨਾਲ ਇਸ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। 'ਆਕੂਪਾਈ ਵਾਲ ਸਟਰੀਟ' ਨਾਮ ਦੇ ਇਸ ਅੰਦੋਲਨ ਦਾ ਮਕਸਦ ਵਾਲ ਸਟਰੀਟ 'ਤੇ ਕਬਜ਼ਾ ਕਰ ਕੇ ਉਸ ਨੂੰ ਬੰਦ ਕਰਵਾਉਣਾ ਹੈ। ਸਭ ਜਾਣਦੇ ਹਨ ਕਿ ਨਿਊਯਾਰਕ ਦੇ ਮੈਨਹਟਨ ਇਲਾਕੇ ਵਿਚ ਸਥਿਤ ਵਾਲ ਸਟਰੀਟ ਉਹ ਥਾਂ ਹੈ ਜਿਥੇ ਦੁਨੀਆਂ ਦੇ ਸਭ ਤੋਂ ਵੱਡੇ ਸ਼ੇਅਰ ਬਾਜ਼ਾਰ ਨਿਊਯਾਰਕ ਸਟਾਕ ਐਕਸਚੇਂਜ ਦਾ ਦਫਤਰ ਹੈ ਅਤੇ ਜਿਥੇ ਦੁਨੀਆ ਦੇ ਕਈ ਮਹੱਤਵਪੂਰਨ ਬੈਂਕਾਂ ਅਤੇ ਬਹੁਰਾਸ਼ਟਰੀ ਵਿੱਤ ਕੰਪਨੀਆਂ ਦੇ ਮੁੱਖ ਦਫ਼ਤਰ ਹਨ। ਅੰਦਲੋਨਕਾਰੀਆਂ ਦਾ ਕਹਿਣਾ ਹੈ ਕਿ ਇਹ ਦਫਤਰ ਲਾਲਚ, ਸੱਟੇਬਾਜ਼ੀ ਅਤੇ ਵਿੱਤੀ ਗੋਰਖ ਧੰਦਿਆਂ ਦੇ ਅੱਡੇ ਹਨ, ਜੋ ਅਮਰੀਕੀ ਸਰਕਾਰ ਨੂੰ ਆਪਣੇ ਇਸ਼ਾਰਿਆਂ 'ਤੇ ਨਚਾ ਰਹੇ ਹਨ। ਅਮਰੀਕਾ ਦੇ ਲਗਭਗ ਤਿੰਨ ਦਰਜਨ ਸ਼ਹਿਰਾਂ ਤੋਂ ਵਾਲ ਸਟਰੀਟ 'ਤੇ ਚੜ੍ਹਾਈ ਕਰਨ ਵਾਲੇ ਪ੍ਰਦਰਸ਼ਨ ਦੀ ਖਬਰ ਆ ਚੁੱਕੀ ਹੈ। ਬੈਂਕਿੰਗ ਸਿਸਟਮ ਵਿਚ ਅਵਿਸ਼ਵਾਸ ਪ੍ਰਗਟਾਉਣ ਲਈ ਪ੍ਰਤੀਕਆਤਮਕ ਕਾਰਵਾਈ ਵਿਚ ਸੈਂਕੜੇ ਲੋਕਾਂ ਨੇ ਇਕੱਠਿਆਂ ਹੀ ਬੈਂਕਾਂ ਵਿਚੋਂ ਆਪਣੇ ਡਿਪਾਜਿਟ ਕੱਢਵਾ ਲਏ ਅਤੇ ਖਾਤੇ ਬੰਦ ਕਰਵਾ ਦਿਤੇ। ਇਹ ਲੇਖ ਲਿਖੇ ਜਾਣ ਤਕ ਰੋਮ, ਲੰਡਨ ਵਰਗੇ ਕਈ ਸ਼ਹਿਰਾਂ ਦੇ ਨਾਲ ਨਾਲ ਏਸ਼ੀਆ ਅਤੇ ਯੂਰਪ ਦੇ ਕਈ ਦੇਸ਼ਾਂ ਵਿਚੋਂ ਵੀ ਇਨ੍ਹਾਂ ਪ੍ਰਦਰਸ਼ਨਾਂ ਦੀ ਖ਼ਬਰ ਆ ਚੁੱਕੀ ਹੈ। ਕਾਰਪੋਰੇਟ ਦੁਨੀਆ ਦੀ ਮੁਨਾਫਾਖੋਰੀ ਨੂੰ ਐਨੀ ਘ੍ਰਿਣਾ ਨਾਲ ਦੇਖੇ ਜਾਣ ਦਾ ਇਹ ਨਜ਼ਾਰਾ ਬੜਾ ਅਦਭੁੱਤ ਹੈ।

ਪਹਿਲੀ ਨਜ਼ਰ ਵਿਚ ਅਮਰੀਕਾ ਦੇ 'ਐਕੂਪਾਈ ਵਾਲ ਸਟਰੀਟ' ਅੰਦੋਲਨ ਅਤੇ ਭਾਰਤ ਦੇ ਅੰਨਾ ਅੰਦੋਲਨ ਵਿਚ ਕਈ ਸਮਾਨਤਾਵਾਂ ਨਜ਼ਰ ਆਉਂਦੀਆਂ ਹਨ ਜਿਸ ਤਰ੍ਹਾਂ ਅੰਨਾ ਸਮਰਥਕਾਂ ਦਾ ਤਰਕ ਸੀ ਕਿ ਇਕ ਆਮ ਭਾਰਤੀ ਦੀ ਦੁਰਦਸ਼ਾ ਦੀ ਜੜ੍ਹ ਵਿਚ ਭ੍ਰਿਸ਼ਟਾਚਾਰ ਹੈ, ਉਸੇ ਤਰ੍ਹਾਂ ਵਾਲ ਸਟਰੀਟ ਵਿਰੋਧੀਆਂ ਨੂੰ ਲਗਦਾ ਹੈ ਕਿ ਅਮਰੀਕੀ ਅਰਥਤੰਤਰ ਦੀਆਂ ਸਾਰੀਆਂ ਬੀਮਾਰੀਆਂ ਦੀ ਜੜ੍ਹ ਪੂੰਜੀ ਬਾਜ਼ਾਰ ਹੈ। ਜਿਸ ਤਰ੍ਹਾਂ ਅੰਨਾ ਸਮਰਥਕ ਮੰਨਦੇ ਹਨ ਕਿ ਸੰਸਦ ਵਿਚ ਬੈਠੇ ਲੋਕ ਜਨ ਲੋਕਪਾਲ ਬਿਲ ਨਹੀਂ ਬਣਨ ਦੇਣਾ ਚਾਹੁੰਦੇ, ਉਸੇ ਤਰ੍ਹਾਂ ਅਮਰੀਕੀ ਅੰਦੋਲਨਕਾਰੀ ਮੰਨਦੇ ਹਨ ਕਿ ਵਾਲ ਸਟਰੀਟ ਵਿਚ ਬੈਠੇ ਅਰਬਪਤੀ ਅਤੇ ਬੈਂਕਰ ਕਦੀ ਅਜਿਹੀਆਂ ਅਰਥ ਨੀਤੀਆਂ ਨਹੀਂ ਬਣਨ ਦੇਣਗੇ, ਜੋ ਆਮ ਲੋਕਾਂ ਲਈ ਰੁਜ਼ਗਾਰ ਅਤੇ ਆਮਦਨੀ ਪੈਦਾ ਕਰ ਸਕਣ। ਪਰ ਅਮਰੀਕਾ ਦਾ ਐਂਟੀ ਵਾਲ ਸਟਰੀਟ ਅੰਦੋਲਨ ਲਾਜ਼ਮੀ ਤੌਰ 'ਤੇ ਇਕ ਕੌਮਾਂਤਰੀ ਅੰਦੋਲਨ ਹੈ। ਉਸ ਦਾ ਜਨਮ ਅਮਰੀਕਾ-ਯੂਰਪ ਵਿਚ ਮੰਦੀ ਅਤੇ ਬੇਰੁਜ਼ਗਾਰੀ ਤੋਂ ਪੈਦਾ ਹੋਏ ਅਸੰਤੋਸ਼ ਨਾਲ ਹੋਇਆ ਹੈ। ਜਦਕਿ ਅੰਨਾ ਅੰਦੋਲਨ ਕੌਮੀ ਹਿੱਤਾਂ ਵਾਲਾ ਹੈ ਕਿਉਂਕਿ ਇਸ ਦਾ ਮਕਸਦ ਦੇਸ਼ ਵਿਚ ਚੰਗੇ ਕਾਨੂੰਨਾਂ ਨੂੰ ਹੋਂਦ ਵਿਚ ਲਿਆਉਣਾ ਹੈ। ਪਰ ਸਵਾਲ ਇਹ ਉਠਦਾ ਹੈ ਕਿ ਵਾਕਿਆ ਹੀ ਵਾਲ ਸਟਰੀਟ ਦਾ ਬੋਰੀਆ ਬਿਸਤਰਾ ਗੋਲ ਕਰ ਦਿਤਾ ਜਾਵੇਗਾ? ਜਾਹਰ ਹੈ ਕਿ ਅਜਿਹਾ ਕੁਝ ਵੀ ਨਹੀਂ ਹੋਣ ਲੱਗਾ। ਵਾਲ ਸਟਰੀਟ ਨੂੰ ਬੰਦ ਕਰਵਾਉਣਾ ਅੰਦੋਲਨਕਾਰੀਆਂ ਦਾ ਮਕਸਦ ਨਹੀਂ ਹੈ। ਵਾਲ ਸਟਰੀਟ ਤਾਂ ਪੂੰਜੀਵਾਦੀ ਵਿੱਤ ਤੰਤਰ ਦਾ ਇਕ ਪ੍ਰਤੀਕ ਹੈ। ਉਨ੍ਹਾਂ ਦੇ ਨਾਅਰੇ ਦਾ ਮਕਸਦ ਐਨਾ ਹੀ ਹੈ ਕਿ ਅਮਰੀਕੀ ਸਮਾਜ ਵਿਚ ਫੈਲ ਚੁੱਕੀ ਭਿਆਨਕ ਆਰਥਕ ਅਸਮਾਨਤਾ ਪ੍ਰਤੀ ਉਥੇ ਦੇ ਆਮ ਨਾਗਰਿਕ ਦੀ ਨਫਰਤ ਨੂੰ ਇਕ ਸ਼ਕਲ ਦਿਤੀ ਜਾ ਸਕੇ। ਇਸ ਅੰਦੋਲਨ ਦੀ ਕੋਰ ਕਮੇਟੀ ਦੇ ਬੁੱਧੀਜੀਵੀ ਹੁਣ ਤਾਲਾਬੰਦੀ ਤੋਂ ਪਿੱਛੇ ਹੱਟ ਗਏ ਹਨ। ਹੁਣ ਉਹ ਬੈਂਕਿੰਗ ਤੰਤਰ ਅਤੇ ਸ਼ੇਅਰ ਬਾਜ਼ਾਰਾਂ 'ਤੇ ਨਵੇਂ ਕਾਨੂੰਨਾਂ 'ਤੇ ਰੋਕ ਲਾਉਣ ਦੀ ਮੰਗ ਕਰ ਰਹੇ ਹਨ। ਉਹ ਸਫਲ ਵੀ ਹੋ ਜਾਣਗੇ ਕਿਉਂਕਿ ਖੁਦ ਬਰਾਕ ਓਬਾਮਾ ਕਈ ਵਾਰ ਨਿਯਮਾਂ ਤੇ ਕਾਨੂੰਨਾਂ ਦੀਆਂ ਚੋਰ ਮੋਰੀਆਂ ਦਾ ਗਲਤ ਫ਼ਾਇਦਾ ਲਏ ਜਾਣ ਲਈ ਵਾਲ ਸਟਰੀਟ ਦੀ ਆਲੋਚਨਾ ਕਰ ਚੁੱਕੇ ਹਨ।

ਦੁਨੀਆ ਬਦਲ ਰਹੀ ਹੈ ਤੇ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਅਮੀਰ ਮੁਲਕਾਂ ਦੀਆਂ ਲਾਲਸਾ ਭਰੀਆਂ ਨੀਤੀਆਂ ਵਿਕਾਸਸ਼ੀਲ ਅਤੇ ਤੀਸਰੀ ਦੁਨੀਆ ਦੇ ਮੁਲਕਾਂ ਦੇ ਨਾਲ ਆਪਣੇ ਆਪ ਨੂੰ ਵੀ ਤਬਾਹ ਕਰਨ ਵੱਲ ਸੇਧਤ ਹਨ। ਇਸ ਗੱਲ ਦਾ ਪ੍ਰਗਟਾਵਾ ਨਿਊਯਾਰਕ ਦੀ ਵਾਲ ਸਟਰੀਟ ਤੋਂ ਲੈ ਕੇ ਯੂਰਪ ਦੇ ਤਮਾਮ ਮੁਲਕਾਂ ਵਿਚ ਜਨ ਸਧਾਰਨ ਦੇ ਤਿੱਖੇ ਰੋਸ ਪ੍ਰਗਟਾਵਿਆਂ ਵਿਚੋਂ ਨਜ਼ਰ ਆ ਰਿਹਾ ਹੈ। ਇਸ ਆਲਮੀ ਦ੍ਰਿਸ਼ ਵਿਚ ਹਾਂ ਪੱਖੀ ਤਬਦੀਲੀ ਦੇ ਝਲਕਾਰੇ ਨਜ਼ਰ ਆ ਰਹੇ ਹਨ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਇਸ ਸਥਿਤੀ ਨੂੰ ਵਧੇਰੇ ਗਹਿਰਾਈ ਨਾਲ ਸਮਝਣ ਲਈ ਪੇਸ਼ ਹੈ, ਇਹ ਖਾਸ ਲੇਖ। - ਸੰਪਾਦਕ

ਇਸ ਸੰਦਰਭ ਵਿਚ ਭਾਰਤ ਲਈ ਇਹ ਅੰਦੋਲਨ ਇਕ ਸਬਕ ਬਣ ਜਾਂਦਾ ਹੈ। ਸਬਕ ਹੈ ਕਿ ਗਲੋਬਲ ਪੂੰਜੀ ਬਾਜ਼ਾਰ ਅੱਜ ਵੀ ਇਕ ਭਿਆਨਕ ਜੁਰਾਸਿਕ ਪਾਰਕ ਹੈ, ਜਿਸ ਵਿਚ ਲਾਲਚ, ਖੁਦਗਰਜੀ, ਹਵਸ, ਮੰਦੀ ਅਤੇ ਬੇਰੁਜ਼ਗਾਰੀ ਦੇ ਡਾਇਨਾਸੌਰ ਖੁਲ੍ਹੇ ਘੁੰਮਦੇ ਹਨ। ਜੇਕਰ ਭਾਰਤੀ ਰਿਜ਼ਰਵ ਬੈਂਕ ਨੇ ਰੁਪਏ ਨੂੰ ਅਜੇ ਤਕ ਵਿਦੇਸ਼ੀ ਮੁਦਰਾ ਦੇ ਮੁਕਾਬਲੇ ਪੂਰਨ ਬਦਲਾਅ ਤੋਂ ਬਚਾਈ ਰਖਿਆ ਹੈ, ਜੇਕਰ ਉਹ ਹਰੇਕ ਵਿਦੇਸ਼ੀ ਨਿਵੇਸ਼ ਦੇ ਮੋਰਚੇ 'ਤੇ ਸਾਵਧਾਨੀ ਨਾਲ ਕਦਮ ਰੱਖ ਰਿਹਾ ਹੈ ਅਤੇ ਜੇਕਰ ਉਸ ਨੇ ਬੀਮਾ ਅਤੇ ਦੂਜੇ ਕਈ ਵਿੱਤੀ ਸੇਵਾ ਖੇਤਰਾਂ ਵਿਚ ਅੰਤਰਰਾਸ਼ਟਰੀ ਨਿਵੇਸ਼ 'ਤੇ ਸੀਮਾਵਾਂ ਤਹਿ ਕੀਤੀਆਂ ਹੋਈਆਂ ਹਨ ਤਾਂ ਬਿਲਕੁਲ ਸਹੀ ਅਤੇ ਪ੍ਰਸ਼ੰਸਾਯੋਗ ਹੈ। ਦਹਾਕਿਆਂ ਪਹਿਲਾਂ ਭਾਰਤ ਵਿਚ ਜਿਸ ਕੇਂਦਰੀਕ੍ਰਿਤ, ਮਿਸ਼ਰਤ ਅਰਥਤੰਤਰ ਦੀ ਨੀਂਹ ਰੱਖੀ ਗਈ ਸੀ, ਹੁਣ ਉਹ ਸਮੇਂ ਦੀ ਕਸੌਟੀ 'ਤੇ ਸਹੀ ਸਾਬਤ ਹੋ ਰਹੀ ਹੈ। ਪੂੰਜੀਵਾਦ ਦੀ ਦੁਰਗਤੀ ਦੀ ਗਵਾਹ ਸਾਰੀ ਦੁਨੀਆ, ਭਾਰਤ ਅਤੇ ਚੀਨ ਵਿਚ ਮਿਸ਼ਰਤ ਅਰਥਵਿਵਸਥਾਵਾਂ ਦਾ ਹੀ ਪ੍ਰਤਾਪ ਦੇਖ ਰਹੀ ਹੈ।


ਵਾਸ਼ਿੰਗਟਨ ਸਕੇਅਰ, ਅਮਰੀਕਾ



ਵੈਨਕੂਵਰ, ਬੀ.ਸੀ.


ਐਡਮਿੰਟਨ, ਅਲਬਰਟਾ

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਚੋਣਾਂ ਜਿੱਤਣ ਦੀ ਕਾਹਲ ਬੜੀ ਹੈ

ਪੰਜਾਬ ਦੇ ਸਿਆਸੀ ਮਿਜਾਜ਼ ਵਿਚ ਵੱਡੀਆਂ ਤਬਦੀਲੀਆਂ ਨਜ਼ਰ ਆਉਣ ਲੱਗ ਪਈਆਂ ਹਨ। ਚੋਣ ਮਦਾਰੀਆਂ ਨੇ ਆਪੋ-ਆਪਣੇ ਮਜਮੇ ਸਜਾਉਣੇ ਸ਼ੁਰੂ ਕਰ ਦਿੱਤੇ ਹਨ। ਦੋਵਾਂ ਵੱਡੀਆਂ ਧਿਰਾਂ ਵਿਚਾਲੇ ਵਾਅਦਿਆਂ ਦੀ ਮੁਕਾਬਲੇਬਾਜ਼ੀ ਦੇ ਨਾਲ-ਨਾਲ ਸ਼ਬਦਾਂ ਦੀ ਤਲਵਾਰਬਾਜ਼ੀ ਵੀ ਸ਼ੁਰੂ ਹੋ ਗਈ ਹੈ। ਚਿਰਾਂ ਤੋਂ ਚੇਤਿਆਂ ਵਿਚੋਂ ਮਨਫ਼ੀ ਹੋਏ ਲੋਕ ਸਿਆਸੀ ਆਗੂਆਂ ਨੂੰ ਵੋਟਰਾਂ ਦੇ ਰੂਪ ਵਿਚ ਨਜ਼ਰ ਆਉਣ ਲੱਗ ਪਏ ਹਨ। ਦੋਵਾਂ ਵੱਡੀਆਂ ਧਿਰਾਂ ਵਿਚੋਂ ਵੀ ਸੱਤਾਧਾਰੀ ਧਿਰ ਦੇ ਮੁਖੀ ਸ ਪਰਕਾਸ਼ ਸਿੰਘ ਬਾਦਲ ਅਤੇ ਉਹਨਾਂ ਦੇ ਬੇਟੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਨੂੰ ਤਾਂ ਅੱਜ ਕਲ ਦਿਖਾਈ ਹੀ ਸਿਰਫ਼ ਵੋਟਰ ਦੇ ਰਹੇ ਹਨ। ਇਹੀ ਕਾਰਣ ਹੈ ਕਿ ਅਚਾਨਕ ਪੰਜਾਬ ਸਰਕਾਰ ਦੇ ਖ਼ਜਾਨੇ 'ਭਰ' ਗਏ ਹਨ। ਹਰ ਪਾਸੇ ਗਰਾਂਟਾਂ ਹੀ ਗਰਾਂਟਾਂ ਨਜ਼ਰ ਆ ਰਹੀਆਂ ਹਨ। ਸੰਗਤ ਦਰਸ਼ਨਾਂ ਚ ਪਿੰਡਾਂ ਦੇ ਵਿਕਾਸ ਦੇ ਨਾਂਅ 'ਤੇ ਧੜਾਧੜ ਗਰਾਂਟਾਂ ਦੇ ਚੈਕ ਵੰਡੇ ਜਾ ਰਹੇ ਹਨ। ਵਿਸ਼ਵ ਕੱਬਡੀ ਕੱਪ ਦੇ ਨਾਂਅ 'ਤੇ ਆਪਣੀ ਪੀਪਨੀ ਵਜਾਈ ਜਾ ਰਹੀ ਹੈ। ਹੋਰ ਵੀ ਬੜਾ ਕੁਝ ਕੀਤਾ/ਕਰਾਇਆ ਜਾ ਰਿਹਾ ਹੈ।

ਹਕੂਮਤੀ ਵਾਅਦਿਆਂ/ਦਾਅਵਿਆਂ ਦੇ ਆਰ-ਪਾਰ ਬਹੁਤ ਸਾਰੇ ਸਵਾਲ ਵੀ ਵਿਚਰ ਰਹੇ ਹਨ। ਭਲਾ ਅਚਾਨਕ ਹੀ ਪੰਜਾਬ ਸਰਕਾਰ 'ਮਾਲਾਮਾਲ' ਕਿਵੇਂ ਹੋ ਗਈ ਹੈ? ਸਵਾਲ ਇਹ ਵੀ ਹੈ ਕਿ ਪਿਛਲੇ ਸਾਢੇ ਚਾਰ ਸਾਲਾਂ ਤੋਂ ਲੋਕਾਂ ਵੱਲ ਪਿੱਠ ਕਰੀ ਬੈਠੇ ਬਾਦਲਾਂ ਦਾ ਲੋਕਾਂ ਨਾਲ ਏਨਾ ਮੋਹ ਕਿਵੇਂ ਜਾਗ ਪਿਆ ਹੈ? ਦਰਅਸਲ, ਚੋਣਾਂ ਜਿੱਤਣ ਦੀ ਕਾਹਲ ਬੜੀ ਹੈ।

ਵੱਡੇ ਅਫਸੋਸ ਦੀ ਗਲ ਇਹ ਹੈ ਕਿ ਹੁਣ ਤੱਕ ਪੰਜਾਬੀਆਂ ਨੂੰ ਦੋਵਾਂ ਵੱਡੀਆਂ ਧਿਰਾਂ ਨੇ ਸਿਰਫ਼ ਤੇ ਸਿਰਫ਼ ਆਪੋ-ਆਪਣੇ ਡਮਰੂਆਂ 'ਤੇ ਨੱਚਦੇ ਵੋਟਰ ਹੀ ਸਮਝਿਆ ਹੈ। ਪੰਜਾਬ ਦੀ ਆਨ-ਸ਼ਾਨ ਅਤੇ ਪੰਜਾਬੀਆਂ ਦੀ ਰੋਜ਼ੀ-ਰੋਟੀ ਦੀ ਸਮਸਿਆ ਨਾਲ ਅਕਾਲੀ-ਭਾਜਪਾ ਹਾਕਮਾਂ ਅਤੇ ਕਾਂਗਰਸ ਪਾਰਟੀ ਦਾ ਕੋਈ ਨਾਤਾ ਪਿਛਲੇ ਕਾਫੀ ਵਰ੍ਹਿਆਂ ਤੋਂ ਨਹੀਂ ਰਿਹਾ ਹੈ। ਰਿਸ਼ਤਾ ਸਿਰਫ ਤੇ ਸਿਰਫ ਵੋਟ ਦਾ ਹੈ। ਆਮ ਪੰਜਾਬੀ ਜਿਸ ਕੋਲ ਜਮਹੂਰੀ ਪ੍ਰਕਿਰਿਆ ਵਿਚ ਆਪਣੀ ਹਿੱਸੇਦਾਰੀ ਪ੍ਰਗਟਾਉਣ ਲਈ ਸਿਰਫ ਵੋਟ ਹੀ ਹੈ, ਉਸ ਕੋਲੋਂ ਉਸਦਾ ਇਹ ਅਧਿਕਾਰ ਵੀ ਭਰਮਾ ਕੇ, ਗੁੰਮਰਾਹ ਕਰਕੇ ਜਾਂ ਫਿਰ ਜ਼ਬਰਦਸਤੀ ਖੋਹ ਲਿਆ ਜਾਂਦਾ ਹੈ। ਇਸੇ ਭਰਮਾਊ, ਗੁਮਰਾਹਕੁੰਨ ਅਤੇ ਖੋਹ-ਖਿੰਝ ਦੀ ਮੁਕਾਬਲੇਬਾਜ਼ੀ ਵਿਚ ਦੋਵੇਂ ਪ੍ਰਮੁੱਖ ਧਿਰਾਂ ਉਲਝੀਆਂ ਹੋਈਆਂ ਹਨ। ਜੇ ਅਕਾਲੀ ਸੰਗਤ ਦਰਸ਼ਨ ਅਤੇ ਕੱਬਡੀ ਸਿਆਸਤ ਚੋਂ ਵੋਟਾਂ ਕੱਢਣਾ ਚਾਹੁੰਦੇ ਹਨ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਚ ਕਾਂਗਰਸ 'ਪੰਜਾਬ ਬਚਾਓ' ਯਾਤਰਾ ਦੇ ਨਾਂਅ ਖੁਦ ਨੂੰ ਪੈਰਾਂ ਸਿਰ ਕਰਨ ਦੇ ਯਤਨ ਚ ਹੈ।

ਪਿਛਲੇ ਕੁਝ ਸਾਲਾਂ ਤੋਂ ਚੋਣਾਂ ਵਿਚ ਲੋਕਾਂ ਦੇ ਅਸਲੀ ਮੁੱਦੇ ਗਾਇਬ ਹੁੰਦੇ ਜਾ ਰਹੇ ਹਨ। ਅਸਲ ਵਿਚ ਇਕੋ ਜਮਾਤੀ ਕਿਰਦਾਰ ਵਾਲੀਆਂ ਪਾਰਟੀਆਂ ਹੋਣ ਕਾਰਣ ਇਨ੍ਹਾਂ ਵਿਚਾਲੇ ਲੋਕ-ਮੁੱਦਿਆਂ ਨੂੰ ਨਾ ਉਭਾਰਨ ਲਈ ਗੁਪਤ ਸਮਝੌਤਾ ਜਾਂ ਗੰਢ ਤੁੱਪ ਹੈ। ਕਦੇ ਚੋਣਾਂ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਸਨ ਅੱਜ ਬਿਜਲਈ ਅਤੇ ਪ੍ਰਿੰਟ ਮੀਡੀਏ ਦੇ ਯੁੱਗ ਵਿਚ ਪ੍ਰਚਾਰ ਦੇ ਅਜੀਬੋ-ਗਰੀਬ ਅਤੇ ਭਰਮਾਊ ਤਰੀਕਿਆਂ ਨੂੰ ਲੱਭਣ ਲਈ ਵਿਸ਼ੇਸ਼ ਟੀਮਾਂ ਬਣਾਈਆਂ ਜਾਂਦੀਆਂ ਹਨ। ਇਸੇ ਮਣਸ਼ਾ ਤਹਿਤ ਪਿਛਲੇ ਮਹੀਨਿਆਂ ਤੋਂ ਇਸ਼ਤਿਹਾਰਬਾਜ਼ੀ ਅਰੰਭੀ ਵੀ ਜਾ ਚੁੱਕੀ ਹੈ। ਹਾਲੇ ਤਾਂ ਸਿਰਫ ਆਪਣੀ-ਆਪਣੀ ਗੱਲ ਕਹਿਣ ਲਈ ਹੀ ਇਸ਼ਤਿਹਾਰਬਾਜ਼ੀ ਹੋ ਰਹੀ ਹੈ, ਜਿਵੇਂ-ਜਿਵੇਂ ਚੋਣਾਂ ਨੇੜੇ ਆਉਣੀਆਂ ਹਨ, ਹਰ ਤਰ੍ਹਾਂ ਦੀ ਨਿੱਜੀ ਦੂਸ਼ਣਬਾਜ਼ੀ ਵਾਲੀ ਇਸ਼ਤਿਹਾਰੀ ਲੜਾਈ ਵੀ ਸਾਡੇ ਸਾਹਮਣੇ ਆਉਂਦੀ ਆਏਗੀ।

ਮੁਲਕ ਦੇ ਨਾਲ-ਨਾਲ ਆਪਣੇ ਪੰਜਾਬ ਦੀ ਵੀ ਇਹ ਬਦਕਿਸਮਤੀ ਰਹੀ ਹੈ ਕਿ ਲੋਕਾਂ ਕੋਲ ਤੀਸਰਾ ਕੋਈ ਬਦਲ ਨਹੀਂ ਹੈ। ਇਸੇ ਲਈ ਸਾਡੇ ਲੋਕਾਂ ਦੀ ਮਾਨਸਿਕਤਾ ਵਿਚ ਵੀ ਕਿਸੇ ਨੂੰ ਜਿਤਾਉਣ ਦੇ ਜਜ਼ਬੇ ਨਾਲੋਂ ਹਰਾਉਣ ਦਾ ਜਜ਼ਬਾ ਵਧੇਰੇ ਭਾਰੂ ਹੈ। ਅੱਜ ਵੱਡੀ ਗਿਣਤੀ ਵੋਟਰ ਤਾਂ ਘਰਾਂ ਵਿਚੋਂ ਵੋਟ ਪਾਉਣ ਨਿਕਲਦੇ ਹੀ ਨਹੀਂ, ਜਿਹੜੇ ਵੋਟ ਪਾਉਣ ਆਉਂਦੇ ਹਨ, ਉਨ੍ਹਾਂ ਵਿਚੋਂ ਵੀ ਬਹੁਤੇ ਕਿਸੇ ਇਕ ਨੂੰ ਹਰਾਉਣ ਜਾਂਦੇ ਹਨ, ਦੂਸਰੇ ਨੂੰ ਜਿਤਾਉਣ ਨਹੀਂ। ਹੁਣ ਤੱਕ ਇਹੀ ਹੁੰਦਾ ਆਇਆ ਹੈ ਕਿ ਜੇ ਵੋਟਰ ਕੈਪਟਨ ਅਮਰਿੰਦਰ ਸਿੰਘ ਤੋਂ ਔਖਾ ਹੈ ਤਾਂ ਉਹ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਨਮਨੇ ਜਿਹੇ ਢੰਗ ਨਾਲ ਵੋਟ ਸੁੱਟ ਆਉਂਦਾ ਹੈ ਤੇ ਜੇ ਉਹ ਸ੍ਰੀ ਬਾਦਲ ਵਲੋਂ ਦੁਖੀ ਹੈ ਤਾਂ ਕੈਪਟਨ ਅਮਰਿੰਦਰ ਉਹਦੀ ਮਜ਼ਬੂਰੀ ਹੈ। ਪਰ ਇਸ ਵਾਰ ਪੰਜਾਬ ਚ ਬਾਦਲ ਪਰਿਵਾਰ ਦੇ ਹੀ ਫਰਜੰਦ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਚ ਤੀਜੀ ਧਿਰ ਦਾ ਦਾਅਵਾ ਕਰਨ ਵਾਲਾ ਸਾਂਝਾ ਮੋਰਚਾ ਵੀ ਮੈਦਾਨ ਚ ਹੈ ਤੇ ਇਸ ਮੋਰਚੇ ਚ ਦੋਵੇਂ ਰਵਾਇਤੀ ਕਮਿਉਨਿਸਟ ਪਾਰਟੀਆਂ ਅਤੇ ਸਾਬਕਾ ਮੁਖ-ਮੰਤਰੀ ਸ ਸੁਰਜੀਤ ਸਿੰਘ ਬਰਰਨਾਲਾ ਦੀ ਅਗਵਾਈ ਵਾਲਾ ਅਕਾਲੀ ਦਲ ਲੌਂਗੋਵਾਲ ਸ਼ਾਮਲ ਹੈ। ਇਹਨਾਂ ਵਲੋਂ ਵੀ 'ਇੱਜਤ ਸੰਭਾਲ' ਯਾਤਰਾ ਅਰੰਭ ਦਿੱਤੀ ਗਈ ਹੈ ਪਰ ਇਹ ਮੋਰਚਾ ਓਨੀ ਦੇਰ ਤੱਕ ਬਹੁਤੇ ਵਧੀਆ ਨਤੀਜੇ ਨਹੀਂ ਦੇ ਸਕਦਾ ਜਿੰਨੀ ਦੇਰ ਤੱਕ ਇਹਦਾ ਘੇਰਾ ਹੋਰ ਵਿਸ਼ਾਲ ਨਹੀਂ ਕੀਤਾ ਜਾਂਦਾ।

ਅਜਿਹੀਆਂ ਪ੍ਰਸਥਿਤੀਆਂ ਵਿਚ ਸਭ ਤੋਂ ਵੱਡੀ ਜ਼ੁੰਮੇਵਾਰੀ ਉਨ੍ਹਾਂ ਧਿਰਾਂ 'ਤੇ ਆਣ ਪੈਂਦੀ ਹੈ, ਜਿਹੜੀਆਂ ਆਪਣੇ-ਆਪ ਨੂੰ ਤੀਸਰੀ ਧਿਰ ਹੋਣ ਦਾ ਦਾਅਵਾ ਕਰਦੀਆਂ ਹਨ। ਤੀਸਰੀ ਧਿਰ ਸਿਰਫ ਕਹਿਣ ਜਾਂ ਦਾਅਵੇ ਕਰਨ ਨਾਲ ਹੀ ਨਹੀਂ ਬਣ ਜਾਂਦੀ। ਤੀਸਰੀ ਧਿਰ ਬਣਾਉਣ ਲਈ ਆਮ ਲੋਕਾਂ ਦੀ ਇਸ ਮਾਨਸਿਕ ਦਸ਼ਾ ਨੂੰ ਬਦਲਣ ਦੀ ਲੋੜ ਹੈ। ਲੋਕ ਕਿਸੇ ਨੂੰ ਹਰਾਉਣ ਦੀ ਥਾਂ ਜਿਤਾਉਣ ਦੇ ਹਾਂ-ਪੱਖੀ ਰੁਝਾਨ ਵੱਲ ਵੱਧਣ ਪਰ ਇਹ ਤਾਂ ਹੀ ਸੰਭਵ ਹੈ ਜੇ ਨਿਰਾਸੇ ਅਤੇ ਉਦਾਸੇ ਇਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਜ਼ਿੰਦਗੀ ਦੀਆਂ ਰੌਣਕਾਂ ਪਰਤਾਉਣ ਲਈ ਇਕ ਵਿਸ਼ਾਲ ਜਨਤਕ ਮੁਹਿੰਮ ਅਰੰਭੀ ਜਾਵੇ। ਇਹ ਜ਼ੁੰਮੇਵਾਰੀ ਕਿਸ ਦੀ ਹੈ? ਇਹ ਸਵਾਲ ਹਰ ਆਮ ਪੰਜਾਬੀ ਦੇ ਅਚੇਤ ਸੁਚੇਤ ਮਨ ਵਿਚ ਗੂੰਜ ਰਿਹਾ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

# ਟੀਮ ਅੰਨਾ ਦੀ ਰਾਜਸੀ ਤੇ ਵਿਚਾਰਧਾਰਕ ਕਚਿਆਈ



ਪ੍ਰੋ. ਰਾਕੇਸ਼ ਰਮਨ
raman.mlp@gmail.com

ਟੀਮ ਅੰਨਾ ਆਪਣੇ ਰਾਜਸੀ ਵਜੂਦ ਦੀ ਦਾਅਵੇਦਾਰ ਕਦੇ ਨਹੀਂ ਬਣੀ। ਇਸ ਨੇ ਵਿਚਾਰਧਾਰਕ ਸੰਦਰਭਾਂ ਤੋਂ ਵੀ ਨਿਰਲੇਪ ਰਹਿਣ ਦਾ ਯਤਨ ਕੀਤਾ ਹੈ। ਗਹਿਰੇ ਵਿਚਾਰਧਾਰਕ ਵਿਸ਼ਲੇਸ਼ਣ ਕਰਨ ਦੇ ਕਸ਼ਟ ਵਿਚ ਪੈਣ ਦੀ ਬਜਾਏ ਇਸ ਨੇ ਆਪਣੇ ਹੱਥ ਹੇਠਲੇ ਮੁੱਦੇ ਉਪਰ ਆਪਣਾ ਵਤੀਰਾ ਵਿਹਾਰਿਕ ਹੀ ਰੱਖਿਆ ਹੈ ਤੇ ਇਸ ਦੀ ਰੁਚੀ ਇਸ ਮੁੱਦੇ ਦੇ ਵੱਧ ਤੋਂ ਵੱਧ ਸਰਲੀਕਰਨ ਵਿਚ ਹੀ ਰਹੀ ਹੈ। ਇਸ ਟੀਮ ਦੀ ਮੁੱਖ ਦਲੀਲ ਆਪਣੇ ਸਮੁੱਚੇ ਅੰਦੋਲਨ ਦੌਰਾਨ ਇਹੀ ਰਹੀ ਹੈ ਕਿ ਸਾਰੇ ਦੇਸ਼ ਵਾਸੀ ਟੈਕਸ ਅਦਾ ਕਰਦੇ ਹਨ ਇਸ ਲਈ ਟੈਕਸਾਂ ਤੋਂ ਇਕੱਤਰ ਧਨ ਸਿਆਸਤਦਾਨਾਂ ਅਤੇ ਅਫਸਰਾਂ ਦੇ ਹੜੱਪਣ ਲਈ ਨਹੀਂ ਹੋਣਾ ਚਾਹੀਦਾ, ਇਸ ਲਈ ਇਨ੍ਹਾਂ ਦੁਆਰਾ ਭ੍ਰਿਸ਼ਟਾਚਾਰ ਰਾਹੀਂ (ਸਰਕਾਰੀ) ਪੈਸਾ ਹੜੱਪਣ ਵਿਰੁੱਧ ਸਖ਼ਤ ਕਾਨੂੰਨ ਜਨ ਲੋਕਪਾਲ ਐਕਟ ਦੇ ਰੂਪ ਵਿਚ ਬਣਨਾ ਚਾਹੀਦਾ ਹੈ ਤੇ ਟੈਕਸਾਂ ਰਾਹੀਂ ਉਗਰਾਹਿਆ ਪੈਸਾ ਜਨਹਿਤ ਲਈ ਖਰਚਿਆ ਜਾਣਾ ਚਾਹੀਦਾ ਹੈ।

ਟੀਮ ਅੰਨਾ ਦੇ ਮੈਂਬਰਾਂ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਅਪਣਾਇਆ, ਇਸ ਮੁੱਦੇ 'ਤੇ ਲੋਕਾਂ ਨੂੰ ਜਾਗਰੂਕ ਤੇ ਲਾਮਬੰਦ ਕਰਨ ਦਾ ਬੀੜਾ ਚੁਕਿਆ। ਚਿਰਾਂ ਤੋਂ ਲਟਕੇ ਆ ਰਹੇ ਲੋਕਪਾਲ ਬਿਲ ਨੂੰ ਕਾਨੂੰਨੀ ਰੂਪ ਦੇਣ ਦੀ ਮੰਗ ਨੂੰ ਮੁੜ ਤੋਂ ਉਠਾਇਆ। ਸਰਕਾਰ ਨਾਲ ਅਸਲੀ ਲੋਕਪਾਲ ਬਿਲ ਦੇ ਸਵਾਲ 'ਤੇ ਇਸ ਸੰਗਠਨ ਦੇ ਮੈਂਬਰਾਂ ਦਾ ਵਿਵਾਦ ਗਰਮਾਇਆ। ਲੋਕਪਾਲ ਬਿਲ ਦੀ ਖਰੜੇ ਦੀ ਤਿਆਰੀ ਲਈ ਹੀ ਟੀਮ ਅੰਨਾ ਦਾ ਸਹੀ ਅਰਥਾਂ ਵਿਚ ਗਠਨ ਹੋਇਆ। ਖਰੜਾ ਤਿਆਰ ਕਰਨ ਵਾਲੀ ਸਰਕਾਰ ਵਲੋਂ ਗਠਿਤ ਕਮੇਟੀ 'ਚ ਪੰਜ ਮੈਂਬਰ ਅੰਨਾ ਹਜ਼ਾਰੇ ਦੇ ਸਹਿਯੋਗੀ ਲਏ ਗਏ। ਇਹੋ ਮੈਂਬਰ ਹੀ ਆਮ ਕਰ ਕੇ ਟੀਮ ਅੰਨਾ ਵਜੋਂ ਪਛਾਣੇ ਜਾ ਰਹੇ ਹਨ। ਅੰਨਾ ਟੀਮ ਦਾ ਸਰਕਾਰ ਵਲੋਂ ਗਠਤ ਖਰੜਾ-ਤਿਆਰੀ ਕਮੇਟੀ 'ਚ ਵਿਵਾਦ ਇੰਨਾ ਵੱਧ ਗਿਆ ਕਿ ਆਖਰ ਨੂੰ ਅੰਨਾ ਦੀ ਟੀਮ ਨੇ ਤੇ ਸਰਕਾਰੀ ਧਿਰ ਨੇ ਲੋਕ ਪਾਲ ਬਿਲ ਦੇ ਅਲੱਗ ਅਲੱਗ ਖਰੜੇ ਤਿਆਰ ਕੀਤੇ। ਟੀਮ ਅੰਨਾ ਵਲੋਂ ਆਪਣੇ ਖਰੜੇ ਨੂੰ ਬਿਹਤਰ ਕਿਹਾ ਗਿਆ ਤੇ ਇਸੇ ਖਰੜੇ ਨੂੰ ਕਾਨੂੰਨੀ ਰੂਪ ਦੇਣ ਲਈ ਸਰਕਾਰ ਉਪਰ ਦਬਾਅ ਪਾਉਣ ਵਾਸਤੇ ਜੰਤਰ ਮੰਤਰ ਉਪਰ ਆਪਣੇ ਆਗੂ ਵਲੋਂ ਭੁੱਖ ਹੜਤਾਲ ਸ਼ੁਰੂ ਕਰਵਾਈ ਗਈ ਅਤੇ ਭੁੱਖ ਹੜਤਾਲ ਦੇ ਮੰਚ ਨੂੰ ਵਰਤ ਕੇ ਇਕ ਵੱਡੀ ਜਨਤਕ ਧਰਨਾ ਰੈਲੀ ਆਯੋਜਿਤ ਕਰਨ ਵਿਚ ਸਫਲਤਾ ਹਾਸਲ ਕੀਤੀ। ਸਰਕਾਰ ਦੁਆਰਾ ਲਗਭਗ ਅੰਨਾ ਟੀਮ ਦੇ ਖਰੜੇ ਨਾਲ ਮਿਲਦਾ ਜੁਲਦਾ ਬਿੱਲ ਸੰਸਦ ਦੇ ਸਰਦ ਰੁੱਤ ਸਮਾਗਮ ਵਿਚ ਪਾਸ ਕਰਵਾਉਣ ਦਾ ਭਰੋਸਾ ਲੈ ਕੇ ਬਾਰਾਂ ਦਿਨਾਂ ਬਾਅਦ ਅੰਨਾ ਹਜ਼ਾਰੇ ਵਲੋਂ ਆਪਣੀ ਭੁੱਖ ਹੜਤਾਲ ਖ਼ਤਮ ਕੀਤੀ ਗਈ ਪਰ ਇਸ ਦੇ ਬਾਵਜੂਦ ਅੰਨਾ ਟੀਮ ਅਤੇ ਸਰਕਾਰ ਦੇ ਪ੍ਰਤੀਨਿਧਾਂ ਵਿਚਕਾਰ ਨੋਕ-ਝੋਕ ਚਲਦੀ ਰਹੀ ਅਤੇ ਪਰਸਪਰ ਬੇਭਰੋਸਗੀ ਦਾ ਆਲਮ ਬਣਿਆ ਰਿਹਾ ਤੇ ਇਸ ਬੇਭਰੋਸਗੀ ਦੇ ਖ਼ਾਤਮੇ ਲਈ ਕੋਈ ਯਤਨ ਨਹੀਂ ਹੋਇਆ।

ਟੀਮ ਅੰਨਾ ਨੇ ਇਕ ਰਾਜਸੀ ਲੜਾਈ ਨੂੰ ਗ਼ੈਰ ਰਾਜਸੀ ਢੰਗ ਤਰੀਕਿਆਂ ਨਾਲ ਲੜਨ ਦਾ ਅਹਿਦ ਕੀਤਾ। ਅਜਿਹੇ ਅਹਿਦ ਦਾ ਐਲਾਨ ਕਰ ਕੇ ਵੀ ਇਹ ਅੱਧੀ ਅਧੂਰੀ ਰਾਜਨੀਤੀ ਅਪਣਾਉਣ ਲਈ ਮਜਬੂਰ ਹੋ ਗਈ। ਅੱਧੀ ਅਧੂਰੀ ਰਾਜਨੀਤੀ ਹੁਣ ਇਸ ਲਈ ਘੁੰਮਣਘੇਰੀ ਸਾਬਤ ਹੋ ਰਹੀ ਹੈ। ਰਾਜਸੀ ਗਤੀਵਿਧੀਆਂ ਦੇ ਕੇਂਦਰ ਵਿਚ ਖੜੀ ਇਹ ਟੀਮ ਰਾਜਨੀਤੀ ਤੋਂ ਅਭਿੱਜ ਰਹਿ ਵੀ ਨਹੀਂ ਸੀ ਸਕਦੀ ਤੇ ਜਦੋਂ ਤਕ ਇਹ ਸਕਾਰਾਤਮਕ ਰਾਜਨੀਤਕ ਦਿਸ਼ਾ ਵਿਚ ਕੋਈ ਕਦਮ ਨਹੀਂ ਉਠਾਉਂਦੀ, ਇਹ ਆਪਣੀ ਵਰਤਮਾਨ ਘੁੰਮਣਘੇਰੀ ਵਿਚ ਹੀ ਫਸੀ ਰਹੇਗੀ। ਨਿਰਸੰਦੇਹ ਅੰਨਾ ਟੀਮ ਦੀ ਭ੍ਰਿਸ਼ਟਾਚਾਰ ਵਿਰੋਧੀ ਧਰਨਾ ਰੈਲੀ ਨੂੰ ਬੇਮਿਸਾਲ ਹੁੰਗਾਰਾ ਮਿਲਿਆ ਸੀ ਪਰ ਇਸ ਹੁੰਗਾਰੇ ਦੀ ਅਸਲੀਅਤ ਹੁਣ ਹੌਲੀ ਹੌਲੀ ਉਜਾਗਰ ਹੋਣੀ ਸ਼ੁਰੂ ਹੋ ਗਈ ਹੈ।

ਇਸ ਦੇ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਅੰਨਾ ਟੀਮ ਵਿਚ ਕੁਝ ਅਜਿਹੇ ਲੋਕ ਸ਼ਾਮਲ ਹਨ ਜਿਹੜੇ ਨਾ ਕੇਵਲ ਇਮਾਨਦਾਰ ਸਗੋਂ ਸੁਲਝੇ ਹੋਏ ਵੀ ਹਨ, ਪਰ ਇਹ ਜਨਤਾ ਵਿਚੋਂ ਨਹੀਂ ਉਭਰੇ। ਟੀਮ ਅੰਨਾ ਦੀ ਨਿਰਭਰਤਾ ਇਲੈਕਟ੍ਰੋਨਿਕ ਮੀਡੀਆ ਉਪਰ ਹੀ ਰਹੀ, ਮੀਡੀਏ ਦੀ ਲੋਕਾਂ ਨੂੰ ਸਿੱਧੇ ਸੰਬੋਧਿਤ ਹੋਣ ਦੀ ਸ਼ੈਲੀ ਮੱਧਵਰਗ ਨੂੰ ਕਾਇਲ ਕਰ ਗਈ ਤੇ ਸਿੱਟੇ ਵਜੋਂ ਭੁੱਖ ਹੜਤਾਲ ਵਾਲੇ ਅਸਥਾਨ ਉਪਰ ਲੋਕਾਂ ਦਾ ਸੈਲਾਬ ਉਮੜ ਆਇਆ। ਜਿਹੜੀਆਂ ਰਾਜਸੀ ਪਾਰਟੀਆਂ ਅਮਲੀ ਰੂਪ ਵਿਚ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜਨ ਲਈ ਪ੍ਰਤੀਬੱਧ ਹਨ ਅਤੇ ਅਜਿਹਾ ਕਰਨ ਦੀ ਇੱਛਾ ਸ਼ਕਤੀ ਵੀ ਰੱਖਦੀਆਂ ਹਨ, ਅੰਨਾ ਟੀਮ ਦੇ ਧਰਨਾ ਪ੍ਰਦਰਸ਼ਨ ਤੋਂ ਦੂਰ ਹੀ ਰਹੀਆਂ ਤਾਂ ਕਿ ਅੰਨਾ ਦੇ ਅੰਦੋਲਨ ਵਿਰੁੱਧ ਕਿਸੇ ਧਿਰ ਨੂੰ ਬੇਬੁਨਿਆਦ ਪ੍ਰਚਾਰ ਕਰਨ ਦਾ ਮੌਕਾ ਨਾ ਮਿਲੇ। ਸੱਤਾਧਾਰੀ ਗਠਜੋੜ ਤਾਂ ਉਂਜ ਹੀ ਇਸ ਅੰਦੋਲਨ ਦੀ ਮਾਰ ਹੇਠ ਸੀ, ਸੱਜੇ ਪੱਖੀ ਸੰਘ ਪਰਿਵਾਰ ਦੀਆਂ ਪਾਰਟੀਆਂ ਅੰਦੋਲਨ ਦੀ ਹਮਾਇਤ ਤਾਂ ਕਰ ਰਹੀਆਂ ਸਨ ਪਰ ਅੰਨਾ ਦੇ ਤਾਕਤਵਰ ਸਹਿਯੋਗੀਆਂ ਅਤੇ ਇਸ ਅੰਦੋਲਨ ਦੀ ਇੰਜੀਨੀਅਰਿੰਗ ਕਰਨ ਵਾਲਿਆਂ, ਅਰਵਿੰਦ ਕੇਜਰੀਵਾਲ ਅਤੇ ਪ੍ਰਸ਼ਾਂਤ ਭੂਸ਼ਣ ਵਰਗਿਆਂ ਵਿਰੁੱਧ ਭਰੀਆਂ ਪੀਤੀਆਂ ਵੀ ਬੈਠੀਆਂ ਸਨ ਕਿਉਂਕਿ ਇਹ ਇਨ੍ਹਾਂ ਪਾਰਟੀਆਂ ਦੇ ਰਾਜਸੀ ਆਗੂਆਂ ਨੂੰ ਧਰਨਾ ਪ੍ਰਦਰਸ਼ਨ ਮੰਚ ਦੇ ਨੇੜੇ ਨਹੀਂ ਸਨ ਢੁੱਕਣ ਦੇ ਰਹੇ।

ਅੰਨਾ ਦੇ ਧਰਨਾ ਪ੍ਰਦਰਸ਼ਨ ਦੀ ਸਮਾਪਤੀ ਉਪਰੰਤ ਅੰਨਾ ਹਜ਼ਾਰੇ ਦੀ ਜੈ ਜੈ ਕਾਰ ਹੋਣ ਲੱਗੀ ਤੇ ਇਸ ਸ਼ੋਰ ਵਿਚ ਭ੍ਰਿਸ਼ਟਾਚਾਰ ਦਾ ਮੁੱਦਾ ਰੁਲ ਗਿਆ। ਨਾਲ ਹੀ ਅੰਨਾ ਟੀਮ ਨੇ ਸਰਕਾਰ ਉਪਰ ਆਪਣਾ ਕਥਿਤ ਦਬਾਅ ਬਰਕਰਾਰ ਰੱਖਣ ਲਈ ਕਾਂਗਰਸ ਦੇ ਚੁਣਾਵੀ ਵਿਰੋਧ ਦਾ ਪੈਂਤੜਾ ਆਪਣਾ ਲਿਆ, ਜਿਸ ਨੇ ਸੰਘ ਪਰਿਵਾਰ ਨੂੰ ਫਿੱਟ ਬੈਠਦਾ ਇਕ ਰਾਜਸੀ ਵਿਰੋਧ ਪੈਦਾ ਕਰਨ ਦੀ ਸੰਭਾਵਨਾ ਬਣਾਈ। ਕਿਸੇ ਢੁਕਵੇਂ ਬਦਲ ਦਾ ਸਮਰਥਨ ਕੀਤੇ ਬਗੈਰ ਹੀ ਕਾਂਗਰਸ ਵਿਰੋਧ ਦਾ ਬਿਗਲ ਵਜਾਉਣਾ ਆਪਣੇ ਆਪ ਵਿਚ ਅੰਨਾ ਟੀਮ ਦੀ ਰਾਜਨੀਤਕ ਕਚਿਆਈ ਦਾ ਪ੍ਰਤੀਕ ਹੈ।

> ਜਿਵੇਂ ਕਿ ਜ਼ਿਕਰ ਕੀਤਾ ਗਿਆ ਹੈ ਕਿ ਅੰਨਾ ਟੀਮ ਨੇ ਆਪਣੀ ਜਨਤਕ ਪਹੁੰਚ ਬਣਾਉਣ ਲਈ ਇਲੈਕਟ੍ਰੋਨਿਕ ਮੀਡੀਆ ਦੀ ਭਰਪੂਰ ਵਰਤੋਂ ਕੀਤੀ। ਇਲੈਕਟ੍ਰੋਨਿਕ ਮੀਡੀਆ ਕਾਰਪੋਰੇਟ ਮੀਡੀਆ ਹੈ। ਇਹ ਲੋਕਤੰਤਰ ਦਾ ਚੌਥਾ ਥੰਮ ਕਦਾਚਿਤ ਨਹੀਂ ਹੈ। ਇਸ ਦਾ ਸਾਰਾ ਦਾਰੋਮਦਾਰ ਕਿਸੇ ਵਿਗਿਆਪਨ ਕੰਪਨੀ ਵਰਗਾ ਹੈ। ਦੇਸ਼ ਦੇ ਵੱਡੇ ਗਠਜੋੜ ਵੀ ਕਾਰਪੋਰੇਟ ਦੀ ਰਾਜਨੀਤੀ ਕਰ ਰਹੇ ਹਨ, ਇਹ ਵੀ ਇਲੈਕਟ੍ਰੋਨਿਕ ਮੀਡੀਆ 'ਤੇ ਵਿਗਿਆਪਨ ਤਰਜ਼ ਦੀ ਮਸ਼ਹੂਰੀ ਬਟੋਰਦੇ ਹਨ। ਦਿਲਚਸਪ ਗੱਲ ਹੈ ਕਿ ਉਪਰਲੇ ਪੱਧਰ 'ਤੇ ਕਾਰਪੋਰੇਟ ਜਗਤ ਹੀ ਆਪਣੀ ਤਮਾਮ ਰਾਜਨੀਤੀ ਤੇ ਸਭਿਆਚਾਰ ਪੈਦਾ ਕਰ ਰਹੇ ਹਨ, ਉਨ੍ਹਾਂ ਦੀ ਸਹਾਇਤਾ ਨਾਲ ਇਹ ਕਿਵੇਂ ਖ਼ਤਮ ਹੋ ਜਾਵੇਗਾ। ਦਰਅਸਲ, ਸੁਹਿਰਦਤਾ ਦੇ ਬਾਵਜੂਦ ਟੀਮ ਅੰਨਾ ਕੋਲ ਭ੍ਰਿਸ਼ਟਾਚਾਰ ਦੇ ਵਰਤਾਰੇ ਦਾ ਵਿਸ਼ਲੇਸ਼ਣ ਕਰਨ ਲਈ ਲੋੜੀਂਦੀ ਵਿਚਾਰਧਾਰਾ ਨਹੀਂ ਹੈ। ਇਹ ਭ੍ਰਿਸ਼ਟਾਚਾਰ ਦੇ ਸਮੁੱਚੇ ਤਾਣੇ ਬਾਣੇ ਨੂੰ ਸਮਝਣ ਦੀ ਥਾਂ ਇਸ ਦੇ ਲੱਛਣਾਂ ਨੂੰ ਹੀ ਦੇਖ ਰਹੀ ਹੈ।

ਜਿਵੇਂ ਕਿ ਜ਼ਿਕਰ ਕੀਤਾ ਗਿਆ ਹੈ ਕਿ ਅੰਨਾ ਟੀਮ ਨੇ ਆਪਣੀ ਜਨਤਕ ਪਹੁੰਚ ਬਣਾਉਣ ਲਈ ਇਲੈਕਟ੍ਰੋਨਿਕ ਮੀਡੀਆ ਦੀ ਭਰਪੂਰ ਵਰਤੋਂ ਕੀਤੀ। ਇਲੈਕਟ੍ਰੋਨਿਕ ਮੀਡੀਆ ਕਾਰਪੋਰੇਟ ਮੀਡੀਆ ਹੈ। ਇਹ ਲੋਕਤੰਤਰ ਦਾ ਚੌਥਾ ਥੰਮ ਕਦਾਚਿਤ ਨਹੀਂ ਹੈ। ਇਸ ਦਾ ਸਾਰਾ ਦਾਰੋਮਦਾਰ ਕਿਸੇ ਵਿਗਿਆਪਨ ਕੰਪਨੀ ਵਰਗਾ ਹੈ। ਦੇਸ਼ ਦੇ ਵੱਡੇ ਗਠਜੋੜ ਵੀ ਕਾਰਪੋਰੇਟ ਦੀ ਰਾਜਨੀਤੀ ਕਰ ਰਹੇ ਹਨ, ਇਹ ਵੀ ਇਲੈਕਟ੍ਰੋਨਿਕ ਮੀਡੀਆ 'ਤੇ ਵਿਗਿਆਪਨ ਤਰਜ਼ ਦੀ ਮਸ਼ਹੂਰੀ ਬਟੋਰਦੇ ਹਨ। ਦਿਲਚਸਪ ਗੱਲ ਹੈ ਕਿ ਉਪਰਲੇ ਪੱਧਰ 'ਤੇ ਕਾਰਪੋਰੇਟ ਜਗਤ ਹੀ ਆਪਣੀ ਤਮਾਮ ਰਾਜਨੀਤੀ ਤੇ ਸਭਿਆਚਾਰ ਪੈਦਾ ਕਰ ਰਹੇ ਹਨ, ਉਨ੍ਹਾਂ ਦੀ ਸਹਾਇਤਾ ਨਾਲ ਇਹ ਕਿਵੇਂ ਖ਼ਤਮ ਹੋ ਜਾਵੇਗਾ। ਦਰਅਸਲ, ਸੁਹਿਰਦਤਾ ਦੇ ਬਾਵਜੂਦ ਟੀਮ ਅੰਨਾ ਕੋਲ ਭ੍ਰਿਸ਼ਟਾਚਾਰ ਦੇ ਵਰਤਾਰੇ ਦਾ ਵਿਸ਼ਲੇਸ਼ਣ ਕਰਨ ਲਈ ਲੋੜੀਂਦੀ ਵਿਚਾਰਧਾਰਾ ਨਹੀਂ ਹੈ। ਇਹ ਭ੍ਰਿਸ਼ਟਾਚਾਰ ਦੇ ਸਮੁੱਚੇ ਤਾਣੇ ਬਾਣੇ ਨੂੰ ਸਮਝਣ ਦੀ ਥਾਂ ਇਸ ਦੇ ਲੱਛਣਾਂ ਨੂੰ ਹੀ ਦੇਖ ਰਹੀ ਹੈ।

ਟੀਮ ਅੰਨਾ ਇਸ ਸਮੇਂ ਆਪਣੀ ਰਾਜਸੀ ਤੇ ਵਿਚਾਰਧਾਰਕ ਕਚਿਆਈ ਦਾ ਖਮਿਆਜਾ ਭੁਗਤ ਰਹੀ ਹੈ। ਇਸ ਨੇ ਅੱਧੀ ਅਧੂਰੀ ਰਾਜਨੀਤੀ ਅਪਣਾ ਰੱਖੀ ਹੈ। ਇਸ ਦੇ ਮੈਂਬਰਾਂ ਤੇ ਇਸ ਦੇ ਆਗੂ ਅੰਨਾ ਹਜ਼ਾਰੇ ਵਿਚਕਾਰ ਇਕ ਸਪੱਸ਼ਟ ਦਰਾੜ ਦਿਖਾਈ ਦੇ ਰਹੀ ਹੈ। ਅੰਨਾ ਹਜ਼ਾਰੇ ਨੂੰ ਸ਼ਰਧਾ ਦਾ ਪਾਤਰ ਬਣਾਇਆ ਜਾ ਰਿਹਾ ਹੈ ਜਦਕਿ ਇਸ (ਟੀਮ ਅੰਨਾ) ਦੇ ਬਾਕੀ ਆਗੂਆਂ ਪ੍ਰਤੀ ਆਨੀ -ਬਹਾਨੀ ਜਨਤਕ ਨਰਾਜ਼ਗੀ ਪੈਦਾ ਕੀਤੀ ਜਾ ਰਹੀ ਹੈ, ਉਨ੍ਹਾਂ ਨੂੰ ਖੌਫਜ਼ਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਅੱਧੀ ਅਧੂਰੀ ਰਾਜਨੀਤੀ ਵੀ ਦੋਵਾਂ ਵੱਡੇ ਗਠਜੋੜਾਂ, ਯੂ.ਪੀ.ਏ. ਤੇ ਐਨ.ਡੀ.ਏ. ਤੋਂ ਬਰਦਾਸ਼ਤ ਨਹੀਂ ਕੀਤੀ ਜਾ ਰਹੀ ਅਤੇ ਉਨ੍ਹਾਂ ਨੂੰ (ਪ੍ਰਸ਼ਾਂਤ ਭੂਸ਼ਣ, ਕੇਜਰੀਵਾਲ, ਕਿਰਨ ਬੇਦੀ ਆਦਿ) ਰਾਜਸੀ ਖੇਤਰ ਵਿਚੋਂ ਖਦੇੜਨ ਦੇ ਇਹ ਗਠਜੋੜ ਲਗਾਤਾਰ ਯਤਨ ਜਾਰੀ ਰੱਖ ਰਹੇ ਹਨ। ਇਨ੍ਹਾਂ ਗਠਜੋੜਾਂ ਨੂੰ ਵੀ ਮੀਡੀਆ ਰਾਹੀਂ ਆਪਣੇ ਯਤਨਾਂ ਵਿਚ ਉਵੇਂ ਸਫਲਤਾ ਹਾਸਲ ਹੋ ਰਹੀ ਹੈ, ਜਿਵੇਂ ਟੀਮ ਅੰਨਾ ਨੂੰ ਧਰਨਾ ਪ੍ਰਦਰਸ਼ਨ ਸਮੇਂ ਹਾਸਲ ਹੋਈ ਸੀ। ਟੀਮ ਅੰਨਾ ਦਾ ਕੰਮ ਉਦੋਂ ਤਕ ਸਿੱਟਾਮੁਖੀ ਨਹੀਂ ਹੋ ਸਕੇਗਾ ਜਦੋਂ ਤਕ ਇਹ ਆਪਣੇ ਲਈ ਸਹੀ ਵਿਚਾਰਧਾਰਾ ਅਤੇ ਮੁਕੰਮਲ ਰਾਜਨੀਤੀ ਦੀ ਚੋਣ ਨਹੀਂ ਕਰਦੀ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼

# ਸਿੱਖ ਧਰਮ ਦੇ ਵੱਡਮੁੱਲੇ ਸਮਾਜਕ ਸਰੋਕਾਰ



ਮੰਗਤ ਰਾਮ ਪਾਸਲਾ
ਸਕੱਤਰ ਸੀਪੀਐਮ ਪੰਜਾਬ

ਪ੍ਰਸਿੱਧ ਸਮਾਜਕ ਚਿੰਤਕ ਤੇ ਕਵੀ ਹੰਸ ਮੈਗਨਸ ਐਜ਼ਨਸਬਰਗਰ ਅਨੁਸਾਰ : ਮਾਰਕਸਵਾਦੀ ਵਿਗਿਆਨਕ ਵਿਚਾਰਧਾਰਾ, ਜੋ ਪੂੰਜੀਵਾਦੀ ਪ੍ਰਬੰਧ ਦੇ ਕੋਹੜ ਨੂੰ ਉਜਾਗਰ ਕਰਦੀ ਹੈ ਅਤੇ ਬਰਾਬਰੀ ਵਾਲਾ ਸਮਾਜ ਸਥਾਪਤ ਕਰਨ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ, ਨੂੰ "ਇਸਦੇ ਵਿਰੋਧੀਆਂ ਨੇ ਤਾਂ ਨਹੀਂ ਭੁਲਾਇਆ ਬਲਕਿ ਇਸਦੇ ਪੈਰੋਕਾਰਾਂ ਨੇ ਇਸ ਨੂੰ ਜ਼ਿਆਦਾ ਵਿਸਾਰਿਆ ਹੈ", ਇਸੇ ਤਰਾਂ ਹੀ, ਸਿੱਖ ਧਰਮ ਦੀਆਂ ਮਹਾਨ ਤੇ ਅਗਾਂਹਵਧੂ ਪ੍ਰੰਪਰਾਵਾਂ ਨੂੰ ਇਸਦੇ ਦੁਸ਼ਮਣ ਤਾਂ ਉਨੀ ਢਾਅ ਨਹੀਂ ਲਗਾ ਸਕੇ, ਜਿੰਨੀ ਇਸਦੇ ਕਥਿਤ ਅਨੁਆਈਆਂ ਨੇ ਲਗਾਈ ਹੈ।

ਜੇਕਰ ਅੱਜ ਸਿੱਖ ਧਰਮ, ਆਪਣੀਆਂ ਮਾਣ ਮੱਤੀਆਂ ਸਿੱਖਿਆਵਾਂ ਅਤੇ ਮਾਨਵਵਾਦੀ ਪ੍ਰੰਪਰਾਵਾਂ ਦੇ ਬਾਵਜੂਦ, ਇਕ ਛੋਟੇ ਜਿਹੇ ਖਿੱਤੇ ਤੋਂ ਬਾਹਰਲੇ ਸੰਸਾਰ ਅੰਦਰ ਵੱਸਦੇ ਲੋਕਾਂ ਦੇ ਵੱਡੇ ਭਾਗਾਂ ਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਸਕਿਆ, ਤਦ ਇਸਦਾ ਵੱਡਾ ਕਾਰਨ ਵੀ ਇਸ ਧਰਮ ਦੇ ਮੌਜੂਦਾ ਨਾਮ ਨਿਹਾਦ ਠੇਕੇਦਾਰਾਂ ਦੀ ਮਨਮੱਤੀ ਤੇ ਸੰਕੀਰਨ ਸੋਚ ਹੀ ਵੱਡੀ ਹੱਦ ਤੱਕ ਜ਼ਿੰਮੇਵਾਰ ਹੈ। ਇਹ ਵੀ ਇਕ ਕੌੜਾ ਸੱਚ ਹੈ ਕਿ ਕਈਆਂ ਪੱਖਾਂ ਤੋਂ ਤਾਂ ਸਿੱਖ ਧਰਮ ਹੋਰ ਪਸਾਰ ਕਰਨ ਦੀ ਥਾਂ ਆਪਣੇ ਪੈਰੋਕਾਰਾਂ ਵਿਚ ਵੀ ਸੁੰਗੜਦਾ ਜਾ ਰਿਹਾ ਹੈ। ਬਹੁਤ ਸਾਰੇ ਹੋਰ ਲੋਕਾਂ ਵਾਂਗ ਭਾਵੇਂ ਮੈਂ ਆਪ ਸਿੱਖੀ ਸਰੂਪ ਵਜੋਂ ਤਾਂ ਇਸ ਧਰਮ ਨੂੰ ਗ੍ਰਹਿਣ ਨਹੀਂ ਕੀਤਾ ਪ੍ਰੰਤੂ ਸੁਰਤ ਸੰਭਾਲਣ ਤੋਂ ਲੈ ਕੇ ਅੱਜ ਤੱਕ ਸਿੱਖ ਧਰਮ ਦੀਆਂ ਮੁਢਲੀਆਂ ਸਿੱਖਿਆਵਾਂ, ਸੰਸਕਾਰ, ਇਤਿਹਾਸ, ਜੀਵਨ ਜਾਚ ਦੱਸਦੀਆਂ ਅਨੇਕਾਂ ਸੋਧਾਂ ਤੇ ਕੁਰਬਾਨੀਆਂ ਭਰੀਆਂ ਇਸ ਦੀਆਂ ਲਾਸਾਨੀ ਗਾਥਾਵਾਂ ਨੂੰ ਸਮਝਣ, ਪੜਨ ਅਤੇ ਸੁਨਣ ਦਾ ਨਿਮਾਣਾ ਜਿਹਾ ਉਪਰਾਲਾ ਜ਼ਰੂਰ ਕਰਦਾ ਆ ਰਿਹਾ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ, ਇਸਦੇ ਅੰਤਰੀਵ ਭਾਵ ਅਰਥਾਂ ਅਤੇ ਵਿਆਖਿਆਵਾਂ ਨੂੰ ਸੁਣਕੇ ਮਨ ਨੂੰ ਖਾਸ ਕਿਸਮ ਦਾ ਸਕੂਨ ਤੇ ਅਨੰਦ ਪ੍ਰਾਪਤ ਹੁੰਦਾ ਹੈ। ਉਮਰ ਦੇ ਮੁਢਲੇ ਸਾਲਾਂ ਅੰਦਰ ਪਿੰਡਾਂ ਦੇ ਗੁਰਦੁਆਰਿਆਂ ਅੰਦਰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਸਮੇਂ ਧਾਰਮਿਕ ਦਿਵਾਨਾਂ ਵਿਚ ਸੁਣੇ ਗਏ ਬਾਬੇ ਨਾਨਕ ਵਲੋਂ ਨਿਰਧਨ ਲੋਕਾਂ ਉਪਰ ਹੁੰਦੇ ਜ਼ੁਲਮਾਂ ਨੂੰ ਦੇਖ ਕੇ ਰੱਬ ਨੂੰ ਦਿੱਤੇ ਗਏ ਉਲਾਂਭੇ ਅਤੇ ਮਲਕ ਭਾਗੋਆਂ ਨੂੰ ਦੁਰਕਾਰਨ ਅਤੇ ਭਾਈ ਲਾਲੋਆਂ ਪ੍ਰਤੀ ਮੋਹ ਭਿੱਜੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਸ਼ਬਦ ਅੱਜ ਵੀ ਮਨ ਵਿਚ ਉਵੇਂ ਹੀ ਸੰਵੇਦਨਾ ਪੈਦਾ ਕਰਦੇ ਹਨ। ਸਿੱਖ ਧਰਮ ਦੇ ਪਹਿਲੇ ਮਹਾਨ ਗੁਰੂ ਦੀ ਸਮੁੱਚੀ ਮਾਨਵਤਾ, ਖਾਸਕਰ ਗਰੀਬਾਂ ਤੇ ਨੀਚ ਸਮਝੇ ਜਾਂਦੇ ਲੋਕਾਂ ਪ੍ਰਤੀ ਪਹੁੰਚ ਤੇ ਮੋਹ, ਜ਼ਾਲਮਾਂ ਪ੍ਰਤੀ ਨਫਰਤ ਅਤੇ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਮਨੁੱਖ ਨੂੰ ਤਰਕਸ਼ੀਲ ਬਣਾਉਣ ਤੇ ਸੱਚ ਜਾਨਣ ਲਈ ਗਿਆਨ ਪ੍ਰਾਪਤ ਕਰਨ ਦੀ ਮਹਾਨਤਾ ਦਾ ਉਲੇਖ ਜਿਸ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ, ਉਹ ਸੱਚ ਮੁਚ ਹੀ ਅਤਿਅੰਤ ਸਿੱਖਿਆ ਦਾਇਕ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਜ਼ੁਲਮਾਂ ਵਿਰੁੱਧ ਜੂਝਦਿਆਂ ਅਤੇ ਹਰ ਤਰਾਂ ਦੀਆਂ ਮੁਸ਼ਕਿਲਾਂ ਸਹਾਰਦੇ ਹੋਏ ਆਪਣੇ ਸਮੁੱਚੇ ਪਰਵਾਰ ਦੀ ਦਿੱਤੀ ਗਈ ਲਾਸਾਨੀ ਕੁਰਬਾਨੀ ਅਤੇ ਉਹਨਾਂ ਵਲੋਂ ਹੌਸਲੇ ਤੇ ਯੋਗਤਾ ਨਾਲ ਵੱਡੇ ਸਦਮਿਆਂ ਨੂੰ ਖਿੜੇ ਮੱਥੇ ਜਰਨ ਦੀਆਂ ਵਾਰਾਂ ਅਤੇ ਕਵਿਤਾਵਾਂ ਸੁਣਕੇ ਅੱਜ ਵੀ ਲੂੰਅ ਕੰਡੇ ਖੜੇ ਹੋ ਜਾਂਦੇ ਹਨ ਅਤੇ ਉਨਾਂ ਵਲੋਂ ਦਿਖਾਏ ਗਏ ਅਦੁੱਤੀ ਮਾਰਗ ਉਪਰ ਚੱਲਣ ਲਈ ਮਨ ਮੱਲੋ ਮੱਲੀ ਬਿਹਬਲ ਹੋ ਉਠਦਾ ਹੈ।



ਸਿੱਖ ਗੁਰੂ ਸਾਹਿਬਾਨ ਕਹਿਣੀ ਅਤੇ ਕਰਨੀ ਦੇ ਮੁਜੱਸਮੇ ਸਨ ਅਤੇ ਉਨ੍ਹਾਂ ਦੇ ਬਹੁਤ ਸਾਰੇ ਪੈਰੋਕਾਰਾਂ ਦੀ ਗਿਣਤੀ, ਜੋ ਉਨਾਂ ਦੇ ਪੂਰਨਿਆਂ ਅਤੇ ਸਿਧਾਂਤਾਂ ਉਤੇ ਪਹਿਰਾ ਦਿੰਦੀ ਹੋਈ ਅਦੁੱਤੀ ਕੁਰਬਾਨੀਆਂ ਕਰ ਗਈ, ਵੀ ਘੱਟ ਨਹੀਂ ਹੈ। ਬੰਦਾ ਸਿੰਘ ਬਹਾਦਰ ਉਨਾਂ ਅਨੇਕਾਂ ਸੂਰਮਿਆਂ ਵਿਚ ਗਿਣਿਆ ਜਾ ਸਕਦਾ ਹੈ। ਜਿਸ ਤਰਾਂ ਦੇ ਵਿਚਾਰਧਾਰਕ ਹਮਲੇ ਝੂਠੀਆਂ ਧਾਰਮਕ ਰਹੁ ਰੀਤਾਂ, ਪਾਖੰਡਾਂ, ਪਿਛਾਖੜੀ ਵਿਚਾਰਧਾਰਾਵਾਂ ਤੇ ਦੰਭੀ ਲੋਕਾਂ ਉਪਰ ਗੁਰੂ ਸਾਹਿਬਾਨਾਂ ਤੇ ਹੋਰ ਭਗਤਾਂ ਵਲੋਂ ਕੀਤੇ ਗਏ ਹਨ, ਉਸ ਵਰਗੀ ਸਮੱਗਰੀ ਸਾਡੇ ਕਿਸੇ ਹੋਰ ਧਾਰਮਕ ਗ੍ਰੰਥ ਵਿਚ ਉਪਲੱਬਧ ਹੋਣੀ ਕਾਫੀ ਮੁਸ਼ਕਿਲ ਹੈ। ਸਿੱਖ ਧਰਮ ਦੀਆਂ ਇਨਾਂ ਮਹਾਨ ਮਾਨਵਵਾਦੀ ਕਦਰਾਂ ਕੀਮਤਾਂ, ਸਿੱਖਿਆਵਾਂ, ਸਮਾਜਕ ਸਰੋਕਾਰਾਂ ਤੇ ਅਮਲਾਂ ਤੋਂ ਬਹੁਤ ਕੁੱਝ ਸਿੱਖਕੇ ਸਮਾਜਕ ਵਿਕਾਸ ਅਤੇ ਤਬਦੀਲੀ ਲਈ ਕੁੱਝ ਨਾ ਕੁੱਝ ਬਣਦਾ ਯੋਗਦਾਨ ਹਰ ਇਨਸਾਨ ਪਾ ਸਕਦਾ ਹੈ, ਜਿਸ ਨਾਲ "ਇਨਸਾਫ, ਬਰਾਬਰਤਾ ਤੇ ਲੁੱਟ ਖਸੁੱਟ ਰਹਿਤ ਸਮਾਜ" ਦੀ ਸਥਾਪਨਾ ਕਰਨੀ ਸੰਭਵ ਬਣਾਈ ਜਾ ਸਕਦੀ ਹੈ।

ਪ੍ਰੰਤੂ ਇਸਦੇ ਐਨ ਉਲਟ ਅੱਜ ਦੇ ਬਹੁਤ ਸਾਰੇ ਸਿੱਖ ਨੇਤਾ, ਸਿੱਖ ਧਰਮ ਦੇ ਪ੍ਰਚਾਰਕ ਅਤੇ ਵਿਦਵਾਨ ਇਸ ਧਰਮ ਦੇ ਸਬੰਧ ਵਿਚ ਐਸੇ ਵਿਖਿਆਨ ਕਰਦੇ ਹਨ ਤੇ ਲੇਖਣੀਆਂ ਲਿਖ ਰਹੇ ਹਨ, ਜਿਹਨਾਂ ਨਾਲ ਸਿੱਖ ਧਰਮ ਦਾ ਦਾਇਰਾ ਪਸਰਣ ਦੀ ਥਾਂ ਸੁੰਗੜਨ ਦੀਆਂ ਸੰਭਾਵਨਾਵਾਂ ਜ਼ਿਆਦਾ ਬਣਦੀਆਂ ਹਨ। ਅਜਿਹੇ ਲੋਕ ਜ਼ਿੰਦਗੀ ਦੇ ਵਿਵਹਾਰਕ ਪੱਖ ਤੋਂ ਆਪ ਤਾਂ ਹੋਰ ਵੀ ਬੌਣੇ ਨਜ਼ਰ ਆਉਂਦੇ ਹਨ। ਇਸ ਤੋਂ ਵੀ ਵੱਧ ਚਿੰਤਾ ਇਸ ਗੱਲ ਦੀ ਹੈ ਕਿ ਸਿੱਖ ਧਰਮ ਦੀਆਂ ਮਹਾਨ ਮਾਨਵਵਾਦੀ ਸਿੱਖਿਆਵਾਂ ਅਤੇ ਇਸਦੇ ਮਾਣਮੱਤੇ ਇਤਿਹਾਸ ਨੂੰ ਸਿੱਖ ਧਰਮ ਦੇ ਕਥਿਤ ਠੇਕੇਦਾਰਾਂ ਵਲੋਂ ਜਿਸ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਉਸ ਨਾਲ ਇਹ ਆਪਣਾ ਅਗਾਂਹਵਧੂ ਅਤੇ ਸਾਂਝੀਵਾਲਤਾ ਦਾ ਅਲੰਬਰਦਾਰ ਹੋਣ ਵਾਲਾ ਅਕਸ ਗੁਆ ਕੇ ਉਨਾਂ ਬਾਕੀ ਧਰਮਾਂ ਵਰਗਾ ਰੂਪ ਹੀ ਧਾਰਨ ਕਰਦਾ ਜਾ ਰਿਹਾ ਹੈ, ਜਿਨਾਂ ਧਰਮਾਂ ਦੇ ਕਥਨਾਂ ਤੇ ਅਮਲਾਂ ਵਿਰੁੱਧ ਤਰਕ ਦੀ ਕਸਵੱਟੀ ਉਤੇ ਇਸ ਨਿਵੇਕਲੇ ਧਰਮ ਦੀ ਨੀਂਹ ਰੱਖੀ ਗਈ ਸੀ।

ਪਹਿਲਾਂ ਤਾਂ ਮਾਹੌਲ ਹੀ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਸਧਾਰਣ ਵਿਅਕਤੀ ਸਿੱਖ ਧਰਮ ਦੇ ਮਹਾਨ ਗ੍ਰੰਥਾਂ ਨੂੰ ਨੇੜਿਓਂ ਹੋ ਕੇ ਪੜਨ ਤੇ ਘੋਖਣ ਤੋਂ ਹੀ ਭੈਅ ਖਾਂਦਾ ਹੈ। ਕਿਸੇ ਵਿਅਕਤੀ ਨੂੰ ਗੁਰਬਾਣੀ ਦੇ ਕਿਸੇ ਕਥਨ ਜਾਂ ਸ਼ਬਦ ਅੰਦਰਲੀ ਗਹਿਰਾਈ ਨੂੰ ਸਮਝਣ ਵਾਸਤੇ ਕੋਈ ਸਵਾਲ ਕਰਨ, ਘੋਖਣ ਅਤੇ ਤਰਕ ਦੇ ਆਧਾਰ ਉਤੇ ਸੰਵਾਦ ਰਚਾਉਣ ਦਾ ਅਧਿਕਾਰ ਹੀ ਨਹੀਂ ਹੈ। ਅੱਖਾਂ ਮੀਟ ਕੇ, ਕੰਨ ਬੰਦ ਕਰਕੇ ਤੇ ਜ਼ੁਬਾਨ ਨੂੰ ਤਾਲਾ ਲਗਾ ਕੇ, ਆਪਸੀ ਖੁੱਲੇ ਵਿਚਾਰ ਵਟਾਂਦਰੇ ਤੋਂ ਬਿਨਾਂ ਕੋਈ ਸਿੱਖ ਧਰਮ ਦੀਆਂ ਅਦੁਤੀਆਂ ਸਿੱਖਿਆਵਾਂ ਤੋਂ ਲਾਭ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਜਿਹੜੇ ਲੋਕ ਸਿੱਖ ਧਰਮ ਨੂੰ ਚਾਰੇ ਪਾਸਿਆਂ ਤੋਂ ਗਲਤ ਬੰਧਿਸ਼ਾਂ ਦੀਆਂ ਦੀਵਾਰਾਂ ਖੜੀਆਂ ਕਰਕੇ ਸਥਿਲ ਕਰਨਾ ਚਾਹੁੰਦੇ ਹਨ, ਉਹ ਆਪ ਇਸ ਧਰਮ ਦੀਆਂ ਮੂਲ ਸਿੱਖਿਆਵਾਂ ਅਤੇ ਅਮਲਾਂ ਤੋਂ ਕੋਰੇ ਤੇ ਕੋਹਾਂ ਦੂਰ ਹਨ। ਸਿੱਖ ਰਹੁ ਰੀਤਾਂ, ਜੋ ਗੁਰੂ ਸਾਹਿਬਾਨ ਨੇ ਉਸ ਸਮੇਂ ਦੀਆਂ ਪ੍ਰਸਥਿਤੀਆਂ ਅਤੇ ਬਾਹਰਮੁਖੀ ਹਾਲਤਾਂ ਦੇ ਅਨੁਕੂਲ ਸਥਾਪਤ ਕੀਤੀਆਂ ਸਨ, ਨੂੰ ਤਕਨੀਕੀ (ਰੂਪਕ ਪੱਖ) ਤੋਂ ਲਾਗੂ ਕਰਕੇ ਇਸ ਧਰਮ ਵਿਚਲੀ ਗਤੀਸ਼ੀਲਤਾ ਤੇ ਉਪਯੋਗਤਾ ਨੂੰ ਥੰਮਣ ਦਾ ਯਤਨ ਕੀਤਾ ਜਾ ਰਿਹਾ ਹੈ, ਜਦਕਿ ਲੋੜ ਨਵੀਆਂ ਪ੍ਰਸਥਿਤੀਆਂ ਮੁਤਾਬਕ ਇਨਾਂ ਨੂੰ ਸਮਝਣ, ਢਾਲਣ ਤੇ ਵਿਗਸਾਉਣ ਦੀ ਹੈ ਤਾਂ ਜੋ ਬਦਲੀਆਂ ਪ੍ਰਸਥਿਤੀਆਂ ਅੰਦਰ ਅਸਲ ਮਕਸਦ ਕਿਤੇ ਅੱਖੋਂ ਓਹਲੇ ਨਾ ਹੋ ਜਾਵੇ। ਪਾਖੰਡਾਂ, ਵਹਿਮਾਂ, ਅਡੰਬਰਾਂ ਤੇ ਝੂਠੀਆਂ ਰਹੁ ਰੀਤਾਂ ਨੂੰ ਖੰਡਿਤ ਕਰਨ ਵਾਲੇ ਧਰਮ ਨੂੰ ਉਨਾਂ ਵਰਗੇ ਹੀ ਬਹੁਤ ਸਾਰੇ ਪਿਛਾਖੜੀ ਵਿਚਾਰਾਂ ਨਾਲ ਜਕੜਨ ਦਾ ਯਤਨ ਹੋ ਰਿਹਾ ਹੈ। ਗੁਰਬਾਣੀ ਪੜਨ ਨੂੰ ਅਤੇ ਖੁਸ਼ੀ ਤੇ ਗਮੀ ਸਮੇਂ ਸਿੱਖ ਧਰਮ ਦੀਆਂ ਸਾਦਾ, ਸੌਖੀਆਂ ਤੇ ਬਿਨਾਂ ਕਿਸੇ ਦਵੈਤ ਵਾਲੀਆਂ ਰਹੁ ਰੀਤਾਂ ਨੂੰ ਲਾਗੂ ਕਰਨ ਦੀ ਥਾਂ ਧਰਮ ਨੂੰ ਵਧੇਰੇ ਸੰਕੀਰਨ ਤੇ ਸੌੜਾ ਬਣਾਇਆ ਜਾ ਰਿਹਾ ਹੈ। ਇਥੋਂ ਤੱਕ ਕਿ ਕਿਸੇ ਰਾਜਸੀ ਜਾਂ ਨਿੱਜੀ ਵਿਰੋਧਤਾ ਦੇ ਤੁਅੱਸਬ ਹੇਠਾਂ ਗੈਰ ਸਿੱਖਾਂ ਨੂੰ ਸਿੱਖ ਧਰਮ ਦੇ ਮਹਾਨ ਗ੍ਰੰਥਾਂ ਨੂੰ ਪੜਨ, ਸਮਾਜਿਕ ਫੰਕਸ਼ਨਾਂ ਸਮੇਂ ਉਨਾਂ ਦਾ ਪ੍ਰਕਾਸ਼ ਕਰਨ ਆਦਿ ਦਾ ਅਧਿਕਾਰ ਵੀ ਖੋਹਿਆ ਜਾ ਰਿਹਾ ਹੈ। ਜਾਤਪਾਤ ਦੇ ਖਾਤਮੇ ਲਈ ਅਲੰਬਰਦਾਰ ਬਣੇ ਸਿੱਖ ਧਰਮ ਦੀਆਂ ਸਮਾਜਿਕ ਸਿੱਖਿਆਵਾਂ ਨੂੰ ਫੇਰ ਤੋਂ ਉਚ ਜਾਤੀਆਂ, ਖੁਦਗਰਜ਼ ਤੇ ਘੁਮੰਡੀ ਲੋਕਾਂ ਅਤੇ ਮਲਕ ਭਾਗੋਆਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਜਾਪਦਾ ਹੈ। ਅਨੇਕਾਂ ਧਾਰਮਕ ਥਾਵਾਂ ਉਤੇ ਅੱਜ ਵੀ ਨਿੱਡਰ ਹੋ ਕੇ ਮੱਥਾ ਟੇਕਣ, ਲੰਗਰ ਛਕਣ ਤੇ ਤਿਆਰ ਕਰਨ ਅਤੇ ਇਕੋ ਪੰਗਤ ਸੰਗਤ ਦੀ ਰੀਤ ਨੂੰ ਮਜ਼ਬੂਤ ਕਰਨ ਦੀ ਥਾਂ ਤਿਆਗ ਕੇ ਕਥਿਤ ਅਛੂਤ ਤੇ ਨੀਚ ਸਮਝੇ ਜਾਂਦੇ ਕਿਰਤੀ ਲੋਕਾਂ ਨੂੰ ਫੇਰ ਤੋਂ ਉਵੇਂ ਹੀ ਦੁਰਕਾਰਿਆ ਜਾ ਰਿਹਾ ਹੈ ਜਿਵੇਂ ਕਿ ਸਿੱਖ ਧਰਮ ਦੇ ਅਰੰਭ ਹੋਣ ਤੋਂ ਪਹਿਲਾਂ ਉਸ ਸਮੇਂ ਦੀਆਂ ਧਾਰਮਕ ਤੇ ਸਮਾਜਕ ਸੰਸਥਾਵਾਂ ਵਲੋਂ ਕੀਤਾ ਜਾਂਦਾ ਸੀ।

ਅੱਜ ਵੀ ਸਿੱਖ ਧਰਮ ਦੇ ਅਨੁਆਈਆਂ ਦੀ ਭਾਰੀ ਵੱਸੋਂ ਵਾਲੇ ਅਤੇ ਅਨੇਕਾਂ ਧਾਰਮਿਕ ਸਥਾਨਾਂ ਦੀ ਮੌਜੂਦਗੀ ਵਾਲੇ ਅਨੇਕਾਂ ਪਿੰਡਾਂ ਤੇ ਸ਼ਹਿਰਾਂ ਵਿਚ ਸਮਾਜ ਦੇ ਪੱਛੜੇ ਵਰਗਾਂ ਦੇ ਰਹਿਣ ਸਥਾਨ, ਪੂਜਾ ਸਥਾਨ, ਪਾਣੀ ਪੀਣ ਦੇ ਸਥਾਨ ਅਤੇ ਇਥੋਂ ਤੱਕ ਕਿ ਸ਼ਮਸ਼ਾਨਘਾਟ ਵੀ ਦੂਸਰੀ ਵਸੋਂ ਨਾਲੋਂ ਅਲੱਗ ਹਨ। ਕਿਸੇ ਛੋਟੇ ਜਿਹੇ ਆਰਥਿਕ, ਸਮਾਜਕ ਜਾਂ ਧਾਰਮਕ ਮੁੱਦੇ ਉਤੇ ਇਨਾਂ ਨੀਚ ਸਮਝੇ ਜਾਂਦੇ ਭਾਈ ਲਾਲੋਆਂ ਵਲੋਂ ਉਠਾਈ ਜਾਂਦੀ ਹਲਕੀ ਜਿਹੀ ਵਿਰੋਧੀ ਸੁਰ ਵੀ ਉਪਰਲੇ ਤਬਕਿਆਂ ਦੇ ਕੁਝ ਲੋਕਾਂ ਤੇ ਕੱਟੜਵਾਦੀ ਤੱਤਾਂ ਵਲੋਂ ਉਨਾਂ ਦੇ 'ਸਮਾਜਿਕ ਬਾਈਕਾਟ' ਵਰਗੇ ਸੱਦੇ ਤੱਕ ਲੈ ਜਾਂਦੀ ਹੈ। ਕੋਈ ਵੀ ਸਿਰਮੌਰ ਸਿੱਖ ਸੰਸਥਾ ਜਾਂ ਧਾਰਮਕ ਆਗੂ ਅਜਿਹੀ ਕਿਸੇ ਵੀ ਘਿਨਾਉਣੀ ਕਾਰਵਾਈ ਵਿਰੁੱਧ ਡਟਵੀਂ ਅਵਾਜ਼ ਬੁਲੰਦ ਨਹੀਂ ਕਰਦਾ। ਇਹ ਵਿਵਹਾਰ ਉਨਾਂ ਲੋਕਾਂ ਨਾਲ ਹੋ ਰਿਹਾ ਹੈ ਜਿਨਾਂ ਨੂੰ ਹੌਸਲਾ ਤੇ ਸਹਾਰਾ ਦੇਣ ਵਾਸਤੇ ਅਤੇ ਜਿਨਾਂ ਨਾਲ ਇਕ ਮਿੱਕ ਤੇ ਇਕਸੁਰ ਹੋਣ ਵਾਲੇ ਬਾਬੇ ਨਾਨਕ ਨੇ "ਨੀਚਾਂ ਅੰਦਰ ਨੀਚ ਜਾਤਿ, ਨੀਚੀ ਹੂ ਅੱਤਿ ਨੀਚ" ਵਰਗੇ ਸ਼ਬਦ ਉਚਾਰੇ ਹਨ। ਏਸੇ ਤਰਾਂ ਹੀ ਜੇਕਰ ਕੋਈ ਇਹ ਸਮਝਦਾ ਹੋਵੇ ਕਿ ਸਿੱਖ ਧਰਮ ਦੇ ਅਨੁਆਈਆਂ ਅੰਦਰ ਜਾਤਪਾਤ ਅਧਾਰਤ ਵਿਤਕਰਿਆਂ ਅਤੇ ਔਰਤਾਂ ਪ੍ਰਤੀ ਨਿਰਾਦਰ ਦਾ ਖਾਤਮਾ ਹੋ ਗਿਆ ਹੈ, ਤਾਂ ਇਹ ਗੱਲ ਸਚਾਈ ਤੋਂ ਕੋਹਾਂ ਦੂਰ ਹੈ।

ਇਹ ਵੀ ਆਮ ਦੇਖਣ ਵਿਚ ਆਉਂਦਾ ਹੈ ਕਿ ਬਹੁਤ ਸਾਰੇ ਸਿੱਖ ਵਿਦਵਾਨ ਤੇ ਆਪੂੰ ਬਣੇ ਧਾਰਮਕ ਆਗੂ ਜਦੋਂ ਸਿੱਖ ਧਰਮ ਦਾ ਪ੍ਰਚਾਰ ਕਰਦੇ ਹਨ ਤੇ ਇਸਦੇ ਇਤਿਹਾਸ ਦੀ ਵਿਆਖਿਆ ਕਰਦੇ ਹੋਏ ਇਸਦੇ ਪਸਾਰੇ ਦੀ ਵਿਧੀ ਦੱਸਦੇ ਹਨ ਤਾਂ ਗੈਰ ਸਿੱਖਾਂ ਤੇ ਦੂਸਰੇ ਧਰਮਾਂ ਪ੍ਰਤੀ ਸ਼ਬਦਾਵਲੀ ਤੇ ਭਾਵਨਾ ਏਨੀ ਤ੍ਰਸਿਕਾਰ ਭਰੀ ਹੁੰਦੀ ਹੈ ਕਿ ਸੰਗਤ ਵਿਚ ਬੈਠਾ ਕੋਈ ਵੀ ਗੈਰ ਸਿੱਖ ਇਸ ਪ੍ਰਚਾਰ ਤੋਂ ਪ੍ਰਭਾਵਤ ਹੋਣ ਦੀ ਥਾਂ ਬੇਇੱਜ਼ਤ ਹੋਇਆ ਮਹਿਸੂਸ ਕਰਦਾ ਹੈ। ਸਿੱਖ ਵਿਦਵਾਨ ਸਿੱਖ ਧਰਮ ਦੇ ਮੂਲ ਸਿਧਾਂਤਾਂ ਤੇ ਅੰਦਰੂਨੀ ਭਾਵ ਨੂੰ ਦੇਖਣ ਦੀ ਥਾਂ ਇਸ ਦੇ ਰੂਪਕ ਪੱਖ ਨੂੰ ਹੀ ਪ੍ਰਚਾਰੀ ਜਾ ਰਹੇ ਹਨ, ਜਦਕਿ ਸਾਡੇ ਗੁਰੂ ਸਾਹਿਬਾਨ ਨੇ ਰੂਪਕ ਪੱਖ ਨਾਲੋਂ ਅਸੂਲੀ ਅਤੇ ਅਮਲੀ ਪੱਖ ਉਤੇ ਵਧੇਰੇ ਜ਼ੋਰ ਦਿੱਤਾ ਹੈ ਅਤੇ ਸਿੱਖਾਂ ਦੀਆਂ ਵਿਵਹਾਰਕ ਪ੍ਰਾਪਤੀਆਂ ਨੂੰ ਹੀ ਵਧੇਰੇ ਵਡਿਆਇਆ ਹੈ।

ਸਾਡੇ ਮਨਾਂ ਵਿਚ ਇਹ ਚਿੰਤਾ ਉਤਪਨ ਹੋਣ ਦਾ ਵੱਡਾ ਕਾਰਨ ਹੈ : ਸਿੱਖ ਧਰਮ ਦੇ ਅਨੇਕਾਂ ਕਥਿਤ ਧਾਰਮਕ ਆਗੂਆਂ ਤੇ ਸਵੈ-ਸਜੇ ਧਰਮ ਦੇ ਠੇਕੇਦਾਰਾਂ ਵਲੋਂ ਇਸ ਧਰਮ ਦੇ ਅਸਲ ਨਿਸ਼ਾਨਿਆਂ ਨੂੰ ਧੁਮਲ ਕਰਨ ਦੀਆਂ ਚੱਲੀਆਂ ਜਾ ਰਹੀਆਂ ਚਾਲਾਂ, ਜਿਹਨਾਂ ਬਾਰੇ ਅਸੀਂ ਆਮ ਲੋਕਾਂ ਨੂੰ ਸੁਚੇਤ ਕਰਨਾ ਲੋਚਦੇ ਹਾਂ ਅਤੇ ਦੂਸਰਾ ਅਸੀਂ ਸਾਂਝੀਵਾਲਤਾ ਦੇ ਵਿਗਿਆਨਕ ਨਜ਼ਰੀਏ ਨੂੰ ਅਪਨਾਉਂਦੇ ਹੋਏ ਇਨਸਾਫ ਪਸੰਦ ਸਮਾਜ ਸਿਰਜਣ ਲਈ ਆਪਣੇ ਇਤਿਹਾਸ ਵਿਚਲੀਆਂ ਅਗਾਂਹਵਧੂ ਪ੍ਰੰਪਰਾਵਾਂ ਦੀ ਵੀ ਮਨੁੱਖੀ ਕਲਿਆਣ ਲਈ ਸੁਯੋਗ ਵਰਤੋਂ ਕਰਨੀ ਚਾਹੁੰਦੇ ਹਾਂ। ਇਸ ਲਈ ਪੂਰਨ ਸਿੱਖ ਹੋਣ ਦਾ ਦਾਅਵਾ ਨਾ ਕਰਦਿਆਂ ਹੋਇਆਂ ਵੀ ਅਸੀਂ ਗੁਰੂ ਸਾਹਿਬਾਨ ਵਲੋਂ ਹੱਕ ਸੱਚ ਲਈ ਉਠਾਈ ਆਵਾਜ਼ ਤੇ ਜ਼ੁਲਮ ਦਾ ਟਾਕਰਾ ਕਰਦਿਆਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਆਪਣੇ ਜ਼ਿਹਨ ਤੇ ਚੇਤਿਆਂ ਵਿਚ ਸਮੋਣਾ ਚਾਹੁੰਦੇ ਹਾਂ। ਅਸੀਂ ਬਾਬਰ ਬਾਣੀ ਵਿਚਲੀ ਦਿੱਤੀ ਗਈ ਸੇਧ ਮੁਤਾਬਕ ਅੱਜ ਦੇ ਬਾਬਰਾਂ ਤੇ ਮਲਕ ਭਾਗੋਆਂ ਵਿਰੁੱਧ ਯੁੱਧ ਲੜਕੇ ਭਾਈ ਲਾਲੋਆਂ ਦਾ ਬੋਲਬਾਲਾ ਕਰਨਾ ਲੋਚਦੇ ਹਾਂ। ਇੱਥੇ ਇਹ ਦੱਸਣਾ ਵੀ ਕੁਥਾਂਹ ਨਹੀਂ ਹੋਵੇਗਾ ਕਿ ਅਜ਼ਾਦੀ ਅਤੇ ਸਮਾਜਿਕ ਪਰਿਵਰਤਨ ਦੀ ਲੜਾਈ ਵਿਚ ਇਨਕਲਾਬੀ ਵਿਚਾਰਧਾਰਾ ਲਈ ਪ੍ਰਤੀਬੱਧ ਅਤੇ ਅਦੁਤੀਆਂ ਕੁਰਬਾਨੀਆਂ ਕਰਨ ਵਾਲੇ ਬਹੁਤ ਸਾਰੇ ਯੋਧੇ ਵੱਖ ਵੱਖ ਧਰਮਾਂ, ਤੇ ਫਿਰਕਿਆਂ ਨਾਲ ਸਬੰਧਤ ਸਨ ਤੇ ਪੂਰਨ ਗੁਰਸਿੱਖ ਸੱਜ ਕੇ ਤੇ ਇਸਦੀਆਂ ਰਹਿਤ ਮਰਿਆਦਾਵਾਂ ਉਪਰ ਅਮਲ ਕਰਦੇ ਹੋਏ ਆਪਣੇ ਮੋਢੇ ਉਤੇ ਕਿਰਤੀ ਕਿਸਾਨਾਂ ਦਾ ਸੂਹਾ ਝੰਡਾ ਚੁੱਕੀ ਲੋਕ ਘੋਲਾਂ ਦੇ ਮੈਦਾਨ ਦੇ ਨਾਇਕ ਬਣੇ ਹਨ। ਸਿੱਖ ਧਰਮ ਬਾਰੇ ਆਪਣਾ ਗਿਆਨ ਸੀਮਤ ਹੋਣ ਬਾਰੇ ਅਸੀਂ ਸੁਚੇਤ ਹਾਂ। ਇਸੇ ਕਰਕੇ ਜੇਕਰ ਸਿੱਖ ਧਰਮ ਨਾਲ ਜੁੜਿਆ ਹੋਇਆ ਕੋਈ ਬੁੱਧੀਜੀਵੀ ਜਾਂ ਆਗੂ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਤੇ ਮਾਨਵਵਾਦੀ ਪ੍ਰੰਪਰਾਵਾਂ ਨੂੰ ਆਪਣੀ ਲੇਖਣੀ ਤੇ ਅਮਲਾਂ ਰਾਹੀਂ ਉਜਾਗਰ ਕਰਕੇ ਅਜੋਕੇ ਸੰਕੀਰਨ, ਕੱਟੜਵਾਦੀ ਤੇ ਸਿੱਖ ਧਰਮ ਦੀ ਤਰਕਸ਼ੀਲਤਾ ਨੂੰ ਖੋਰਾ ਲਾ ਕੇ ਇਸਨੂੰ ਸਥਿਲ ਕਰਨ ਵਾਲਿਆਂ ਵਿਰੁੱਧ ਆਪਣੇ ਗਿਆਨ, ਕਲਮ ਤੇ ਬੁੱਧੀ ਦੀ ਵਰਤੋਂ ਕਰੇ ਤਾਂ ਇਹ ਸਾਡੇ ਇਸ ਛੋਟੇ ਜਿਹੇ ਯਤਨ ਨਾਲੋਂ ਕਈ ਗੁਣਾਂ ਵਧੇਰੇ ਚੰਗੇਰਾ ਤੇ ਲਾਭਕਾਰੀ ਹੋਵੇਗਾ। ਇਸੇ ਨਾਲ ਸਿੱਖ ਧਰਮ ਦੇ ਵੱਡਮੁੱਲੇ ਸਮਾਜਕ ਸਰੋਕਾਰਾਂ ਅਤੇ ਇਸ ਵਲੋਂ ਮਾਨਵ ਕਲਿਆਣ ਲਈ ਮਿੱਥੇ ਗਏ ਮਹਾਨ ਨਿਸ਼ਾਨਿਆਂ ਦੀ ਪ੍ਰਾਪਤੀ ਵਾਸਤੇ ਬਹੁਤ ਵੱਡੀ ਸੇਵਾ ਜ਼ਰੂਰ ਹੋ ਸਕੇਗੀ।

Email : sangrami_lehar@yahoo.co.in

ਧੁਖਦਾ ਕਾਲਮ

## 'ਧਰਤ ਉਤੇ ਰੋਂਦਿਆਂ ਬਾਲਾਂ ਦਾ ਕੋਈ ਫ਼ਿਕਰ ਨਾ'

ਸੁਸ਼ੀਲ ਦੁਸਾਂਝ

14 ਨਵੰਬਰ ਬੱਚਿਆਂ ਦਾ ਦਿਨ ਹੁੰਦੈ- ਬਾਲ ਦਿਵਸ- ਚਾਚਾ ਨਹਿਰੂ ਦੇ ਭਤੀਜੇ/ਭਤੀਜੀਆਂ ਦਾ ਦਿਨ। ਬਾਲ ਦਿਵਸ ਮਨਾਉਣਾ ਮਹਿਜ਼ ਇਕ ਰਸਮ ਹੀ ਰਹਿ ਗਿਆ ਹੈ। ਦਰਅਸਲ ਕਿਸੇ ਵੀ ਸਮਾਜ ਦਾ ਭਵਿੱਖ ਤਰਾਸ਼ਣ ਲਈ ਜ਼ਰੂਰੀ ਹੁੰਦਾ ਹੈ ਇਕ ਬੇਹਤਰ ਸਿਖਿਆ ਅਤੇ ਸਿਹਤ ਢਾਂਚਾ। ਭਾਰਤ ਵਿਚ ਇਹ ਦੋਵੇਂ ਬੁਨਿਆਦੀ ਖੇਤਰ ਫਟੇਹਾਲ ਹੀ ਨਹੀਂ ਸਗੋਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਤੋਂ ਬਾਅਦ ਹੁਣ ਵੇਚਣ ਦੀਆਂ ਘਾੜਤਾਂ ਸਿਰੇ ਚੜਾਈਆਂ ਜਾ ਰਹੀਆਂ ਹਨ। ਇਸੇ ਲਈ ਦਿਨ ਪ੍ਰਤੀ ਦਿਨ ਸਾਡੇ ਬੱਚਿਆਂ ਤੋਂ ਸਿਖਿਆ ਅਤੇ ਸਿਹਤ ਖੁਸੱਦੀ ਜਾ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਇਸ ਵਕਤ ਭਾਰਤ ਦੇ 52 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਸਵਾ ਲੱਖ ਬੱਚੇ ਹਰ ਸਾਲ ਗੰਦਾ ਪਾਣੀ ਪੀਣ ਨਾਲ ਚੰਬੜੀਆਂ ਬਿਮਾਰੀਆਂ ਕਾਰਨ ਆਪਣੀ ਜਾਨ ਗੁਆ ਬੈਠਦੇ ਹਨ। ਸਿਖਿਆ ਦੇ ਖੇਤਰ ਵਿਚ ਵੀ ਹਾਲਾਤ ਲਗਾਤਾਰ ਨਾਜ਼ੁਕ ਹੁੰਦੇ ਜਾ ਰਹੇ ਹਨ। 40 ਫੀਸਦੀ ਬੱਚੇ ਤਾਂ ਕਦੇ ਸਕੂਲ ਦੇ ਲਾਗਿਓਂ ਵੀ ਨਹੀਂ ਲੰਘਦੇ ਅਤੇ 58 ਫੀਸਦੀ ਬੱਚੇ ਪੰਜਵੀਂ ਜਮਾਤ ਤੱਕ ਅਪੜਦੇ-ਅਪੜਦੇ ਸਕੂਲ ਛੱਡ ਜਾਂਦੇ ਹਨ। ਪੰਜਾਬ ਵਰਗੇ ਖੁਸ਼ਹਾਲ ਸੂਬੇ ਵਿਚ ਵੀ 18 ਲੱਖ ਦੇ ਕਰੀਬ ਬੱਚੇ ਸਕੂਲਾਂ ਵਿਚ ਨਹੀਂ ਹਨ। ਫੇਰ ਜੇ ਇਹ ਬੱਚੇ ਸਕੂਲਾਂ 'ਚ ਨਹੀਂ ਤਾਂ ਕੀ ਕਰ ਰਹੇ ਹਨ? ਆਪਣੇ ਆਲੇ-ਦੁਆਲੇ ਨਜ਼ਰ ਘੁਮਾਓ। ਚਾਹ ਦੀਆਂ ਦੁਕਾਨਾਂ, ਢਾਬਿਆਂ ਸਣੇ ਹਰ ਖੇਤਰ ਵਿਚ ਤੁਹਾਨੂੰ ਨਿੱਕੇ-ਨਿੱਕੇ ਬਾਲ ਪੜ੍ਹਨ-ਖੇਡਣ ਦੀ ਉਮਰੇ ਟੁੱਟ-ਟੁੱਟ ਮਰਦੇ ਦਿਖਾਈ ਦੇ ਜਾਣਗੇ। ਪਿੰਡਾਂ ਵਿਚ ਇਹੀ ਬੱਚੇ ਡੰਗਰਾਂ ਪਿੱਛੇ ਅਤੇ ਰੂੜੀਆਂ ਤੋਂ ਕੱਚ ਚੁਗਦੇ ਨਜ਼ਰੀਂ ਆਉਣਗੇ। ਸਰਕਾਰੀ ਅੰਕੜਿਆਂ ਮੁਤਾਬਕ ਵੀ ਭਾਰਤ ਦੇ ਕੋਈ 37 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਜੇਕਰ 37 ਕਰੋੜ ਭਾਰਤ ਵਾਸੀਆਂ ਦਾ ਕੋਈ ਟਿਕਾਣਾ ਨਹੀਂ ਤਾਂ ਫਿਰ ਅਗੋਂ ਇਨ੍ਹਾਂ ਦੇ ਬੱਚੇ ਕਿਸ ਕਿਸਮ ਦੀ ਸਿਖਿਆ ਅਤੇ ਸਿਹਤ ਹਾਸਲ ਕਰ ਸਕਣਗੇ, ਇਹਦਾ ਅੰਦਾਜ਼ਾ ਅੱਜ ਬਾਲ ਦਿਵਸ ਮੌਕੇ ਜ਼ਰੂਰ ਲਾਉਣਾ।

ਯਕੀਨ ਕਰਨਾ ਸ਼ਾਇਦ ਮੁਸ਼ਕਲ ਹੋਵੇ ਪਰ ਇਹ ਸੱਚ ਹੈ ਕਿ ਉੜੀਸਾ ਵਿਚ ਬੱਚਿਆਂ ਨੂੰ ਭੇਡਾਂ ਬਕਰੀਆਂ ਵਾਂਗ ਵੇਚਿਆ ਜਾਂਦਾ ਹੈ। ਗਰੀਬੀ ਹੱਥੋਂ ਤੰਗ ਆਏ ਲੋਕ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨੋਂ ਏਨੀ ਬੁਰੀ ਤਰ੍ਹਾਂ ਅਸਮਰਥ ਹਨ ਕਿ ਉਹ ਆਪਣੇ ਜਿਗਰ ਦੇ ਟੋਟਿਆਂ ਨੂੰ 250-250 ਰੁਪਏ 'ਚ ਵੇਚ ਆਉਂਦੇ ਹਨ।

ਬੱਚਿਆਂ ਦੀਆਂ ਸਮਸਿਆਵਾਂ ਅਸੀਮ ਹਨ। ਬੱਚੇ ਆਪਣੇ ਘਰਾਂ ਵਿਚ ਵੀ ਸੁਰਖਿਅਤ ਨਹੀਂ। ਮਾਸੂਮ ਬੱਚੇ/ਬੱਚੀਆਂ ਨਾਲ ਆਏ ਦਿਨ ਘਰਾਂ ਦੇ ਹੀ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨੇੜਲੇ ਲੋਕਾਂ ਵਲੋਂ ਬਲਾਤਕਾਰ ਕੀਤੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਬੱਚਿਆਂ ਨਾਲ ਇਸ ਤਰ੍ਹਾਂ ਦੀਆਂ ਕਰਤੂਤਾਂ ਕਰਨ ਵਾਲਿਆਂ ਨਾਲ ਸਿੱਝਣ ਲਈ 64 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਸਾਡੇ ਕੋਲ ਕੋਈ ਵੱਖਰਾ ਕਨੂੰਨ ਤੱਕ ਨਹੀਂ।

ਦਰਅਸਲ, ਜੇਕਰ ਬਾਲ ਦਿਵਸ ਮਨਾਉਣ ਦੀ ਰਸਮੀ ਕਾਰਵਾਈ ਪਾਉਣ ਦੀ ਥਾਂ ਸਾਡੀਆਂ ਸਰਕਾਰਾਂ ਜਾਂ ਰਾਜਸੀ ਆਗੂ ਇਹ ਤਹੱਈਆ ਕਰ ਲੈਣ ਕਿ ਸੱਚਮੁਚ ਹੀ ਭਾਰਤ ਦੇ ਭਵਿਖ ਨੂੰ ਇਕ ਨਰੋਏ ਅਤੇ ਸਿਹਤਮੰਦ ਰਸਤੇ 'ਤੇ ਪਾਉਣਾ ਹੈ ਤਾਂ ਸਾਡੇ ਕੋਲ ਸਾਧਨਾਂ ਦੀ ਕੋਈ ਕਮੀ ਨਹੀਂ ਹੈ। ਪਰ ਇਹ ਸੰਭਵ ਨਹੀਂ ਹੈ ਕਿਉਂਕਿ ਭਾਰਤੀ ਰਾਜ ਨੇਤਾਵਾਂ ਦੀਆਂ ਪਹਿਲ ਕਦਮੀਆਂ ਕੁਝ ਹੋਰ ਹਨ। ਉਹ ਤਾਂ ਹਰ ਹੀਲੇ ਸੱਤਾ ਦੇ ਪਾਵਿਆਂ ਨਾਲ ਹੀ ਚੁੰਬੜੇ ਰਹਿਣਾ ਚਾਹੁੰਦੇ ਹਨ। ਇਹਦੇ ਲਈ ਉਹ ਹਰ ਊਲ-ਜਲੂਲ ਅਤੇ ਗੈਰ ਅਸੂਲੀ ਗਠਜੋੜ ਵੀ ਕਰ ਸਕਦੇ ਹਨ। ਜਿੱਥੇ ਭ੍ਰਿਸ਼ਟ ਰਾਜਸੀ ਆਗੂਆਂ ਵਿਚਾਲੇ ਵਿਦੇਸ਼ੀ ਬੈਂਕਾਂ ਵਿਚ ਧਨ ਇਕੱਠਾ ਕਰਨ ਦੀ ਦੌੜ ਲੱਗੀ ਹੋਵੇ, ਉਥੇ ਇਨ੍ਹਾਂ ਰਾਹੀਂ ਬਾਲ ਵਿਦਿਆ, ਸਿਹਤ ਅਤੇ ਬਾਲ ਵਿਕਾਸ ਦੀ ਤਵੱਕੋ ਕਰਨੀ ਐਵੇਂ ਸੁਪਨ-ਸੰਸਾਰ ਵਿਚ ਰਹਿਣ ਵਾਲੀ ਗੱਲ ਹੈ। ਬਾਲ ਦਿਵਸ ਦੇ ਨਾਂਅ 'ਤੇ ਵੀ ਬੱਚਿਆਂ ਨੂੰ ਆਪਣੇ-ਆਪਣੇ ਰਾਜਸੀ ਅਤੇ ਹੋਰ ਹਿੱਤਾਂ ਲਈ ਵਰਤਣ ਦੀ ਹੀ ਇਨ੍ਹਾਂ ਰਾਜਸੀ ਆਗੂਆਂ ਵਿਚ ਮੁਕਾਬਲੇਬਾਜ਼ੀ ਹੁੰਦੀ ਦਿਖਾਈ ਦਿੰਦੀ ਹੈ। ਬੱਚੇ ਤਾਂ ਆਪਣੇ ਇਸ ਇਕ ਦਿਨ 'ਤੇ ਵੀ ਇਨ੍ਹਾਂ ਦੇ ਹੱਥਾਂ ਦੇ ਖਿਡੌਣੇ ਹੀ ਬਣਦੇ ਹਨ। ਇਹ ਸਾਡੇ ਸੰਵਿਧਾਨ ਦੀਆਂ ਮੂਲ ਭਾਵਨਾਵਾਂ ਦਾ ਹੀ ਮਜ਼ਾਕ ਉਡਾਉਣ ਦੇ ਤੁਲ ਹੈ। ਬਾਲ ਦਿਵਸ ਹੀ ਨਹੀਂ ਸਗੋਂ ਹਰ ਦਿਨ ਬੱਚਿਆਂ ਦਾ ਆਪਣਾ ਹੋਵੇ ਇਹਦੇ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਾਪੇ ਅਤੇ ਉਨ੍ਹਾਂ ਦਾ ਆਲਾ-ਦੁਆਲਾ ਇਹ ਜ਼ਰੂਰ ਸੋਚੇ ਕਿ ਆਪਣਾ ਭੱਵਿਖ ਬਚਾਉਣਾ ਕਿਵੇਂ ਹੈ। ਸ਼ਾਇਰ ਮਿੱਤਰ ਅਵਤਾਰ ਸਿੰਘ ਸਿੱਧੂ ਦੇ ਇਸ ਸ਼ਿਅਰ ਨਾਲ ਵਿਦਾ ਆਗਿਆ-

'ਧਰਤ ਉਤੇ ਰੋਂਦਿਆਂ ਬਾਲਾਂ ਦਾ ਕੋਈ ਫ਼ਿਕਰ ਨਾ,
ਚੰਨ ਤੋਂ ਸਿਰ ਖੇਹ ਪੁਆ ਕੇ ਪਰਤਿਆ ਹੈ ਆਦਮੀ।'

ਮੋਬਾਈਲ-97813-60066

# ਉੱਜੜ ਰਹੀ ਪੇਂਡੂ ਆਬਾਦੀ ਦੀ ਦਰਦਨਾਕ ਦਾਸਤਾਨ



ਪੀ ਸਾਈਨਾਥ

ਜਨਗਣਨਾ 2011 ਦੇ ਅੰਕੜੇ ਦੱਸਦੇ ਹਨ ਕਿ 1921 ਤੋਂ ਬਾਅਦ ਪਹਿਲੀ ਵਾਰ ਗੁਜ਼ਰੇ ਦਹਾਕੇ ਦੌਰਾਨ ਸ਼ਹਿਰੀ ਆਬਾਦੀ 'ਚ ਪਿੰਡਾਂ ਦੀ ਆਬਾਦੀ ਦੇ ਮੁਕਾਬਲੇ ਜ਼ਿਆਦਾ ਵਾਧਾ ਹੋਇਆ ਹੈ। ਕੀ ਇਸ ਦਾ ਕਾਰਨ ਹੈ, ਦੁੱਖ-ਭੁੱਖ ਦੇ ਮਾਰੇ ਲੋਕ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਨੂੰ ਹਿਜਰਤ (ਪਰਵਾਸ), ਕਰੀ ਜਾ ਰਹੇ ਹਨ? ਜਾਂ ਕੁਝ ਹੋਰ ਹੈ? ਇਸ ਵੇਲੇ ਪਿੰਡਾਂ ਦੀ ਆਬਾਦੀ 83.3 ਕਰੋੜ ਹੈ, ਜੋ ਦਸ ਸਾਲ ਪਹਿਲਾਂ ਨਾਲੋਂ 8.06 ਕਰੋੜ ਜ਼ਿਆਦਾ ਹੈ, ਜਦ ਕਿ ਇਨ੍ਹਾਂ ਦਸਾਂ ਸਾਲਾਂ ਵਿਚ ਸ਼ਹਿਰਾਂ ਦੀ ਆਬਾਦੀ 9.1 ਕਰੋੜ ਵਧੀ ਹੈ। ਜਨਗਣਨਾ ਅਧਿਕਾਰੀ ਇਸ ਦੇ ਤਿੰਨ ਕਾਰਨ ਦੱਸਦੇ ਹਨ-ਲੋਕਾਂ ਦਾ ਸ਼ਹਿਰਾਂ ਵੱਲ ਨੂੰ ਹਿਜਰਤ (ਪਰਵਾਸ), ਆਬਾਦੀ ਵਿਚ ਹੋਣ ਵਾਲਾ ਕੁਦਰਤੀ ਵਾਧਾ ਤੇ ਨਵੇਂ ਇਲਾਕਿਆਂ ਨੂੰ ਸ਼ਹਿਰਾਂ ਦਾ ਦਰਜਾ ਦੇਣਾ। ਇਹ ਤਿੰਨੇ ਕਾਰਨ ਪਹਿਲਾਂ ਵੀ ਕੰਮ ਕਰਦੇ ਸਨ ਜਦੋਂ ਪੇਂਡੂ ਆਬਾਦੀ ਵਿਚ ਸ਼ਹਿਰਾਂ ਨਾਲੋਂ ਬਹੁਤ ਜ਼ਿਆਦਾ ਵਾਧਾ ਹੁੰਦਾ ਸੀ ਤਾਂ ਫਿਰ ਗੁਜ਼ਰਿਆ ਦਹਾਕਾ ਵੱਖਰਾ ਕਿਉਂ ਹੈ? ਵੈਸੇ ਇਹ ਤਿੰਨੇ ਨੁਕਤੇ ਆਪਣੀ ਆਪਣੀ ਥਾਂ ਠੀਕ ਹਨ, ਪਰ ਇਹ ਸ਼ਹਿਰੀ ਆਬਾਦੀ ਦੇ ਬੇਸ਼ੁਮਾਰ ਵਾਧੇ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕਰਦੇ। ਵੈਸੇ ਵੀ ਇਸ ਮਰਦਮਸ਼ੁਮਾਰੀ ਵਿਚ ਵਸੋਂ ਵਾਧਾ ਦਰ ਪਹਿਲਾਂ ਨਾਲੋਂ ਕਾਫ਼ੀ ਘਟੀ ਹੈ ।

2001 ਦੇ ਸਰਵੇ ਮੁਤਾਬਕ 1991 ਤੋਂ ਬਾਅਦ ਦੇ ਦਸਾਂ ਸਾਲਾਂ ਵਿਚ ਪੇਂਡੂ ਵਸੋਂ 'ਚ 11.3 ਕਰੋੜ ਅਤੇ ਸ਼ਹਿਰੀ ਵਸੋਂ ਵਿਚ 6.8 ਕਰੋੜ ਦਾ ਵਾਧਾ ਹੋਇਆ ਸੀ, ਜੋ 4.5 ਕਰੋੜ ਜ਼ਿਆਦਾ ਹੈ। 2011 ਦੀ ਜਨਗਣਨਾ ਵਿਚ ਸ਼ਹਿਰੀ ਵਸੋਂ ਪਿੰਡਾਂ ਤੋਂ ਪੰਜ ਲੱਖ ਜ਼ਿਆਦਾ ਵਧੀ ਹੈ। ਇਹ ਇਕ ਵੱਡਾ ਬਦਲਾਅ ਹੈ। ਇਸ ਮੁਤਾਬਕ 1991 ਦੇ ਮੁਕਾਬਲੇ ਪਿੰਡਾਂ ਵਿਚ ਰਹਿੰਦੇ ਕੁਲ ਲੋਕਾਂ ਵਿਚ 30 ਲੱਖ ਦੀ ਕਮੀ ਆਈ ਹੈ। ਇਕ ਵਾਰ 90 ਸਾਲ ਪਹਿਲਾਂ 1921 ਵਿਚ ਸ਼ਹਿਰੀ ਵਸੋਂ ਪੇਂਡੂ ਵਸੋਂ ਨਾਲੋਂ ਜ਼ਿਆਦਾ ਵਧੀ ਸੀ। ਲੇਕਿਨ 1921 ਦੀ ਮਰਦਮਸ਼ੁਮਾਰੀ ਵੇਲੇ ਹਾਲਾਤ ਹੀ ਕੁਝ ਹੋਰ ਸਨ। 1918 ਦੀ ਬੁਖ਼ਾਰ ਦੀ ਮਹਾਂਮਾਰੀ ਨੇ ਦੁਨੀਆਂ ਵਿਚ ਘਰਾਂ ਦੇ ਘਰ ਹੀ ਖਾਲੀ ਕਰ ਦਿੱਤੇ ਸਨ ਤੇ ਉਦੋਂ ਇਕ ਅੰਦਾਜ਼ੇ ਮੁਤਾਬਕ 5 ਤੋਂ 10 ਕਰੋੜ ਲੋਕ ਮਾਰੇ ਗਏ। ਭਾਰਤ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਸੀ। 1921 ਦੇ ਅੰਕੜੇ ਦੱਸਦੇ ਹਨ ਕਿ ਇਸ ਦਹਾਕੇ ਵਿਚ ਆਮ ਨਾਲੋਂ 1.1 ਤੋਂ 2.2 ਕਰੋੜ ਵਧ ਲੋਕਾਂ ਦੀ ਮੌਤ ਆਂਕੀ ਗਈ ਹੈ। ਛੋਟੇ ਪੈਮਾਨੇ 'ਤੇ ਹੀ ਸਹੀ, ਪਹਿਲੇ ਵਿਸ਼ਵ ਯੁੱਧ ਨੇ ਆਬਾਦੀ ਦੀ ਗਿਣਤੀ 'ਤੇ ਅਸਰ ਪਾਇਆ ਹੈ। ਦੇਸ਼ ਦੇ ਹਜ਼ਾਰਾਂ ਨੌਜਵਾਨ ਸਾਮਰਾਜਾਂ ਦੀਆਂ ਤੋਪਾਂ ਦੀ ਭੁੱਖ ਦਾ ਸ਼ਿਕਾਰ ਹੋਏ।

1921 ਦੀ ਜਨਗਣਨਾ ਉਪਰ ਤਾਂ ਬੁਖ਼ਾਰ ਨੇ ਅਸਰ ਪਾਇਆ ਸੀ, ਪਰ 2011 ਦੀ ਜਨਗਣਨਾ ਇਕ ਵੱਖਰੇ ਦੁਖਾਂਤ ਦੀ ਕਹਾਣੀ ਬਿਆਨ ਕਰਦੀ ਹੈ। ਖੇਤੀ ਖੇਤਰ ਵਿਚ ਲੱਖਾਂ ਲੋਕਾਂ ਦਾ ਰੁਜ਼ਗਾਰ ਖੁਸ ਗਿਆ ਤੇ ਉਹ ਮਜ਼ਦੂਰੀ ਕਰਨ ਲਈ ਸ਼ਹਿਰਾਂ ਨੂੰ ਚੱਲ ਪਏ। ਜਨਗਣਨਾ ਤਾਂ ਇਸ ਸਮੱਸਿਆ ਨੂੰ ਪੂਰੀ ਤਰ੍ਹਾਂ ਪੇਸ਼ ਨਹੀਂ ਕਰਦੀ। ਮਰਦਮਸ਼ੁਮਾਰੀ ਵਿਚ ਦਿੱਤੇ ਕਾਰਨ ਇਸ ਨੂੰ ਬਿਆਨ ਨਹੀਂ ਕਰਦੇ।

ਪਹਿਲਾਂ ਹਿਜਰਤ ਦਾ ਨੁਕਤਾ ਹੀ ਲੈਂਦੇ ਹਾਂ। ਆਮ ਬੋਲਚਾਲ ਵਿਚ ਵੱਡੇ-ਵੱਡੇ ਸ਼ਹਿਰਾਂ ਜਾਂ ਮਹਾਂਨਗਰਾਂ ਵਿਚ ਰਹਿਣ ਵਾਲਿਆਂ ਨੂੰ ਹੀ ਸ਼ਹਿਰੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦਿਮਾਗ ਵਿਚ ਤਸਵੀਰ ਆਉਂਦੀ ਹੈ ਜਿਵੇਂ ਹਜ਼ਾਰਾਂ ਲੋਕਾਂ ਦਾ ਹਜੂਮ ਮਹਾਂ-ਨਗਰ ਵੱਲ ਨੂੰ ਤੁਰਿਆ ਹੈ। ਪਰ ਤਹਾਨੂੰ ਯਕੀਨ ਕਰਨਾ ਹੋਵੇਗਾ ਕਿ ਇਸ ਹਜੂਮ ਦਾ ਆਕਾਰ ਛੋਟਾ ਹੋ ਰਿਹਾ ਹੈ। (ਇਸ ਬਾਰੇ ਅੰਕੜੇ ਅਗਲੇ ਸਾਲ ਆਉਣਗੇ, ਜੋ ਹੈਰਾਨ ਕਰਨ ਵਾਲੇ ਹੋਣਗੇ।) ਮਰਦਮਸ਼ੁਮਾਰੀ ਦੇ ਅੰਕੜੇ ਉਨ੍ਹਾਂ ਪਰਵਾਸੀ ਮਜ਼ਦੂਰਾਂ ਦੇ ਦੁੱਖ ਬਿਆਨ ਨਹੀਂ ਕਰਦੇ, ਜੋ ਤੁਰਦੇ-ਫਿਰਦੇ ਹੀ ਰਹਿੰਦੇ ਹਨ।

ਉੜੀਸਾ ਦੇ ਮਜ਼ਦੂਰਾਂ ਦੀ ਮਿਸਾਲ ਲੈਂਦੇ ਹਾਂ। ਕੁਝ ਹਫ਼ਤੇ ਇਹ ਲੋਕ ਰਾਏਪੁਰ ਵਿਚ ਕੰਮ ਕਰਦੇ ਹਨ, ਦੋ ਮਹੀਨੇ ਬਾਦ ਇਹ ਆਂਧਰਾ ਦੇ ਭਠਿਆਂ 'ਤੇ ਚਲੇ ਜਾਂਦੇ ਹਨ ਤੇ ਫਿਰ ਮਹਾਰਾਸ਼ਟਰ ਦੇ ਸ਼ਹਿਰਾਂ ਤੇ ਕਸਬਿਆਂ ਵਿਚ ਉਸਰ ਰਹੀਆਂ ਇਮਾਰਤਾਂ 'ਚ ਕੰਮ ਕਰਦੇ ਹਨ।

ਲੋਕ ਪਿੰਡਾਂ ਤੋਂ ਮਹਾਂਨਗਰਾਂ ਵਲ ਪਰਵਾਸ ਕਰਦੇ ਹਨ, ਛੋਟੇ ਸ਼ਹਿਰਾਂ ਤੇ ਕਸਬਿਆਂ ਵੱਲ ਵੀ, ਇਕ ਪਿੰਡ ਤੋਂ ਦੂਸਰੇ ਪਿੰਡ ਨੂੰ ਵੀ ਤੇ ਭਾਵੇਂ ਬਹੁਤ ਘਟ ਗਿਣਤੀ ਵਿਚ ਹੀ ਸਹੀ ਸਹਿਰਾਂ ਤੋਂ ਪਿੰਡਾਂ ਵੱਲ ਵੀ।

ਖੇਤੀ ਖੇਤਰ ਵਿਚੋਂ ਬਾਹਰ ਹੋ ਰਹੇ ਲੋਕ :

ਨਾ ਤਾਂ ਮਰਦਮ ਸ਼ੁਮਾਰੀ ਤੇ ਨਾ ਹੀ ਕੌਮੀ ਸੈਂਪਲ ਸਰਵੇ ਪਰਵਾਸ ਦੀ ਇਸ ਪੇਚੀਦਾ ਸਮੱਸਿਆ ਨੂੰ ਠੀਕ ਤਰ੍ਹਾਂ ਬਿਆਨ ਕਰ ਸਕੇ ਹਨ। ਮਰਦਮਸ਼ੁਮਾਰੀ ਵਿਚ ਪਰਵਾਸ ਦਾ ਅਰਥ ਹੈ ਕਿ ਜੋ ਅੱਜ ਇਸ ਜਗ੍ਹਾ 'ਤੇ ਰਹਿ ਰਿਹਾ ਹੈ, ਪਹਿਲੇ ਸਰਵੇ ਵਿਚ ਉਹ ਇੱਥੇ ਨਹੀਂ ਸੀ। ਤੁਰਦੇ-ਫਿਰਦੇ ਮਜ਼ਦੂਰ ਇਸ ਗਿਣਤੀ ਵਿਚ ਨਹੀਂ ਆਉਂਦੇ। 2001 ਦੀ ਜਨਗਣਨਾ ਤੋਂ ਸਾਨੂੰ ਪਤਾ ਚਲਦਾ ਹੈ ਕਿ 1991 ਤੋਂ 2001 ਦੇ ਦਰਮਿਆਨ ਵਾਲੇ ਦਸਾਂ ਸਾਲਾਂ ਵਿਚ 70 ਲੱਖ ਲੋਕ ਆਪਣੇ ਪਿਤਾ ਪੁਰਖੀ ਧੰਦੇ ਖੇਤੀ ਤੋਂ ਬਾਹਰ ਹੋ ਗਏ। ਇਹ ਇਕ ਬੁਖਲਾ ਦੇਣ ਵਾਲੇ ਅੰਕੜੇ ਹਨ। ਦੇਸ਼ ਭਰ ਵਿਚੋਂ ਹਰ ਰੋਜ਼ 2000 ਕਿਸਾਨ ਆਪਣੇ ਧੰਦੇ ਤੋਂ ਬਾਹਰ ਨਿਕਲ ਰਹੇ ਹਨ। ਕਿਥੇ ਜਾ ਰਹੇ ਹਨ, ਇਹ ਲੋਕ? ਰੁਜ਼ਗਾਰ ਦਫ਼ਤਰ ਦੀਆਂ ਕਿਤਾਬਾਂ ਵਿਚ ਕਿਤੇ ਨਹੀਂ ਲਿਖਿਆ ਮਿਲਦਾ ਕਿ ਸ਼ਹਿਰਾਂ ਵਿਚ ਬੜੀਆਂ ਚੰਗੀਆਂ ਨੌਕਰੀਆਂ 'ਤੇ ਜਾ ਬੈਠੇ ਨੇ ਇਹ ਲੋਕ। ਦੂਸਰਾ ਨੁਕਤਾ ਹੈ ਵਸੋਂ ਵਿਚ ਕੁਦਰਤੀ ਵਾਧਾ। ਇਕ ਜਗ੍ਹਾ ਵਸਣ ਵਾਲੇ ਲੋਕਾਂ ਦੀ ਨਵੇਂ ਜਨਮ ਲੈਣ ਤੇ ਮਰਨ ਵਾਲੇ ਲੋਕਾਂ ਦੀ ਗਿਣਤੀ ਵਿਚਲਾ ਅੰਤਰ। ਇਹ ਅੰਕੜੇ ਵੀ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਕਰਨ ਵਾਲੇ ਲੋਕਾਂ ਦੀ ਸਮੱਸਿਆ ਨੂੰ ਬਿਆਨ ਨਹੀਂ ਕਰਦੇ। ਸ਼ਹਿਰਾਂ ਤੇ ਪਿੰਡਾਂ ਵਿਚ ਵੀ ਕੁਦਰਤੀ ਵਸੋਂ ਵਾਧੇ ਦੀ ਦਰ ਘਟ ਰਹੀ ਹੈ। ਪਰ ਫ਼ਿਰ ਵੀ ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ।

ਭਾਰਤ ਦੇ ਮਰਦਮਸ਼ੁਮਾਰੀ ਕਮਿਸ਼ਨਰ ਤੇ ਰਜਿਸਟਰਾਰ ਜਨਰਲ ਡਾ. ਸੀ ਚੰਦਰਾ ਮੌਲੀ ਲਿਖਦੇ ਹਨ : ਦੇਸ਼ ਭਰ ਵਿਚ ਜਨਨ ਸ਼ਕਤੀ ਘਟ ਰਹੀ ਹੈ। 0-6 ਸਾਲ ਦੇ ਉਮਰ ਵਰਗ ਦੀ ਵਸੋਂ ਵਿਚ ਵੀ ਕਮੀ ਆਈ ਹੈ। ਇਸ ਜਨਗਣਨਾ ਵਿਚ ਇਸ ਉਮਰ ਵਰਗ ਦੇ ਲੋਕਾਂ ਦੀ ਗਿਣਤੀ 15.88 ਕਰੋੜ ਹੈ, ਜੋ ਪਿਛਲੀ ਜਨਗਣਨਾ ਨਾਲੋਂ 50 ਲੱਖ ਘੱਟ ਹੈ। ਇਹ ਵੀ ਇਸ ਗੱਲ ਦਾ ਸੰਕੇਤ ਹੈ ਕਿ ਕਿ ਪੇਂਡੂ ਲੋਕ ਸ਼ਹਿਰਾਂ ਵੱਲ ਨੂੰ ਜਾ ਰਹੇ ਹਨ, ਪਰ ਇਹ ਪਰਵਾਸ ਕਿਸ ਤਰ੍ਹਾਂ ਦਾ ਹੈ, ਇਸ ਬਾਰੇ ਸਰਵੇ ਕੁਝ ਨਹੀਂ ਕਹਿ ਸਕਦਾ। ਸਰਵੇ ਥੋੜ੍ਹੇ ਸਮੇਂ ਜਾਂ ਤੁਰਦੇ ਫ਼ਿਰਦੇ ਲੋਕਾਂ ਬਾਰੇ ਜਾਨਣ ਦੇ ਸਮਰੱਥ ਨਹੀਂ ਹੈ।

ਜਦੋਂ ਅਸੀਂ ਸ਼ਹਿਰੀ ਅਤੇ ਪੇਂਡੂ ਆਰਥਿਕ ਵਿਕਾਸ ਦਰ ਵਿਚਲੇ ਅੰਤਰ ਉਪਰ ਧਿਆਨ ਮਾਰਦੇ ਹਾਂ ਤਾਂ ਇਕ ਅਦਭੁਤ



ਤਸਵੀਰ ਸਾਹਮਣੇ ਆਉਂਦੀ ਹੈ। ਇਸ ਅੰਤਰ ਦਾ ਸਾਧਾਰਨ ਜਿਹਾ ਮਤਲਬ ਇਹ ਵੀ ਹੈ ਕਿ 2011 ਦੀ ਜਨਗਣਨਾ ਦਾ ਇਹ ਅਨੁਪਾਤ 19-8 ਹੈ। ਸਿੱਧਾ ਜਿਹਾ ਮਤਲਬ ਹੈ ਕਿ ਸ਼ਹਿਰਾਂ ਵਿਚ ਦੁੱਗਣਾ ਵਿਕਾਸ ਹੋਇਆ। ਪਿਛਲੇ ਤੀਹ ਸਾਲਾਂ ਵਿਚ ਇਹ ਸਭ ਤੋਂ ਵੱਧ ਹੈ। ਇਹ ਅੰਕੜੇ ਪੇਂਡੂ ਸ਼ਹਿਰੀ ਪਰਵਾਸ ਵਲ ਵੀ ਸੰਕੇਤ ਕਰਦੇ ਹਨ। ਇਸ ਲਈ ਸ਼ਹਿਰੀ ਵਸੋਂ ਵਿਚਲਾ ਐਨਾ ਵਾਧਾ ਕੁਦਰਤਨ ਨਹੀਂ ਹੈ। ਦੇਸ਼ ਦੇ ਸੂਬਿਆਂ ਵਿਚ ਵਸੋਂ ਦੇ 30 ਫ਼ੀਸਦੀ ਵਾਧੇ ਨੂੰ ਇਹ ਬਿਆਨ ਨਹੀਂ ਕਰ ਸਕਦਾ। ਸਪੱਸ਼ਟ ਹੈ ਕਿ ਵੱਡੀ ਗਿਣਤੀ ਵਿਚ ਲੋਕ ਪਿੰਡ ਛੱਡ ਕੇ ਸ਼ਹਿਰਾਂ ਵਲ ਜਾ ਰਹੇ ਹਨ। ਪਿੰਡਾਂ ਤੋਂ ਸ਼ਹਿਰ ਵੱਲ ਹੋ ਰਹੇ ਪਰਵਾਸ ਦਾ ਤੀਸਰਾ ਕਾਰਨ ਜੋ ਜਨਗਣਨਾ ਵਾਲੇ ਦੱਸਦੇ ਹਨ, ਉਹ ਵੀ ਦਿਲਚਸਪ ਹੈ। ਨਵੇਂ ਇਲਾਕਿਆਂ ਨੂੰ ਸ਼ਹਿਰੀ ਖੇਤਰ ਬਣਾਉਣਾ। 2001 ਤੋਂ 2011 ਤੱਕ ਸਟੈਚੂਰੀ ਕਸਬਿਆਂ ਦੀ ਗਿਣਤੀ ਵਿਚ 241 ਦਾ ਵਾਧਾ ਹੋਇਆ ਹੈ। ਇਸ ਤੋਂ ਪਿਛਲੇ ਦਸ਼ਕ ਵਿਚ ਇਹ ਵਾਧਾ 813 ਸੀ। ਇਕ ਮਿਉਂਸਪਲ ਕਮੇਟੀ, ਟਾਊਨ ਏਰੀਆ ਕਮੇਟੀ ਵਾਲੇ ਇਲਾਕੇ ਨੂੰ ਸਟੈਚੂਰੀ ਕਸਬਾ ਕਹਿੰਦੇ ਹਨ। ਲੇਕਿਨ ਜਨਗਣਨਾ ਕਸਬਿਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। 1991 ਤੋਂ 2001 ਦੇ ਸਮੇਂ ਦੌਰਾਨ ਸੈਨਸਸ ਕਸਬਿਆਂ ਦੀ ਗਿਣਤੀ 1702 ਤੋਂ ਘਟ ਕੇ 1361 ਰਹਿ ਗਈ ਸੀ, ਪਰ 2011 ਵਿਚ ਤਿੰਨ ਗੁਣਾ ਵਧ ਕੇ 3894 ਹੋ ਗਈ ਹੈ। ਜਨਗਣਨਾ ਕਸਬਾ ਉਹ ਗਿਣਿਆ ਜਾਂਦਾ ਹੈ, ਜਿਸ ਦੀ ਆਬਾਦੀ 5000 ਤੋਂ ਉਪਰ ਹੋਵੇ, ਖੇਤੀ ਦੇ ਧੰਦੇ ਵਿਚ ਕੰਮ ਕਰਦੇ ਲੋਕਾਂ ਦੀ ਗਿਣਤੀ ਕੁਲ ਕਾਮਿਆਂ ਦੀ ਗਿਣਤੀ ਦਾ 25 ਪ੍ਰਤੀਸ਼ਤ ਤੋਂ ਘੱਟ ਹੋ ਜਾਵੇ ਅਤੇ ਜਿੱਥੇ ਆਬਾਦੀ ਦੀ ਘਣਤਾ 400 ਪ੍ਰਤੀ ਕਿਲੋਮੀਟਰ ਤੋਂ ਘੱਟ ਨਾ ਹੋਵੇ। ਇਨ੍ਹਾਂ ਸੈਨਸਸ ਕਸਬਿਆਂ ਵਿਚ ਵੀ ਪਿੰਡਾਂ ਦੇ ਬੇਰੁਜ਼ਗਾਰ ਲੋਕ ਆ ਕੇ ਵਸ ਰਹੇ ਹਨ।

-------

ਹਰ ਦਸ ਸਾਲ ਬਾਅਦ ਪਿੰਡਾਂ ਅਤੇ ਸ਼ਹਿਰਾਂ ਦਾ ਪੁਨਰ-ਵਰਗੀਕਰਣ ਕੀਤਾ ਜਾਂਦਾ ਹੈ ਅਤੇ ਇਸ ਨਾਲ ਇਨ੍ਹਾਂ ਇਲਾਕਿਆਂ ਦੀ ਇਕ ਨਵੀਂ ਤਸਵੀਰ ਸਾਹਮਣੇ ਆਉਂਦੀ ਹੈ। 2011 ਦੀ ਜਨਗਣਨਾ ਸਾਡੇ ਸਾਹਮਣੇ ਇਕ ਨਵਾਂ ਦ੍ਰਿਸ਼ ਪੇਸ਼ ਕਰਦੀ ਹੈ-90 ਸਾਲ ਬਾਅਦ ਸ਼ਹਿਰੀ ਵਸੋਂ ਵਿਚ ਵਾਧਾ ਪਿੰਡਾਂ ਦੇ ਮੁਕਾਬਲਤਨ ਜ਼ਿਆਦਾ ਹੋਇਆ ਹੈ। ਸਪੱਸ਼ਟ ਹੈ ਕਿ ਇਨ੍ਹਾਂ ਦਸਾਂ ਸਾਲਾਂ ਵਿਚ ਜ਼ਰੂਰ ਕੁਝ ਵਿਲੱਖਣ ਵਾਪਰਿਆ ਹੈ, ਜਿਸ ਕਾਰਨ ਐਡੀ ਵੱਡੀ ਤਬਦੀਲੀ ਆਈ ਹੈ। ਉਹ ਹੈ-ਖੇਤੀ ਖੇਤਰ ਦੀ ਕਮਜ਼ੋਰ ਹੋ ਰਹੀ ਆਰਥਿਕਤਾ, ਜਿਸ ਕਾਰਨ ਲੱਖਾਂ ਖੇਤ ਮਜ਼ਦੂਰ ਤੇ ਕਿਸਾਨ ਇਸ ਧੰਦੇ ਨੂੰ ਛੱਡ ਕੇ ਕੰਮ ਦੀ ਭਾਲ ਵਿਚ ਸ਼ਹਿਰਾਂ ਤੇ ਕਸਬਿਆਂ ਨੂੰ ਚਲੇ ਗਏ ਹਨ। ਪਿੰਡਾਂ ਵਿਚ ਹੋ ਰਹੇ ਇਸ ਡਰਾਮੇ ਨੂੰ ਸ਼ਾਇਦ ਅਸੀਂ ਦੇਖ ਕੇ ਅਣਡਿੱਠ ਕਰ ਰਹੇ ਹਾਂ। ਪਿੰਡਾਂ ਦੇ ਕੰਮ ਕਰਨਯੋਗ ਨੌਜਵਾਨ, ਆਪਣੇ ਪਿੱਛੇ ਬਜ਼ੁਰਗਾਂ, ਬੱਚਿਆਂ, ਔਰਤਾਂ ਤੇ ਨਾ ਕੰਮ ਕਰਨਯੋਗ ਲੋਕਾਂ ਨੂੰ ਛੱਡ ਕੇ ਰੁਜ਼ਗਾਰ ਦੀ ਭਾਲ ਵਿਚ ਸ਼ਹਿਰਾਂ ਵਲ ਜਾ ਰਹੇ ਹਨ। ਨਾ ਹੀ ਜਨਗਣਨਾ ਅਧਿਕਾਰੀ ਤੇ ਨਾ ਹੀ ਨੈਸ਼ਨਲ ਸੈਂਪਲ ਸਰਵੇ ਵਾਲੇ ਐਨੀ ਵੱਡੀ ਮਿਕਦਾਰ ਵਿਚ ਲੋਕਾਂ ਦੇ ਪਰਵਾਸ ਦੀ ਸਮੱਸਿਆ ਦੀਆਂ ਬਰੀਕੀਆਂ ਨੂੰ ਸਮਝ ਸਕੇ ਹਨ। ਮਾੜੇ ਹਾਲਾਤਾਂ ਤੋਂ ਦੁਖੀ ਹੋ ਕੇ ਇਹ ਗਰੀਬ ਲੋਕ ਰੋਟੀ ਤੇ ਰੁਜ਼ਗਾਰ ਦੀ ਭਾਲ ਵਿਚ ਇੱਧਰ-ਉੱਧਰ ਭਟਕ ਰਹੇ ਹਨ। ਕੋਈ ਸਾਫ਼ ਦਿਸਦੀ ਮੰਜ਼ਿਲ ਨਹੀਂ ਹੈ, ਇਨ੍ਹਾਂ ਕੋਲ। ਜਨਗਣਨਾ ਦੇ ਅਧਿਕਾਰੀ ਇਨ੍ਹਾਂ ਲੋਕਾਂ ਦੀ ਦਿਨ-ਬ-ਦਿਨ ਦੀ ਗਤੀ ਨੂੰ ਆਂਕ ਨਹੀਂ ਸਕਦੇ। ਅਕਸਰ ਇਹ ਹੁੰਦਾ ਹੈ ਕਿ ਪਿੰਡਾਂ ਵਿਚੋਂ ਉਜੜਨ ਵਾਲੇ ਖੇਤ ਮਜ਼ਦੂਰ, ਕਿਸਾਨ ਆਪਣੇ ਹੀ ਸੂਬੇ ਦੇ ਕਿਸੇ ਨੇੜਲੇ ਕਸਬੇ ਜਾਂ ਸ਼ਹਿਰ ਵਿਚ ਜਾਣ ਨੂੰ ਤਰਜੀਹ ਦਿੰਦੇ ਹਨ। ਆਂਧਰਾ ਤੇ ਮਹਾਰਾਸ਼ਟਰ ਵਿਚ ਅਜਿਹਾ ਆਮ ਦੇਖਣ ਨੂੰ ਮਿਲਦਾ ਹੈ।

ਜਨਗਣਨਾ ਅਧਿਕਾਰੀਆਂ ਦੀਆਂ ਆਪਣੀਆਂ ਮਜਬੂਰੀਆਂ ਹਨ। ਉਹ ਚਲਦੇ ਫ਼ਿਰਦੇ ਪਰਵਾਸੀ ਮਜ਼ਦੂਰਾਂ ਦੀ ਪੈੜ ਨਹੀਂ ਨੱਪ ਸਕਦੇ, ਤਾਂ ਫ਼ਿਰ ਸ਼ਹਿਰੀ-ਪੇਂਡੂ ਆਬਾਦੀ ਦੇ ਇਹ ਅੰਕੜੇ ਇਕ ਵੱਡੀ ਸਮੱਸਿਆ ਵੱਲ ਇਸ਼ਾਰਾ ਕਰ ਰਹੇ ਹਨ, ਜਿਸ ਦੇ ਅਕਾਰ ਨੂੰ ਅਜੇ ਅਸੀਂ ਪੂਰੀ ਤਰ੍ਹਾਂ ਮਾਪ ਨਹੀਂ ਰਹੇ। ਸ਼ਹਿਰਾਂ-ਕਸਬਿਆਂ ਦੀ ਅਬਾਦੀ ਬੇਤਹਾਸ਼ਾ ਵਧ ਰਹੀ ਹੈ ਤੇ ਨਾਲ ਹੀ ਸ਼ਹਿਰੀ ਅਤੇ ਪੇਂਡੂ ਖੇਤਰ ਦੀ ਆਰਥਿਕ ਵਿਕਾਸ ਦਰ ਵਿਚਲਾ ਅੰਤਰ ਵੀ ਬਹੁਤ ਵਧ ਰਿਹਾ ਹੈ। ਇਹ ਪਿਛਲੇ ਤੀਹ ਸਾਲਾਂ ਦੇ ਸਭ ਤੋਂ ਉਪਰਲੀ ਪੱਧਰ 'ਤੇ ਹੈ, ਜਦ ਕਿ ਵਸੋਂ ਵਿਕਾਸ ਦਰ ਹਰ ਪਾਸੇ ਘਟ ਰਹੀ ਹੈ। ਖੇਤੀ ਖੇਤਰ ਦੇ ਸੰਕਟ ਦੇ ਗੰਭੀਰ ਹੋਣ ਦੇ ਕਾਰਨ ਪੇਂਡੂ ਲੋਕਾਂ ਦਾ ਸ਼ਹਿਰਾਂ ਵੱਲ ਪਰਵਾਸ ਵੀ ਵਧ ਰਿਹਾ ਹੈ। ਖੇਤੀ ਖੇਤਰ ਦੇ ਸੰਕਟ ਕਾਰਨ ਹੀ ਸੰਨ 1995-2009 ਦੌਰਾਨ 240000 ਪੇਂਡੂ ਕਿਸਾਨ ਲੋਕ ਖ਼ੁਦਕਸ਼ੀ ਕਰਕੇ ਇਸ ਦੁਨੀਆਂ ਤੋਂ ਤੁਰ ਗਏ। ਇਸ ਤੋਂ ਇਲਾਵਾ ਖੇਤੀ ਖੇਤਰ ਦੀ ਬਰਬਾਦੀ ਦੇ ਇੱਕਾ-ਦੁੱਕਾ ਸਬੂਤ ਮਿਲਦੇ ਰਹਿੰਦੇ ਹਨ, ਜਿਨ੍ਹਾਂ ਵੱਲ ਅਸੀਂ ਗੌਰ ਨਹੀਂ ਕਰਦੇ ।

1990ਵਿਆਂ ਦੇ ਪਹਿਲੇ ਅੱਧ ਵਿਚ ਉੜੀਸਾ ਤੋਂ ਛਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਚਾਲੇ ਬੱਸ ਦੇ ਦੋ ਜਾਂ ਚਾਰ ਵਕਤ ਹੀ ਸਨ, ਜੋ ਹੁਣ ਗਿਆਰਾਂ ਹਨ। ਪਹਿਲਾਂ ਇਹ ਬੱਸਾਂ ਬਵਾਲੀਪੁਰ (ਕਾਲਾਹਾਂਡੀ) ਤੋਂ ਚਲ ਕੇ ਵਾਇਆ ਖਰਿਆਰ ਹੋ ਕੇ ਰਾਏਪੁਰ ਪਹੁੰਚਦੀਆਂ ਸਨ। ਹੁਣ ਇਹ ਛੋਟੇ ਛੋਟੇ ਕਸਬਿਆਂ ਤੋਂ ਹੀ ਸ਼ੁਰੂ ਹੋ ਕੇ ਥਾਂ-ਥਾਂ ਤੋਂ ਕਾਮਿਆਂ ਨੂੰ ਚੁੱਕਦੀਆਂ ਰਾਏਪੁਰ ਪਹੁੰਚਦੀਆਂ ਹਨ। ਇਸ ਇਲਾਕੇ ਵਿਚ ਰੇਲਗੱਡੀਆਂ ਦੀ ਗਿਣਤੀ ਵੀ ਵਧੀ ਹੈ ਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਲੋਕਾਂ ਦੀ ਵੀ। ਇਸ ਤੋਂ ਇਲਾਵਾ ਜੀਪਾਂ, ਵੈਨਾਂ ਦੀ ਗਿਣਤੀ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ, ਜੋ ਹਜ਼ਾਰਾਂ ਲੋਕਾਂ ਨੂੰ ਕੰਮ ਲਈ ਸਰਹੱਦ ਪਾਰ ਲੈ ਕੇ ਜਾਂਦੇ ਹਨ।

ਨੌਪੱਦਾ ਜ਼ਿਲ੍ਹੇ ਦਾ ਇਕ ਪਰਵਾਸੀ ਮਜ਼ਦੂਰ ਬਿਸ਼ਨੂ ਪੋਦ ਪੁੱਛਦਾ ਹੈ ਮੈਨੂੰ, "ਇੱਥੇ ਰਹਿਣ ਵਿਚ ਕੀ ਧਰਿਆ ਹੈ? ਸਰਹੱਦ ਪਾਰ ਰਾਏਪੁਰ ਵਿਚ ਕੰਮ ਤਾਂ ਮਿਲਦਾ ਹੈ।" ਜਦੋਂ ਰਾਏਪੁਰ ਨੂੰ ਸੂਬੇ ਦੀ ਰਾਜਧਾਨੀ ਬਣਾ ਦਿੱਤਾ ਗਿਆ ਤਾਂ ਪਰਵਾਸੀ ਲੋਕਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। 1994 ਵਿਚ ਕੇਰਲ ਸੂਬੇ ਦੇ ਵਿਆਨਾਦ ਜ਼ਿਲ੍ਹੇ ਦੇ ਕਸਬੇ ਮਨਾਨਵਧੀ ਅਤੇ ਕਰਨਾਟਕ ਦੇ ਕੂਟਾ ਕਸਬੇ ਦਰਮਿਆਨ ਕੇਰਲ ਟਰਾਂਸਪੋਰਟ ਕਾਰਪੋਰੇਸ਼ਨ ਦੀ ਕੋਈ ਬੱਸ ਨਹੀਂ ਚਲਦੀ ਸੀ। ਜਦੋਂ ਖੇਤੀ ਸੰਕਟ ਸ਼ੁਰੂ ਹੋਇਆ, ਉਦੋਂ ਵਿਆਨਾਦ ਦੇ ਇਲਾਕੇ ਵਿਚ ਪਰਵਾਸੀ ਮਜ਼ਦੂਰ ਵੱਡੀ ਗਿਣਤੀ ਵਿਚ ਆਉਂਦੇ ਸਨ ਅਤੇ ਇਸ ਨੂੰ ਕੇਰਲ ਦਾ ਗਲਫ਼ ਕਿਹਾ ਜਾਂਦਾ ਸੀ। ਇਹ ਵਪਾਰਕ ਫ਼ਸਲਾਂ ਪੈਦਾ ਕਰਨ ਵਾਲਾ ਹੈ। ਸੰਨ 2004 ਤੱਕ ਕੇਰਲ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਦੋਹਾਂ ਕਸਬਿਆਂ ਦਰਮਿਆਨ 24 ਗੇੜੇ ਲਾਉਣ ਲੱਗ ਪਈਆਂ। ਉਸ ਸਾਲ ਬੱਸ ਵਿਚ ਸਫ਼ਰ ਕਰਦੇ ਇਕ ਪਰਵਾਸੀ ਮਜ਼ਦੂਰ ਸ਼ਨਿਜ ਥਾਮਸ ਨੇ ਮੈਨੂੰ ਕਿਹਾ ਸੀ, "ਆਲੇ-ਦੁਆਲੇ ਅਣਗਿਣਤ ਅੱਧ ਬਣੀਆਂ ਇਮਾਰਤਾਂ ਵੱਲ ਨਜ਼ਰ ਮਾਰੋ, ਜਦੋਂ ਖੇਤੀ ਵਧੀਆ ਚਲ ਰਹੀ ਸੀ ਤਾਂ ਇਹ ਘਰ ਉਸਰਨੇ ਸ਼ੁਰੂ ਹੋਏ ਸਨ। ਜਿਉਂ ਹੀ ਸੰਕਟ ਸ਼ੁਰੂ ਹੋਇਆ, ਉਸਾਰੀਆਂ ਬੰਦ ਹੋ ਗਈਆਂ ਤੇ ਕਿਸੇ ਕੋਲ ਪੈਸਾ ਹੀ ਨਹੀਂ ਰਿਹਾ।"

1993 ਵਿਚ ਤਿਲੰਗਾਨਾ ਖੇਤਰ ਦੇ ਮਹਿਬੂਬ ਨਗਰ ਤੋਂ ਮੁੰਬਈ ਵਾਸਤੇ ਇਕ ਬੱਸ ਸਰਵਿਸ ਸੀ। ਦਸ ਸਾਲ ਬਾਅਦ ਇਨ੍ਹਾਂ ਦੀ ਗਿਣਤੀ ਚਾਲੀ ਹੋ ਗਈ। ਇਕ ਆਦਿਵਾਸੀ ਪਰਵਾਸੀ ਮਜ਼ਦੂਰ ਪੰਡੂ ਨਾਇਕ ਨੇ ਮੈਨੂੰ ਦੱਸਿਆ, "ਅਸੀਂ ਮੁੰਬਈ ਪੂਨੇ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੇ। ਸਾਡੇ ਘਰਾਂ 'ਤੇ ਕਰਜ਼ੇ ਦਾ ਭਾਰੀ ਬੋਝ ਹੈ। ਸਾਡੇ ਬੱਚੇ ਭੁੱਖੇ ਮਰ ਰਹੇ ਹਨ।"

2003 ਤੱਕ ਸਫ਼ਰ ਕਰਨ ਵਾਲੇ ਲੋਕਾਂ ਵਿਚ ਵੀ ਤਬਦੀਲੀ ਆ ਗਈ। ਪਹਿਲਾਂ ਕੇਵਲ ਦਲਿਤ ਤੇ ਆਦਿਵਾਸੀ ਖੇਤ ਮਜ਼ਦੂਰ ਹੀ ਮਜ਼ਦੂਰੀ ਕਰਨ ਜਾਂਦੇ ਸਨ। ਹੁਣ ਇਨ੍ਹਾਂ ਵਿਚ ਤਰਖਾਣ ਤੇ ਰਾਜ ਮਿਸਤਰੀ, ਘੁਮਿਆਰ ਤੇ ਛੋਟੇ ਕਿਸਾਨ ਵੀ ਸ਼ਾਮਲ ਹੋ ਗਏ ਹਨ। ਸੰਨ 2003 ਦੀ ਇਕ ਅਜੀਬ ਘਟਨਾ ਸੀ, ਜਦੋਂ ਇਕ ਕਿਸਾਨ ਤੇ ਕਿਸੇ ਵਕਤ ਰਿਹਾ ਉਸ ਦਾ ਮਜ਼ਦੂਰ ਦੋਵੇਂ ਇਕੱਠੇ ਮਜ਼ਦੂਰੀ ਕਰਨ ਜਾ ਰਹੇ ਸਨ, ਉਦੋਂ ਹੀ ਵੱਡੀਆਂ ਯੋਜਨਾਵਾਂ ਅਤੇ ਵਿਸ਼ੇਸ਼ ਆਰਥਿਕ ਜ਼ੋਨਾਂ ਦੀ ਉਸਾਰੀ ਕਾਰਨ ਉਜੜੇ ਲੋਕ ਹੈਦਰਾਬਾਦ ਤੇ ਹੋਰ ਕਸਬਿਆਂ-ਸ਼ਹਿਰਾਂ ਦੇ ਆਸ-ਪਾਸ ਜਾ ਕੇ ਵੱਸ ਰਹੇ ਸਨ।

2008 ਦੀ ਵਿਸ਼ਵ ਆਰਥਿਕ ਮੰਦੀ ਕਾਰਨ ਗੁਜਰਾਤ ਵਿਚ ਬਹੁਤ ਸਾਰੀਆਂ ਕਤਾਈ ਮਿੱਲਾਂ ਬੰਦ ਹੋ ਗਈਆਂ। ਫ਼ਿਰ ਵੀ ਉੜੀਸਾ ਦੇ ਗੰਜਮ ਇਲਾਕੇ ਵਿਚੋਂ ਹਜ਼ਾਰਾਂ ਲੋਕ ਬਰਹਾਮਪੁਰ ਦੇ ਰੇਲਵੇ ਸਟੇਸ਼ਨ ਤੋਂ ਗੁਜਰਾਤ ਲਈ ਗੱਡੀਆਂ 'ਤੇ ਸਵਾਰ ਹੁੰਦੇ ਦੇਖੇ ਜਾ ਸਕਦੇ ਸਨ। ਇਹ ਕੰਮ ਦੀ ਭਾਲ ਲਈ ਜਾ ਰਹੇ ਮਜ਼ਦੂਰ ਹੀ ਸਨ। ਗੰਜਮ ਦੇ ਗਣੇਸ਼ ਪ੍ਰਧਾਨ ਦਾ ਕਹਿਣਾ ਸੀ, "ਸੂਰਤ ਵਿਚ ਬੈਠੇ ਸਾਡੇ ਮਾਲਕ ਜਾਣਦੇ ਹਨ ਕਿ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ। ਇਸ ਲਈ ਸਾਨੂੰ 12-12 ਘੰਟੇ ਕੰਮ ਕਰਨਾ ਪੈਂਦਾ ਹੈ। ਕੋਈ ਹਫ਼ਤਾਵਰੀ ਛੁੱਟੀ ਨਹੀਂ ਮਿਲਦੀ। ਨਾ ਰੋਟੀ ਖਾਣ ਨੂੰ ਅੱਧੀ ਛੁੱਟੀ। ਕੰਮ ਜ਼ਿਆਦਾ ਲੈ ਰਹੇ ਹਨ, ਤਨਖਾਹਾਂ ਘਟ ਰਹੀਆਂ ਹਨ। ਸਾਡੀ ਸਿਹਤ ਦਿਨੋਂ ਦਿਨ ਕਮਜ਼ੋਰ ਹੋ ਰਹੀ ਹੈ- ਪਰ ਅਸੀਂ ਜਾਣਦੇ ਹਾਂ ਕਿ ਹਰ ਜਗ੍ਹਾ ਇਹੀ ਹਾਲ ਹੈ।"

ਕੌਣ ਹਨ ਇਹ ਪਰਵਾਸੀ ਮਜ਼ਦੂਰ? 1990 ਵਿਆਂ ਦੇ ਅਖ਼ੀਰ ਵਿਚ ਇਹ ਸੰਕਟ ਸ਼ੁਰੂ ਹੋਇਆ ਸੀ। ਉੜੀਸਾ ਦੇ ਕਾਲਾ ਹਾਂਡੀ ਦੇ ਦਲਿਤ ਕਾਫ਼ੀ ਦੇਰ ਤੋਂ ਮਜ਼ਦੂਰੀ ਲਈ ਪਰਵਾਸ ਕਰਦੇ ਚਲੇ ਆ ਰਹੇ ਹਨ। ਫ਼ਿਰ ਇਨ੍ਹਾਂ ਵਿਚ ਹੋਰ ਪਛੜੀਆਂ ਜਾਤੀਆਂ ਦੇ ਲੋਕ ਵੀ ਆ ਸ਼ਾਮਲ ਹੋਏ। ਅਰਥ ਸ਼ਾਸਤਰੀ ਡਾ. ਕੇ ਨਾਗਰਾਜ ਲਿਖਦਾ ਹੈ, "ਪਿਛਲੇ 15-20 ਸਾਲਾਂ ਤੋਂ ਗਰੀਬੀ ਤੇ ਭੁੱਖ ਦੇ ਮਾਰੇ ਇਹ ਲੋਕ ਥਾਂ ਪ-ਥਾਂ ਭਟਕਦੇ ਫ਼ਿਰਦੇ ਹਨ। ਇਨ੍ਹਾਂ ਗਰੀਬ ਲੋਕਾਂ ਵਿਚੋਂ ਬਹੁਤ ਥੋੜ੍ਹੇ ਹੋਣਗੇ, ਜੋ ਬਾਹਰ ਜਾ ਕੇ ਕੰਮ ਕਰਕੇ ਵੀ ਕੁਝ ਸਰਮਾਇਆ ਇਕੱਠਾ ਕਰ ਸਕੇ ਹਨ ਜਾਂ ਕਿਸੇ ਚੰਗੀ ਨੌਕਰੀ 'ਤੇ ਜਾ ਲੱਗੇ ਹੋਣ। ਮੱਧ ਵਰਗ ਤੇ ਉਪਰਲੇ ਵਰਗ ਦੇ ਲੋਕ ਜ਼ਰੂਰ ਪਰਵਾਸ ਕਰਕੇ ਕੁਝ ਅਮੀਰ ਹੋਏ ਹਨ ਤੇ ਚੰਗੀਆਂ ਨੌਕਰੀਆਂ 'ਤੇ ਲੱਗੇ ਹਨ।" ਇਸ ਮਨੁੱਖੀ ਉਥਲ-ਪੁਥਲ ਨਾਲ ਪੇਂਡੂ ਖੇਤਰ ਦੀ ਪੈਦਾਵਾਰ ਵਿਚ ਵੀ ਕਮੀ ਆਈ ਹੈ ਅਤੇ ਪਰਿਵਾਰਕ ਤੋੜ ਵਿਛੋੜੇ ਕਾਰਨ ਸਮਾਜਿਕ ਤੇ ਪਰਿਵਾਰਕ ਰਿਸ਼ਤੇ ਵੀ ਉਲਝ ਗਏ ਹਨ।

ਇਸ ਪਰਵਾਸ ਦੀ ਪ੍ਰਕਿਰਿਆ ਵਿਚ ਦਲਾਲ ਜਾਂ ਠੇਕੇਦਾਰਾਂ ਦੀ ਇਕ ਕੌਮ ਵੀ ਪੈਦਾ ਹੋ ਗਈ ਹੈ, ਜੋ ਵੱਡੇ ਬਿਲਡਰਾਂ, ਠੇਕੇਦਾਰਾਂ, ਬਹੁ-ਕੌਮੀ ਕੰਪਨੀਆਂ ਨੂੰ ਸਸਤੀ ਲੇਬਰ ਮੁਹੱਈਆ ਕਰਦੇ ਹਨ ਅਤੇ ਦੋਹਾਂ ਪਾਸਿਆਂ ਤੋਂ ਕਮਿਸ਼ਨ ਲੈਂਦੇ ਹਨ। ਮਜ਼ਦੂਰਾਂ ਨੂੰ ਫ਼ੌਰਨ ਕੰਮ ਤਾਂ ਮਿਲਦਾ ਹੈ, ਪਰ ਉਜਰਤ ਘੱਟ ਮਿਲਦੀ ਹੈ।

ਅਨੁਵਾਦ : ਪੁਸ਼ਪਿੰਦਰ

# ਡਾ. ਅੰਬੇਦਕਰ : ਬੁਧਵਾਦ ਤੇ ਮਾਰਕਸਵਾਦ

ਡਾ ਰਾਮ ਬਹਾਦਰ ਵਰਮਾ

ਹਿੰਦੂ ਧਰਮ ਵਿਚ ਫੈਲੀ ਹੋਈ ਛੂਤਛਾਤ ਦੀ ਭਾਵਨਾ ਅਤੇ ਸਮਾਜਕ ਵਿਤਕਰੇ ਨੇ ਡਾ. ਭੀਮਰਾਓ ਅੰਬੇਦਕਰ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਪ੍ਰੇਰਿਤ ਕੀਤਾ ਸੀ। 1935 ਵਿਚ ਉਨ੍ਹਾਂ ਦੀ ਅਗਵਾਈ ਅਧੀਨ ਯੇਵਲਾ ਵਿਚ ਵਿਸ਼ਾਲ ਸਭਾ ਦੌਰਾਨ ਇਕ ਮਤੇ ਦੁਆਰਾ ਇਹ ਨਿਰਣਾ ਲਿਆ ਗਿਆ ਸੀ ਕਿ ਹਿੰਦੂ ਧਰਮ ਦਾ ਤਿਆਗ ਕਰਨਾ ਚਾਹੀਦਾ ਹੈ। ਸਭਾ ਵਿਚ ਬੋਲਦੇ ਹੋਏ ਡਾ. ਅੰਬੇਦਕਰ ਨੇ ਕਿਹਾ ਸੀ ਕਿ ਭਾਵੇਂ ਮੈਂ ਹਿੰਦੂ ਪੈਦਾ ਹੋਇਆ ਕਿਉਂਕਿ ਉਸ ਉਪਰ ਮੇਰਾ ਵੱਸ ਨਹੀਂ ਸੀ, ਪਰ ਹਿੰਦੂ ਦੇ ਰੂਪ ਵਿਚ ਮਰਾਂਗਾ ਨਹੀਂ, ਇਹ ਮੇਰੇ ਵੱਸ ਦੀ ਗੱਲ ਹੈ।

ਧਰਮ ਪਰਿਵਰਤਨ ਦਾ ਸੰਕਲਪ ਲੈਣ ਦੇ ਬਾਅਦ 14 ਅਕਤੂਬਰ 1956 ਨੂੰ ਨਾਗਪੁਰ ਵਿਚ ਆਪਣੇ 10 ਲੱਖ ਸਾਥੀਆਂ ਸਮੇਤ ਡਾ. ਭੀਮਰਾਓ ਅੰਬੇਦਕਰ ਨੇ ਬੁਧ ਧਰਮ ਗ੍ਰਹਿਣ ਕਰ ਲਿਆ। ਬੁਧ ਧਰਮ ਵਿਚ ਮੌਜੂਦ ਕਰੁਣਾ, ਸਮਾਨਤਾ ਦੀ ਭਾਵਨਾ, ਮਾਨਵਤਾਵਾਦ, ਵਿਵੇਕਵਾਦ, ਲਚਕੀਲੇਪਨ ਨੇ ਉਨ੍ਹਾਂ ਉਤੇ ਗਹਿਰਾ ਪ੍ਰਭਾਵ ਪਾਇਆ। ਬੁੱਧ ਧਰਮ ਦੇ 'ਬਹੁਜਨ ਹਿਤਾਏ-ਬਹੁਜਨ ਸੁਖਾਏ' ਦੀ ਭਾਵਨਾ ਤੋਂ ਉਹ ਇਸ ਸਿੱਟੇ ਤੇ ਪਹੁੰਚੇ ਸਨ ਕਿ ਬੁੱਧ ਧਰਮ ਹੀ ਵਿਸ਼ਵ ਦਾ ਸਭ ਤੋਂ ਵਧੀਆ ਧਰਮ ਹੈ। ਬੁਧ ਧਰਮ ਦੀ ਪ੍ਰਸ਼ੰਸਾ ਕਰਦੇ ਹੋਏ ਡਾ. ਅੰਬੇਦਕਰ ਨੇ ਕਿਹਾ- ਮੈਂ ਬੁਧ ਧਰਮ ਨੂੰ ਇਸ ਲਈ ਪਸੰਦ ਕਰਦਾ ਹਾਂ ਕਿ ਦੂਸਰਾ ਧਰਮ ਅਜਿਹਾ ਨਹੀਂ ਕਰ ਸਕਦਾ। ਬੁਧ ਧਰਮ ਪ੍ਰੇਮ, ਤਿਆਗ, ਕਰੁਣਾ ਅਤੇ ਸਮਾਨਤਾ ਦੀ ਸਿਖਿਆ ਦਿੰਦਾ ਹੈ। ਬੁਧ ਧਰਮ ਪ੍ਰਤੀ ਡਾ ਅੰਬੇਦਕਰ ਦੇ ਆਕਰਸ਼ਣ ਦੇ ਅਨੇਕ ਕਾਰਨ ਸਨ। ਉਨ੍ਹਾਂ ਮੁਤਾਬਕ ਬੁਧ ਧਰਮ ਦਾ ਮੌਲਿਕ ਸਿਧਾਂਤ ਸਮਾਨਤਾ ਹੈ। ਬੁਧ ਧਰਮ ਜਾਤੀ ਵਿਵਸਥਾ, ਜੋ ਕਿ ਛੂਤ ਛਾਤ ਲਈ ਜ਼ੁੰਮੇਵਾਰ ਹੈ, ਨੂੰ ਮਾਨਤਾ ਨਹੀਂ ਦਿੰਦਾ ਅਤੇ ਸਭ ਨੂੰ ਉਨਤੀ ਕਰਨ ਦਾ ਪੂਰਾ ਅਵਸਰ ਦਿੰਦਾ ਹੈ। ਇਹ ਧਰਮ ਇਸ ਦੇਸ਼ ਦਾ ਨਹੀ. ਸਮੁੱਚੇ ਵਿਸ਼ਵ ਦਾ ਕਲਿਆਣ ਕਰ ਸਕਦਾ ਹੈ।

20ਵੀਂ ਸਦੀ ਵਿਚ ਸਮਾਜ ਦੇ ਸ਼ੋਸ਼ਿਤ ਪੀੜਤ ਵਰਗਾਂ ਦੇ ਆਕਰਸ਼ਣ ਦਾ ਕੇਂਦਰ ਮਾਰਕਸਵਾਦ ਸੀ। ਜਿਸ ਸਮੇ. ਡਾ. ਭੀਮਰਾਓ ਅੰਬੇਦਕਰ ਨੇ ਆਪਣਾ ਰਾਜਨੀਤਕ ਜੀਵਨ ਸ਼ੁਰੂ ਕੀਤਾ, ਰੂਸ ਦੀ ਸਮਾਜਵਾਦੀ ਕ੍ਰਾਂਤੀ ਹੋ ਚੁੱਕੀ ਸੀ ਅਤੇ ਵਿਸ਼ਵ ਦੇ ਵਿਭਿੰਨ ਭਾਗਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਚਾਰ ਹੋ ਰਿਹਾ ਸੀ। ਭਾਰਤ ਵਿਚ ਵੀ ਕਿਸਾਨਾਂ, ਮਜ਼ਦੂਰਾਂ ਦੇ ਵਿਚ ਮਾਰਕਸਵਾਦੀ ਵਿਚਾਰਧਾਰਾ ਨਾਲ ਲੈਸ ਸਮੂਹ ਸਥਾਪਤ ਹੋ ਚੁੱਕੇ ਸਨ। 1925-35 ਦੇ ਮੱਧ ਵਿਚ ਜਦ ਡਾ. ਅੰਬੇਦਕਰ ਨੇ ਦਲਿਤਾਂ ਲਈ ਸੰਘਰਸ਼ ਦਾ ਬਿਗਲ ਵਜਾਇਆ ਤਾਂ ਉਸ ਸਮੇਂ ਮਾਰਕਸਵਾਦੀ ਵਿਚਾਰਾਂ 'ਤੇ ਅਧਾਰਿਤ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਈ। ਸਮਾਜ ਦੇ ਸ਼ੋਸ਼ਿਤ ਪੀੜਤ ਵਰਗ ਦੇ ਪ੍ਰਤੀ ਗਹਿਰੀ ਪ੍ਰਤੀਬੱਧਤਾ ਦੇ ਬਾਵਜੂਦ ਡਾ. ਅੰਬੇਦਕਰ ਮਾਰਕਸਵਾਦ ਵਲ ਆਕਰਸ਼ਿਤ ਨਹੀਂ ਹੋਏ। ਮਾਰਕਸ ਦੇ ਉਚੇ ਵਿਚਾਰਾਂ ਅਤੇ ਕਿਰਤੀ ਵਰਗ ਦੇ ਉਥਾਨ ਲਈ ਲੈਨਿਨ ਦੇ ਉਤਸ਼ਾਹ ਦੀ ਪ੍ਰਸ਼ੰਸਾ ਕਰਦੇ ਹੋਏ ਵੀ ਮਾਰਕਸਵਾਦ ਦੇ ਨਾਲ ਡਾ. ਅੰਬੇਦਕਰ ਦੇ ਮੱਤਭੇਦ ਇੰਨੇ ਗਹਿਰੇ ਸਨ ਕਿ ਉਨ੍ਹਾਂ ਲਈ ਸਾਮਵਾਦੀ ਵਿਚਾਰਧਾਰਾ ਨੂੰ ਸਵੀਕਾਰ ਕਰਨਾ ਅਸੰਭਵ ਸੀ। ਉਹ ਮਾਰਕਸ ਦੇ ਇਤਿਹਾਸਕ, ਭੌਤਿਕਵਾਦ ਪ੍ਰੋਲਤਾਰੀ ਦੇ ਤਾਨਾਸ਼ਾਹੀ ਵਰਗ ਸੰਘਰਸ਼, ਧਰਮ ਅਤੇ ਨੈਤਿਕਤਾ ਸਬੰਧੀ ਵਿਚਾਰਾਂ ਨੂੰ ਸਵੀਕਾਰ ਨਹੀਂ ਕਰਦੇ ਸਨ।

ਡਾ. ਅੰਬੇਦਕਰ ਮਾਰਕਸਵਾਦ ਦੀ ਇਤਿਹਾਸ ਦੀ ਆਰਥਕ ਵਿਆਖਿਆ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਮਾਰਕਸਵਾਦ ਵਿਚ ਮੰਨਣਾ ਹੈ ਕਿ ਉਤਪਾਦਨ ਸ਼ਕਤੀਆਂ ਵਿਚ ਪਰਿਵਰਤਨ ਹੋਣ ਨਾਲ ਉਤਪਾਦਨ ਸਬੰਧਾਂ ਵਿਚ ਪਰਿਵਰਤਨ ਹੁੰਦਾ ਹੈ। ਉਤਪਾਦਨ ਸਬੰਧ ਹੀ ਆਰਥਕ ਢਾਂਚੇ ਦਾ ਨਿਰਮਾਣ ਕਰਦੇ ਹਨ। ਆਰਥਕ ਪ੍ਰਣਾਲੀ ਹੀ ਉਹ ਆਧਾਰ ਹੁੰਦੀ ਹੈ ਜਿਸ ਉਪਰ ਰਾਜਨੀਤਕ ਸਮਾਜਕ, ਸੰਸਕ੍ਰਿਤਕ ਢਾਂਚਾ ਅਤੇ ਕਲਾ ਤੇ ਸੰਸਕ੍ਰਿਤੀ ਦਾ ਨਿਰਮਾਣ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਇਤਿਹਾਸਕ ਵਿਕਾਸ ਵਿਚ ਆਰਥਕ ਤੱਤ ਮੁੱਖ ਭੂਮਿਕਾ ਅਦਾ ਕਰਦੇ ਹਨ। ਹਾਲਾਂਕਿ ਹੋਰ ਤੱਤਾਂ ਦੀਆਂ ਭੂਮਿਕਾਵਾਂ ਵੀ ਹੁੰਦੀਆਂ ਹਨ।

ਇਸ ਆਧਾਰ 'ਤੇ ਭਾਰਤ ਦੇ ਮਾਰਕਸਵਾਦੀ ਇਹ ਕਹਿੰਦੇ ਸਨ ਕਿ ਆਰਥਕ ਪਰਿਵਰਤਨ ਨਾਲ ਹੀ ਭਾਰਤ ਦੀ ਸਮਾਜਕ ਵਿਵਸਥਾ ਵਿਚ ਪਰਿਵਰਤਨ ਹੋ ਜਾਵੇਗਾ ਅਥਵਾ ਜਾਤੀ ਪ੍ਰਥਾ ਸਮਾਪਤ ਹੋ ਜਾਵੇਗੀ। ਪ੍ਰੰਤੂ ਡਾ. ਅੰਬੇਦਕਰ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਦੀ ਸਮਾਜ ਵਿਵਸਥਾ ਵਿਚ ਵਿਤਕਰੇ ਦੀਆਂ ਜੜ੍ਹਾਂ ਸੰਪਤੀ ਸਬੰਧਾਂ ਵਿਚ ਨਹੀਂ ਬਲਕਿ ਧਰਮ ਵਿਚ ਹਨ। ਇਸ ਆਧਾਰ 'ਤੇ ਡਾ. ਅੰਬੇਦਕਰ ਨੇ ਇਹ ਸਿੱਟਾ ਕੱਢਿਆ ਕਿ ਕੇਵਲ ਆਰਥਕ ਸੁਧਾਰਾਂ ਨਾਲ ਹੀ ਭਾਰਤ ਦੀ ਸਮਾਜ ਵਿਵਸਥਾ ਵਿਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਮਾਰਕਸਵਾਦ ਵਰਗ ਸੰਘਰਸ਼ ਵਿਚ ਅਟੁਟ ਆਸਥਾ ਪ੍ਰਗਟਾਉਂਦਾ ਹੈ ਅਤੇ ਮਾਨਵਜਾਤੀ ਦੇ ਇਤਿਹਾਸ ਨੂੰ ਵਰਗ ਸੰਘਰਸ਼ ਦਾ ਇਤਿਹਾਸ ਦੱਸਦਾ ਹੈ। ਡਾ. ਅੰਬੇਦਕਰ ਦਾ ਵਰਗ ਸੰਘਰਸ਼ ਵਿਚ ਵਿਸ਼ਵਾਸ ਨਹੀਂ ਸੀ ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਵਿਚ ਮੌਜੂਦ ਜਾਤੀ ਭੇਦਭਾਵ ਮਜ਼ਦੂਰ ਵਰਗ ਦਾ ਨਿਰਮਾਣ ਨਹੀਂ ਹੋਣ ਦਿੰਦੇ। ਕਿਸੇ ਵੀ ਕ੍ਰਾਂਤੀ ਦੇ ਲਈ ਜ਼ਰੂਰੀ ਹੈ ਕਿ ਕ੍ਰਾਂਤੀਕਾਰੀਆਂ ਵਿਚ ਸਮਾਨਤਾ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਹੋਣ।

ਡਾ. ਅੰਬੇਦਕਰ ਨੇ ਮਾਰਕਸਵਾਦ ਦੇ ਰਾਜ ਸਿਧਾਂਤ ਅਥਵਾ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਧਾਰਨਾ ਨੂੰ ਅਸਵੀਕਾਰ ਕਰ ਦਿਤਾ। ਉਹ ਸੰਸਦੀ ਲੋਕਤੰਤਰੀ ਬਹੁਦਲੀ ਪ੍ਰਣਾਲੀ ਅਥਵਾ ਰਾਜਨੀਤਕ ਸੁਤੰਤਰਤਾ ਵਿਚ ਅਟੁੱਟ ਵਿਸ਼ਵਾਸ ਰਖਦੇ ਸਨ, ਜਿਸ ਨੂੰ ਉਨ੍ਹਾਂ ਦੇ ਮਤ ਅਨੁਸਾਰ ਮਾਰਕਸਵਾਦੀ ਵਿਵਸਥਾ ਵਿਚ ਘੱਟੋ ਘੱਟ ਸਥਾਨ ਹਾਸਲ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਦੁਨੀਆ ਵਿਚ ਗਰੀਬੀ ਦੇ ਨਾਮ ਉਤੇ ਮਾਨਵੀ ਸੁਤੰਤਰਤਾ ਦਾ ਬਲੀਦਾਨ ਨਹੀਂ ਦਿਤਾ ਜਾ ਸਕਦਾ।

ਉਹ ਅਜਿਹੀ ਸਮਾਜ ਵਿਵਸਥਾ ਦਾ ਕਿਸੇ ਦਿਸ਼ਾ ਵਿਚ ਵੀ ਸਮਰਥਨ ਕਰਨ ਨੂੰ ਤਿਆਰ ਨਹੀਂ ਸਨ ਜਿਸ ਵਿਚ ਸੁਤੰਤਰਤਾ ਨਾ ਹੋਵੇ। ਤਾਨਾਸ਼ਾਹੀ ਰਾਜ ਉਨ੍ਹਾਂ ਨੂੰ ਪਸੰਦ ਨਹੀਂ ਸਨ। ਉਹ ਲੋਕਤਾਂਤਰਿਕ ਸਮਾਜਵਾਦ ਦੇ ਸਮਰਥਕ ਸਨ।

ਡਾ. ਅੰਬੇਦਕਰ ਸੋਵੀਅਤ ਸਮਾਜ ਨੂੰ ਇਸ ਲਈ ਪਸੰਦ ਨਹੀਂ ਕਰਦੇ ਸਨ ਕਿਉਂਕਿ ਉਥੇ ਬੁਧਜੀਵੀਆਂ ਨੂੰ ਉਨੀ ਸੁਤੰਤਰਤਾ ਪ੍ਰਾਪਤ ਨਹੀ ਹੈ ਜਿੰਨੀ ਕਿ ਉਹ ਚਾਹੁੰਦੇ ਸਨ। ਉਨ੍ਹਾਂ ਨੇ ਵਿਰੋਧੀ ਵਿਚਾਰਾਂ ਦਾ ਅੰਤ ਕਰਨਾ ਉਚਿਤ ਨਹੀਂ ਸਮਝਿਆ। ਉਹ ਸੋਵੀਅਤ ਰੂਸ ਵਿਚ ਸਥਾਪਤ ਨੌਕਰਸ਼ਾਹੀ ਢਾਂਚੇ ਨੂੰ ਪਸੰਦ ਨਹੀਂ ਕਰਦੇ ਸਨ। ਉਨ੍ਹਾਂ ਦਾ ਸਪੱਸ਼ਟ ਵਿਚਾਰ ਸੀ ਕਿ ਸੱਚੇ ਲੋਕਤੰਤਰ ਦੀ ਸਥਾਪਨਾ ਲਈ ਨੌਕਰਸ਼ਾਹੀ ਪ੍ਰਸ਼ਾਸਨ ਨੂੰ ਸਮਾਪਤ ਕਰਨਾ ਹੋਵੇਗਾ। ਡਾ. ਅੰਬੇਦਕਰ ਮਾਰਕਸ ਦੇ ਨੈਤਿਕਤਾ ਸਬੰਧੀ ਦ੍ਰਿਸ਼ਟੀਕੋਣ ਨੂੰ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ। ਮਾਰਕਸ ਦਾ ਸਪੱਸ਼ਟ ਮੱਤ ਸੀ ਕਿ ਵਰਗ ਸਮਾਜ ਵਿਚ ਨੈਤਿਕਤਾ ਵੀ ਸ਼੍ਰੇਣੀਗਤ ਹੁੰਦੀ ਹੈ। ਨੈਤਿਕਤਾ ਦੀ ਇਹ ਮਾਰਕਸਵਾਦੀ ਧਾਰਨਾ, ਜੋ ਕਿ ਮਜ਼ਦੂਰ ਵਰਗ ਦੇ ਹਿੱਤਾਂ ਦੀ ਰੱਖਿਆ ਕਰਦੀ ਹੈ, ਡਾ. ਅੰਬੇਦਕਰ ਨੂੰ ਭਾਉਂਦੀ ਨਹੀਂ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਅਜਿਹੇ ਨੈਤਿਕ ਸਿਧਾਂਤ ਹੋਣ ਜੋ ਸਾਰੀਆਂ ਜਾਤੀਆਂ ਅਥਵਾ ਦੇਸ਼ਾਂ ਉਪਰ ਸਮਾਨ ਰੂਪ ਵਿਚ ਲਾਗੂ ਹੋਣ। ਉਨ੍ਹਾਂ ਦਾ ਸਪੱਸ਼ਟ ਮੱਤ ਸੀ ਕਿ ਸੰਪੂਰਣ ਮਾਨਵ ਸਮਾਜ ਜੇਕਰ ਵਰਗ ਨੈਤਿਕਤਾਵਾਂ ਵਿਚ ਵਹਿ ਜਾਵੇ ਤਾਂ ਉਸ ਦਾ ਪਤਨ ਹੋ ਜਾਵੇਗਾ।

ਇਸੇ ਤਰ੍ਹਾਂ ਧਰਮ ਦੇ ਬਾਰੇ ਵੀ ਡਾ. ਅੰਬੇਦਕਰ ਦੇ ਵਿਚਾਰ ਮਾਰਕਸਵਾਦੀਆਂ ਤੋਂ ਭਿੰਨ ਹਨ। ਮਾਰਕਸਵਾਦ ਧਰਮ ਨੂੰ ਅਫੀਮ ਦੇ ਵਾਂਗ ਸਮਝਦਾ ਹੈ, ਕਿਉਂਕਿ ਉਹ ਅਵਾਮ ਨੂੰ ਕਾਲਪਨਿਕ ਦੁਨੀਆ ਵਿਚ ਲੈ ਜਾਂਦਾ ਹੈ, ਇਸ ਲਈ ਧਰਮ ਦਾ ਖਾਤਮਾ ਅਰਥਾਤ ਭਾਵਨਾਤਮਕ ਖ਼ੁਸ਼ੀ ਦਾ ਅੰਤ ਉਸਦੇ ਵਾਸਤਵਕ ਅਨੰਦ ਲਈ ਜ਼ਰੂਰੀ ਹੈ। ਡਾ.ਅੰਬੇਦਕਰ ਮਾਰਕਸਵਾਦੀਆਂ ਦੇ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਅਨੁਸਾਰ ਧਰਮ ਸਮਾਜਕ ਜੀਵਨ ਦਾ ਇਕ ਜ਼ਰੂਰੀ ਅੰਗ ਹੈ। ਧਰਮ ਇਕ ਅਜਿਹੀ ਸਮਾਜਕ ਸ਼ਕਤੀ ਹੈ ਜੋ ਸ਼ਾਂਤੀ ਵਿਵਸਥਾ ਲਈ ਜ਼ਰੂਰੀ ਹੈ। ਧਰਮ ਤੋਂ ਬਗੈਰ ਮਾਨਵ ਜੀਵਨ ਅਧੂਰਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ-'ਜਿਵੇਂ ਕਿ ਕੁਝ ਲੋਕ ਮੰਨਦੇ ਹਨ ਕਿ ਧਰਮ ਅਫੀਮ ਦੇ ਸਮਾਨ ਨਹੀਂ ਹੈ। ਜੋ ਕੁਝ ਵੀ ਚੰਗੀ ਗੱਲ ਮੇਰੇ ਮਨ ਵਿਚ ਹੈ ਅਥਵਾ ਸਮਾਜ ਨੂੰ ਮੇਰੀ ਸਿਖਿਆ ਦੀਖਿਆ ਨਾਲ ਕੁਝ ਲਾਭ ਹੋ ਰਹੇ ਹੋਣ ਉਹ ਮੇਰੇ ਅੰਦਰ ਧਾਰਮਕ ਭਾਵਨਾਵਾਂ ਕਾਰਨ ਹੀ ਸੰਭਵ ਹੋਏ ਹਨ। ਮੈਂ ਸੱਚਾ ਧਰਮ ਚਾਹੁੰਦਾ ਹਾਂ ਕਿਸੇ ਪ੍ਰਕਾਰ ਦਾ ਪਾਖੰਡ ਨਹੀਂ ਚਾਹੁੰਦਾ।' ਧਰਮ ਨੂੰ ਉਹ ਸਮਾਜਕ ਜੀਵਨ ਵਿਚ ਬਣਾ ਕੇ ਰੱਖਣਾ ਚਾਹੀਦਾ ਜ਼ਰੂਰੀ ਸਮਝਦੇ ਸਨ।

ਡਾ. ਅੰਬੇਦਕਰ ਬੁਧ ਧਰਮ ਨੂੰ ਮਾਰਕਸਵਾਦ ਦਾ ਬਦਲ ਮੰਨਦੇ ਸਨ। 14 ਅਕਤੂਬਰ, 1956 ਨੂੰ ਬੁਧ ਧਰਮ ਗ੍ਰਹਿਣ ਕਰਦੇ ਸਮੇਂ ਨਾਗਪੁਰ ਵਿਚ ਭਾਸ਼ਣ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਸੀ - 'ਪੀੜਤ ਮਾਨਵਤਾ ਦਾ ਭਲਾ ਧਰਮ ਦਾ ਮੁੱਖ ਉਦੇਸ਼ ਹੈ। ਸਵਾਲ ਪੈਦਾ ਹੁੰਦਾ ਹੈ ਕਿ ਦਾਸ ਕੈਪੀਟਲ ਦੀ ਕੀ ਉਪਯੋਗਤਾ ਹੈ? ਮੇਰੀ ਮਾਨਤਾ ਹੈ ਕਿ ਬੁਧ ਮਾਰਕਸ ਤੋਂ ਦੋ ਹਜ਼ਾਰ ਚਾਰ ਸੌ ਸਾਲ ਪਹਿਲਾਂ ਪੈਦਾ ਹੋਏ ਸਨ। ਕਾਰਲ ਮਾਰਕਸ ਨੇ ਅਜਿਹਾ ਕੁਝ ਨਹੀਂ ਕਿਹਾ ਜਿਸ ਨੂੰ ਗੌਤਮ ਬੁਧ ਖੁਦ ਪ੍ਰਕਾਸ਼ ਵਿਚ ਨਾ ਲਿਆਏ ਹੋਣ। ਬੁਧ ਧਰਮ ਇਕ ਸੰਪੂਰਣ ਧਰਮ ਹੈ।' ਮਾਰਕਸਵਾਦ ਦੇ ਮੁਕਾਬਲੇ ਬੁਧ ਧਰਮ ਉਨ੍ਹਾਂ ਨੂੰ ਇਸ ਲਈ ਪਸੰਦ ਸੀ ਕਿਉਂਕਿ ਬੁਧ ਧਰਮ ਦਾ ਆਧਾਰ ਅਹਿੰਸਾ ਹੈ। ਮਾਰਕਸਵਾਦ ਨੂੰ ਹਿੰਸਾਤਮਿਕ ਸਾਧਨਾਂ ਨਾਲ ਕ੍ਰਾਂਤੀ ਵਿਚ ਕੋਈ ਪਰਹੇਜ਼ ਨਹੀ ਹੈ ਜਦਕਿ ਬੁਧ, ਪ੍ਰੇਮ, ਅਹਿੰਸਾ, ਸ਼ਾਂਤੀ ਦੇ ਜ਼ਰੀਏ ਪਰਿਵਰਤਨ ਚਾਹੁੰਦੇ ਸਨ।

ਦੂਜੇ ਮਹਾਂਯੁੱਧ ਤੋਂ ਬਾਅਦ ਚੀਨ, ਵੀਅਤਨਾਮ, ਲਾਓਸ ਆਦਿ ਦੇਸ਼ਾਂ ਵਿਚ ਸਾਮਵਾਦੀ ਸ਼ਾਸਨ ਦੀ ਸਥਾਪਨਾ ਹੋਈ। ਇਨ੍ਹਾਂ ਦੇਸ਼ਾਂ ਦੀ ਜ਼ਿਆਦਾਤਰ ਜਨਤਾ ਬੁਧ ਧਰਮ ਦੀ ਪੈਰੋਕਾਰ ਸੀ। ਚੀਨ ਵਰਗੇ ਵਿਸ਼ਾਲ ਦੇਸ਼ ਵਿਚ ਬੁਧ ਧਰਮ ਸਾਮਵਾਦ ਦੀ ਸਥਾਪਨਾ ਦੇ ਮਾਰਗ ਵਿਚ ਰੁਕਾਵਟ ਨਹੀਂ ਬਣਿਆ। ਡਾ. ਅੰਬੇਦਕਰ ਦਾ ਵਿਚਾਰ ਸੀ ਕਿ ਬੁਧਵਾਦ ਹੀ ਮਾਰਕਸਵਾਦ ਦਾ ਬਦਲ ਹੈ। ਆਪਣੇ ਅਨੁਆਈਆਂ ਨੂੰ ਡਾ. ਅੰਬੇਦਕਰ ਨੇ ਕਿਹਾ- 'ਸਮਤਾਵਾਦੀ ਸਫਲਤਾਵਾਂ ਨਾਲ ਲਲਚਾਉਣਾ ਨਹੀਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਸਭ ਸਰੀਰਾਂ ਵਿਚੋਂ ਇਕ ਬੁਧ ਵਾਂਗ ਚਰਾਗ ਹੋ ਜਾਈਏ ਤਾਂ ਉਨ੍ਹਾਂ ਹੀ ਮਾਰਕਸਵਾਦੀ ਸਫਲਤਾਵਾਂ ਨੂੰ ਪ੍ਰੇਮ ਅਥਵਾ ਸਦਭਾਵਨਾ ਨਾਲ ਲਿਆ ਸਕਦੇ ਹਾਂ।

ਇਸ ਲਈ ਡਾ. ਅੰਬੇਦਕਰ ਚਾਹੁੰਦੇ ਸਨ ਕਿ ਭਾਰਤ ਦੇ ਦਲਿਤ ਵਰਗ ਬੁਧ ਸਮਾਜ ਵਿਚ ਸੰਗਠਿਤ ਹੋਣ ਨਾ ਕਿ ਸਾਮਵਾਦੀ ਦਲ ਦੇ ਪਿੱਛੇ ਲੱਗਣ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬੁਧ ਧਰਮ ਅਪਣਾ ਕੇ ਹੀ ਸ਼ੋਸ਼ਿਤ, ਪੀੜਤ ਵਰਗ ਆਪਣੇ ਦੁੱਖਾਂ ਨੂੰ ਦੂਰ ਕਰ ਸਕਦਾ ਹੈ ਅਤੇ ਸਮਤਾਪੂਰਣ ਸਮਾਜ ਦੀ ਸਥਾਪਨਾ ਕਰ ਸਕਦਾ ਹੈ। ਉਹ ਸਾਮਵਾਦੀਆਂ ਨੂੰ ਵੀ ਅਪੀਲ ਕਰਦੇ ਸਨ ਕਿ ਉਹ ਬੁਧ ਧਰਮ ਦਾ ਅਧਿਐਨ ਕਰਨ ਜਿਸ ਨਾਲ ਕਿ ਉਹ ਜਾਣ ਸਕਣ ਕਿ ਮਾਨਵਤਾ ਦੇ ਦੁੱਖਾਂ ਦਾ ਅੰਤ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਕੁਬੇਰ ਦੇ ਮੱਤ ਅਨੁਸਾਰ- 'ਮਾਰਕਸਵਾਦ ਸਮਾਜ ਦੇ ਸੰਗਠਨ ਲਈ ਅਮੂਰਤ ਸਿਧਾਂਤਾਂ ਦਾ ਪ੍ਰਤੀਪਾਲਨ ਨਹੀਂ ਕਰਦਾ। ਇਹ ਸਮਾਜਕ ਸੰਗਠਨ ਨੂੰ ਵਿਸ਼ੇਸ਼ ਸਥਾਨ ਅਤੇ ਕਾਲ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ। ਮਾਰਕਸਵਾਦੀ ਸਿਧਾਂਤ ਜੋ ਵਾਸਤਵਿਕ ਅਨੁਭਵ ਉਪਰ ਉਸਰਿਆ ਹੋਇਆ ਹੈ, ਸਮਾਜ ਦੇ ਕਿਰਤੀ ਵਰਗਾਂ ਦਾ ਪਥ ਪ੍ਰਦਰਸ਼ਨ ਕਰਦਾ ਹੈ ਜੋ ਅਟੱਲ ਰੂਪ ਵਿਚ ਸਮਾਜਵਾਦ ਵੱਲ ਲੈ ਜਾਂਦਾ ਹੈ।' ਪਰ ਅੰਬੇਦਕਰ ਨੇ ਇਸ ਸਿਧਾਂਤ ਨੂੰ ਨਹੀਂ ਮੰਨਿਆ। ਉਨ੍ਹਾਂ ਦੇ ਵਿਹਾਰ ਨੇ ਉਨ੍ਹਾਂ ਨੂੰ ਇਸ ਨਾਲੋਂ ਅਲੱਗ ਕਰ ਦਿਤਾ ਅਤੇ ਕਿਸੇ ਵੀ ਪ੍ਰੋਗਰਾਮ ਤੋਂ ਬਿਨਾਂ ਹੀ ਉਨ੍ਹਾਂ ਨੇ ਬੁਧ ਧਰਮ ਅਪਣਾ ਲਿਆ। ਇਹ ਸਮਝ ਵਿਚ ਨਹੀਂ ਆਉਂਦਾ ਕਿ ਧਰਮ ਨੂੰ ਮਾਰਕਸਵਾਦ ਦਾ ਬਦਲ ਬਣਾ ਕੇ ਸਮਾਜਵਾਦ ਦੀ ਸਥਾਪਨਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਇਹ ਆਤਮ ਭਰਮ ਹੈ ਅਤੇ ਕਿਰਤੀਆਂ ਤੇ ਕਿਸਾਨਾਂ ਦੇ ਸੰਪੂਰਣ ਅੰਦੋਲਨ ਨੂੰ ਪ੍ਰਤੀਕਿਰਿਆਵਾਦੀ ਤੇ ਤੱਤਵਾਦੀ ਧਾਰਾਵਾਂ ਵਿਚ ਢਾਲਣ ਦੇ ਸਮਾਨ ਹੈ।

ਖੁਦ ਡਾ. ਭੀਮਰਾਓ ਅੰਬੇਦਕਰ ਨੇ ਬੁਧ ਅਤੇ ਮਾਰਕਸ ਵਿਚ ਅਨੇਕ ਸਮਾਨਤਾਵਾਂ ਦਾ ਉਲੇਖ ਕੀਤਾ ਹੈ। ਉਨ੍ਹਾਂ ਨੇ ਸਵੀਕਾਰ ਕੀਤਾ ਹੈ ਕਿ ਬੁਧ ਅਤੇ ਮਾਰਕਸ ਦਾ ਉਦੇਸ਼ ਸਮਾਨ ਸੀ। ਮਾਰਕਸ ਨੇ ਕਿਹਾ ਸੀ ਕਿ ਨਿੱਜੀ ਸੰਪਤੀ ਦਾ ਅਧਿਕਾਰ ਦੁੱਖ ਦਾ ਕਾਰਨ ਹੈ। ਇਸ ਦਾ ਨਤੀਜਾ ਹੈ ਸ਼ੋਸ਼ਣ, ਦੁੱਖ ਅਤੇ ਦਾਸਤਾ। ਬੁਧ ਵੀ ਦੁੱਖ ਨੂੰ ਦੂਰ ਕਰਨਾ ਚਾਹੁੰਦੇ ਸਨ ਅਤੇ ਦੁੱਖ ਸ਼ਬਦ ਦਾ ਪ੍ਰਯੋਗ ਵੀ ਬੁਧ ਧਰਮ ਵਿਚ ਸੰਪਤੀ ਦੇ ਅਰਥ ਵਿਚ ਪੇਸ਼ ਹੋਇਆ ਹੈ। ਤਥਾਗਤ ਦੇ ਅਨੁਸਾਰ ਹਰੇਕ ਵਸਤੂ ਨਾਸ਼ਵਾਨ ਹੈ। ਇਸ ਲਈ ਸੰਪਤੀ ਲਈ ਕੋਈ ਸੰਘਰਸ਼ ਨਹੀਂ ਹੋਣਾ ਚਾਹੀਦਾ। ਜੇਕਰ ਨਿੱਜੀ ਸੰਪਤੀ ਦੇ ਨਿਸ਼ੇਧ ਦਾ ਸਿਧਾਂਤ ਸੰਪੂਰਣ ਸਮਾਜ ਉਪਰ ਲਾਗੂ ਕੀਤਾ ਜਾਂਦਾ ਹੈ ਤਾਂ ਬੁਧ ਨਿਜੀ ਸੰਪਤੀ ਦੇ ਖਾਤਮੇ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਬਣਨਗੇ।

ਵਾਸਤਵ ਵਿਚ ਬੁਧ ਧਰਮ, ਮਾਰਕਸਵਾਦ ਅਤੇ ਡਾ. ਅੰਬੇਦਕਰ ਦੇ ਨਿਸ਼ਾਨਿਆਂ ਅਤੇ ਉਦੇਸ਼ਾਂ ਵਿਚ ਸਮਾਨਤਾ ਹੈ। ਬੁਧ ਧਰਮ ਤੇ ਮਾਰਕਸਵਾਦ ਦੋਵੇਂ ਆਤਮਾ ਤੇ ਈਸ਼ਵਰ ਵਿਚ ਵਿਸ਼ਵਾਸ ਨਹੀਂ ਕਰਦੇ, ਦੋਨਾਂ ਦਾ ਉਦੇਸ਼ ਸਮਾਜ ਦੇ ਸ਼ੋਸ਼ਿਤ ਪੀੜਤ ਜਨਾਂ ਦੀ ਮੁਕਤੀ ਹੈ, ਦੋਵੇਂ ਸਮਾਜ ਵਿਚ ਵਿਆਪਤ ਦੁੱਖ ਨੂੰ ਦੂਰ ਕਰਨਾ ਚਾਹੁੰਦੇ ਸਨ। ਦੋਵੇ. ਵਿਵੇਕ ਅਥਵਾ ਤਰਕ ਵਿਚ ਵਿਸ਼ਵਾਸ ਕਰਦੇ ਹਨ। ਇਹ ਸਹੀ ਹੈ ਕਿ ਮਾਰਕਸਵਾਦ ਜਿਸ ਹੱਦ ਤਕ ਭੌਤਿਕਵਾਦ ਵਿਚ ਵਿਸ਼ਵਾਸ ਕਰਦਾ ਹੈ, ਉਸ ਹੱਦ ਤਕ ਬੁਧਵਾਦ ਨਹੀਂ ਕਰਦਾ। ਇਸ ਦੇ ਬਾਵਜੂਦ ਬੁਧ ਅਤੇ ਮਾਰਕਸਵਾਦ ਵਿਚ ਸੁਮੇਲ ਕੀਤਾ ਜਾ ਸਕਦਾ ਹੈ। ਚੀਨ ਅਤੇ ਵੀਅਤਨਾਮ ਨੇ ਇਹ ਸੁਮੇਲ ਕਰਕੇ ਦਿਖਾਇਆ ਹੈ। ਉਥੋਂ ਦੀ ਜਨਤਾ ਬੁਧ ਧਰਮ ਨੂੰ ਮੰਨਦੀ ਹੈ ਅਤੇ ਮਾਰਕਸਵਾਦ ਵਿਚ ਵਿਸ਼ਵਾਸ ਕਰਦੀ ਹੈ। ਬੁਧਵਾਦ ਮਾਰਕਸਵਾਦ ਦਾ ਬਦਲ ਨਹੀਂ ਹੈ। ਬਲਕਿ ਦੋਵੇਂ ਇਕ ਦੂਜੇ ਦੇ ਪੂਰਕ ਅਥਵਾ ਸਹਿਯੋਗੀ ਬਣਕੇ ਹੀ ਸਮਾਜਿਕ ਕ੍ਰਾਂਤੀ ਦੀ ਦਿਸ਼ਾ ਨੂੰ ਅਗੇ ਵਧਾ ਸਕਦੇ ਹਨ।

## ਸਤਿਕਾਰਤ ਪੇਸ਼ੇ ਅਤੇ ਨਿੱਜੀ ਪੂੰਜੀ

'ਜਿਨ੍ਹਾਂ ਪੇਸ਼ਿਆਂ ਸਬੰਧੀ ਹੁਣ ਤਕ ਲੋਕਾਂ ਦੇ ਮਨਾਂ ਅੰਦਰ ਸ਼ਰਧਾ ਦੀ ਭਾਵਨਾ ਸੀ, ਉਨ੍ਹਾਂ ਸਾਰਿਆਂ ਦਾ ਜਲੌਅ ਪੂੰਜੀਵਾਦੀ ਵਰਗ ਨੇ ਖੋਹ ਲਿਆ ਹੈ। ਡਾਕਟਰ, ਵਕੀਲ, ਪੁਰੋਹਿਤ, ਕਵੀ ਅਤੇ ਵਿਗਿਆਨਕ ਸਭ ਨੂੰ ਉਸ ਨੇ ਆਪਣਾ ਤਜਾਰਤੀ ਮਜ਼ਦੂਰ ਬਣਾ ਲਿਆ ਹੈ।'

ਕਾਰਲ ਮਾਰਕਸ ਦੀ ਇਹ ਭਵਿੱਖਬਾਣੀ ਅੱਜ ਸੱਚ ਸਾਬਤ ਹੋ ਰਹੀ ਹੈ। ਡਾਕਟਰ ਆਪਣੀ ਮਾਨਵ ਜਾਤੀ ਦੇ ਸੇਵਾ ਕਰਨ ਦੇ ਫਰਜ਼ ਨੂੰ ਭੁੱਲ ਕੇ ਰਾਤ ਦਿਨ ਪੈਸੇ ਕਮਾ ਰਹੇ ਹਨ। ਉਨ੍ਹਾਂ ਲਈ ਮਰੀਜ਼ ਹੁਣ ਆਦਮੀ ਨਹੀਂ ਰਹਿ ਗਿਆ ਸਗੋਂ ਇਕ ਅਜਿਹੀ ਪੈਸੇ ਦੀ ਗਠੜੀ ਬਣ ਗਿਆ ਹੈ, ਜਿਸ ਨੂੰ ਪਾਉਣਾ ਉਸਦਾ ਉਦੇਸ਼ ਹੈ। ਇਸ ਲਈ ਰਾਤੋ ਰਾਤ ਹਸਪਤਾਲ ਬਣ ਰਹੇ ਹਨ, ਬਿਮਾਰੀਆਂ ਵਧ ਰਹੀਆਂ ਹਨ। ਵਕੀਲ ਆਪਣੀ ਨੈਤਿਕਤਾ ਨੂੰ ਭੁੱਲ ਕੇ ਦਲਾਲ ਬਣ ਗਏ ਹਨ, ਜਿਨ੍ਹਾਂ ਦਾ ਉਦੇਸ਼ ਮਾਤਰ ਪੈਸਾ ਕਮਾਉਣਾ ਰਹਿ ਗਿਆ ਹੈ। ਕਾਲਾ ਕੋਟ ਹੁਣ ਉਨ੍ਹਾਂ ਦੇ ਕਾਲੇ ਧੰਦੇ ਦੀ ਨਿਸ਼ਾਨੀ ਬਣ ਚੁੱਕਾ ਹੈ। ਪੁਰੋਹਿਤ ਵਰਗ ਲਗਾਤਾਰ ਪਾਖੰਡ ਫੈਲਾਅ ਰਿਹਾ ਹੈ ਅਤੇ ਲੋਕਾਂ ਨੂੰ ਡਰਾ ਰਿਹਾ ਹੈ ਤਾਂ ਕਿ ਉਹ ਉਨ੍ਹਾਂ ਦੀ ਸ਼ਰਣ ਵਿਚ ਜਾਣ ਤੇ ਉਹ ਉਨ੍ਹਾਂ ਤੋਂ ਮਾਲ ਖਿੱਚਣ। ਹੁਣ ਵਿਗਿਆਨਿਕ ਬਣਨਾ ਕੋਈ ਨਹੀਂ ਚਾਹੁੰਦਾ ਕਿਉਂਕ ਵਿਗਿਆਨਕ ਜੀਵਨ ਦੀ ਕਠਿਨ ਸਾਧਨਾ ਕਿਸੇ ਦੇ ਵੱਸ ਦੀ ਗੱਲ ਨਹੀਂ ਰਹਿ ਗਈ ਅਤੇ ਜੋ ਬਣ ਰਹੇ ਹਨ, ਉਨ੍ਹਾਂ ਵਿਚ ਕਿੰਨੇ ਅਜਿਹੇ ਹਨ ਜਿਹੜੇ ਇਨਾਮਦਾਰੀ ਨਾਲ ਆਪਣੇ ਖੋਜ ਕਾਰਜ ਵਿਚ ਲੱਗੇ ਹੋਏ ਹਨ। ਪ੍ਰਾਧਿਆਪਕਾਂ ਨੂੰ ਵੀ ਇਸ ਪੂੰਜੀਵਾਦ ਨੇ ਉਜਰਤੀ ਮਜ਼ਦੂਰ ਬਣਾ ਦਿਤਾ ਹੈ, ਪੜ੍ਹਨ ਲਿਖਣ ਨਾਲ ਉਨ੍ਹਾਂ ਦਾ ਦੂਰ ਦਾ ਵੀ ਸਬੰਧ ਨਹੀਂ ਰਹਿ ਗਿਆ। ਆਪਣੀ ਪੇਸ਼ੇਗਤ ਇਮਾਨਦਾਰੀ ਨੂੰ ਭੁਲਾ ਕੇ ਉਹ ਪੂੰਜੀਪਤੀਆਂ, ਠੇਕੇਦਾਰਾਂ ਅਤੇ ਸ਼ਰਾਬ ਦੇ ਤਸਕਰਾਂ ਨਾਲ ਆਪਣੇ ਮਕਾਨ, ਕਾਰ ਅਤੇ ਬੈਂਕ ਬੈਲੇਂਸ ਦੀ ਤੁਲਨਾ ਕਰ ਰਹੇ ਹਨ। ਮਾਰਕਸ ਦੀ ਦ੍ਰਿਸ਼ਟੀ ਬਹੁਤ ਤੀਖਣ ਸੀ, ਉਹ ਆਪਣੇ ਸਮੇਂ ਨੂੰ ਹੀ ਨਹੀਂ ਸਗੋਂ ਭਵਿੱਖ ਦੇ ਸਮਾਜ ਨੂੰ ਵੀ ਦੇਖ ਰਹੇ ਸਨ, ਪੂੰਜੀ ਦੇ ਵਿਨਾਸ਼ਕਾਰੀ ਨਤੀਜਿਆਂ ਨੂੰ। ਪੂੰਜੀ ਦੀ ਹੋੜ ਆਦਮੀ ਨੂੰ ਪਸ਼ੂ ਤੋਂ ਵੀ ਬੁਰਾ ਬਣਾ ਦਿੰਦੀ ਹੈ। ਕਹਿਣ ਦੀ ਲੋੜ ਨਹੀਂ ਕਿ ਸਾਡੇ ਸਮਾਜ ਵਿਚ ਕਿੰਨੇ ਪ੍ਰਕਾਰ ਦੇ ਵਿਭਚਾਰ ਹੋ ਰਹੇ ਹਨ, ਕਿੰਨੇ ਪਖੰਡੀ ਅਨਾਚਾਰ ਦੀ ਮਾਲਾ ਜਪ ਕੇ ਅੱਗੇ ਵਧ ਰਹੇ ਹਨ ਅਤੇ ਰਾਜਨੇਤਾ ਸਫੈਦ ਕਪੜਿਆਂ ਦੇ ਹੇਠਾਂ ਕਾਲਖ ਨਾਲ ਲਿਬੜੇ ਹੋਏ ਹਨ। ਇਹ ਪੂੰਜੀ ਦਾ ਆਪਣਾ ਪ੍ਰਭਾਵ ਹੈ, ਇਸ ਲਈ ਮਾਰਕਸ ਨਿੱਜੀ ਪੂੰਜੀ ਦਾ ਹਮੇਸ਼ਾ ਵਿਰੋਧ ਕਰਦੇ ਰਹੇ ਅਤੇ ਉਨ੍ਹਾਂ ਦਾ ਜ਼ੋਰ ਸਮੂਹਿਕ ਸੰਪਤੀ ਉਪਰ ਸੀ। ਨਿੱਜੀ ਪੂੰਜੀ ਅਨਾਚਾਰ ਨੂੰ ਜਨਮ ਦਿੰਦੀ ਹੈ ਅਤੇ ਸਮੂਹਿਕ ਪੂੰਜੀ ਉਸ ਅਨਾਚਾਰ ਨੂੰ ਖਤਮ ਕਰਦੀ ਹੈ।

## ਵਿਸ਼ਵੀਕਰਨ ਜਾਂ ਉਤਰ-ਪੂੰਜੀਵਾਦ

ਅੱਜ ਜੋ ਉਤਰ-ਪੂੰਜੀਵਾਦ ਦੇ ਗੀਤ ਗਾਏ ਜਾ ਰਹੇ ਹਨ ਅਤੇ ਹਰ ਆਦਮੀ ਕਰੋੜਪਤੀ ਹੋਣ ਦਾ ਸੁਪਨਾ ਦੇਖ ਰਿਹਾ ਹੈ, ਮਾਰਕਸ ਇਹ ਸਭ ਜਾਣਦੇ ਸਨ। ਇਸ ਲਈ ਉਨ੍ਹਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਪੂੰਜੀਵਾਦ ਦੇ ਚੜ੍ਹਤ ਕਾਲ ਵਿਚ ਵੱਡੇ ਵਪਾਰੀ ਆਪਣਾ ਮਾਲ ਲੈ ਕੇ ਦੁਨੀਆ ਵਿਚ ਘੁੰਮਣਗੇ ਅਤੇ ਉਸ ਸਮੇਂ ਦੇਸ਼ ਦੀਆਂ ਸੀਮਾਵਾਂ ਆਪਣੇ ਆਪ ਖਤਮ ਹੋ ਜਾਣਗੀਆਂ। ਅੱਜ ਇਹੀ ਤਾਂ ਹੋ ਰਿਹਾ ਹੈ, ਇਸ ਵਿਚ ਨਵਾਂ ਕੀ ਹੈ।

# ...ਕਹਾਂ ਤੁਮ ਚਲੇ ਗਏ



ਜਗਜੀਤ ਸਿੰਘ ਅਤੇ ਚਿਤਰਾ ਸਿੰਘ ਆਪਣੇ ਬੱਚਿਆਂ ਨਾਲ।



ਬੇਟੇ ਵਿਵੇਕ ਅਤੇ ਜੀਵਨ ਸਾਥਣ ਚਿਤਰਾ ਸਿੰਘ ਨਾਲ



ਸ਼ਾਇਰੀ ਤੇ ਗਾਇਕੀ ਦਾ ਮੇਲ – ਜਾਵੇਦ ਅਖਤਰ ਨਾਲ।



23 ਸਤੰਬਰ ਨੂੰ ਜਗਜੀਤ ਸਿੰਘ ਨੇ ਮੁੰਬਈ ਦੇ ਸ਼ਣਮੁਖਾ ਹਾਲ ਵਿਚ ਪ੍ਰੋਗਰਾਮ ਦੇਣਾ ਸੀ, ਇਸੇ ਦਿਨ ਉਨ੍ਹਾਂ ਨੂੰ ਬ੍ਰੇਨ ਹੈਮਰੇਜ ਦਾ ਦੌਰਾ ਪਿਆ। ਉਨ੍ਹਾਂ ਨੂੰ ਲੀਲਾਵਤੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿਥੇ ਉਨ੍ਹਾਂ ਦੇ ਦਿਮਾਗ ਦਾ ਅਪਰੇਸ਼ਨ ਹੋਇਆ ਤੇ ਉਨ੍ਹਾਂ ਦੀ ਹਾਲਤ ਵਿਚ ਕੁਝ ਸੁਧਾਰ ਹੋਇਆ ਪਰ ਅਚਾਨਕ ਦਿਮਾਗ ਨੂੰ ਸੋਜ਼ ਆ ਗਈ ਅਤੇ ਉਹ ਕੋਮਾ ਵਿਚ ਚਲੇ ਗਏ ਤੇ ਆਖ਼ਰ 10 ਅਕਤੂਬਰ ਦੀ ਸਵੇਰ ਉਨ੍ਹਾਂ ਨੇ ਆਖ਼ਰੀ ਸਾਹ ਲਿਆ, ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣ ਦੇ ਫਿਲਮ ਨਗਰੀ ਮੁੰਬਈ ਸਮੇਤ ਦੁਨੀਆ ਭਰ ਵਿਚ ਫੈਲੇ ਹੋਏ ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਸ਼ੋਕ ਦੀ ਲਹਿਰ ਦੌੜ ਗਈ। ਭਾਰਤ ਦੀ ਕੋਇਲ ਲਤਾ ਮੰਗੇਸ਼ਕਰ ਨੇ ਜਗਜੀਤ ਸਿੰਘ ਦੇ ਸਦੀਵੀ ਵਿਛੋੜੇ 'ਤੇ ਸ਼ੋਕ ਪ੍ਰਗਟਾਉਂਦਿਆਂ ਕਿਹਾ ਕਿ ਉਸ ਦਾ ਚਲੇ ਜਾਣਾ ਸੰਗੀਤ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹ ਦਿਲੋਂ ਗਾਉਂਦੇ ਸਨ। ਜਗਜੀਤ ਸਿੰਘ ਦਾ ਪਰਿਵਾਰਕ ਪਿਛੋਕੜ ਪੰਜਾਬ ਦੇ ਰੋਪੜ ਜ਼ਿਲ੍ਹੇ ਦਾ ਸੀ, ਉਂਞ ਉਨ੍ਹਾਂ ਦਾ ਜਨਮ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲ੍ਹੇ ਦਾ ਸੀ, ਜਿਥੇ ਉਨ੍ਹਾਂ ਦੇ ਪਿਤਾ ਜੀ ਇੰਜੀਨੀਅਰ ਦੀ ਨੌਕਰੀ ਕਰਦੇ ਸਨ। ਆਪਣੀ ਗਾਇਕੀ ਦਾ ਸਫਰ ਉਨ੍ਹਾਂ ਨੇ ਗੁਰਮਤਿ ਸੰਗੀਤ ਤੋਂ ਅਰੰਭ ਕੀਤਾ। ਮਗਰੋਂ ਉਹ ਗ਼ਜ਼ਲ ਗਾਇਨ ਨਾਲ ਜੁੜ ਗਏ ਅਤੇ ਗ਼ਜ਼ਲ ਗਾਇਕ ਵਜੋਂ ਹੀ ਉਨ੍ਹਾਂ ਦੀ ਪ੍ਰਮੁੱਖ ਪਛਾਣ ਸਥਾਪਤ ਹੋਈ। ਉਨ੍ਹਾਂ ਨੇ ਨਜ਼ਮ, ਗੀਤ, ਭਜਨ, ਸ਼ਬਦ ਆਦਿ ਵੀ ਰਿਕਾਰਡ ਕਰਵਾਏ, ਇਹ ਲੋਕਪ੍ਰਿਯ ਵੀ ਹੋਏ ਪਰ ਆਪਣੀ ਗਾਇਕੀ ਲਈ ਉਨ੍ਹਾਂ ਨੂੰ ਲੋਕ ਖਿਤਾਬ 'ਗ਼ਜ਼ਲ ਸਮਰਾਟ' ਦਾ ਹੀ ਮਿਲਿਆ। ਜਗਜੀਤ ਸਿੰਘ ਦੇ ਚਲਾਣੇ 'ਤੇ ਉਨ੍ਹਾਂ ਨੂੰ 'ਗਾਇਕੀ ਦੇ ਅੰਬਰ ਦਾ ਧਰੂ ਤਾਰਾ' 'ਗ਼ਜ਼ਲ ਗਾਇਕੀ ਦੇ ਅੰਬਰ ਦਾ ਚਮਕਦਾ ਸੂਰਜ' ਆਦਿ ਵਿਸ਼ੇਸ਼ਲਣਾ ਨਾਲ ਯਾਦ ਕੀਤਾ ਗਿਆ ਤੇ ਜਿਸ ਤਰ੍ਹਾਂ ਦਾ ਗਮਗੀਨ ਮਾਹੌਲ ਬਣਿਆ ਉਹ ਉਨ੍ਹਾਂ ਦੀ ਵਿਆਪਕ ਸਵੀਕ੍ਰਿਤੀ ਦਾ ਜਿਉਂਦਾ ਜਾਗਦਾ ਪ੍ਰਮਾਣ ਸੀ।



ਆਸ਼ਾ ਭੌਂਸਲੇ ਅਤੇ ਸਾਥੀਆਂ ਨਾਲ ਇਕ ਗੀਤ ਦੀ ਰਿਹਰਸਨ ਦੌਰਾਨ ਜਗਜੀਤ ਸਿੰਘ

ਡੀ.ਏ.ਵੀ. ਕਾਲਜ ਜਲੰਧਰ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਗਾਇਕ ਦੀਆਂ ਮੁਢਲੀਆਂ ਮਸ਼ਕਾਂ ਕਰਨ ਉਪਰੰਤ ਜਗਜੀਤ ਸਿੰਘ ਨੇ 1965 ਵਿਚ ਮੁੰਬਈ ਵੱਲ ਰੁਖ਼ ਕੀਤਾ। 'ਅਨਫਾਰਗੈਟੇਬਲ' ਉਨ੍ਹਾਂ ਦੀ ਪਹਿਲੀ ਸੰਗੀਤਕ ਐਲਬਮ ਸੀ। 'ਅਸ਼ੀਰਵਾਦ' ਉਨ੍ਹਾਂ ਦੀ ਪਹਿਲੀ ਫਿਲਮ ਸੀ। ਉਨ੍ਹਾਂ ਦਾ ਫ਼ਿਲਮੀ ਅਤੇ ਗੈਰ ਫ਼ਿਲਮੀ ਸੰਗੀਤ ਭਾਵੇਂ ਬਰਾਬਰ ਹੀ ਮਕਬੂਲ ਹੋਇਆ ਪਰ ਹਿੰਦੀ ਫਿਲਮਾਂ ਲਈ ਉਸ ਦੇ ਗੀਤ 'ਹੋਠੋਂ ਸੇ ਛੂ ਲੋ ਤੁਮ....' ਅਤੇ 'ਤੁਮ ਜੋ ਇਸ ਤਰਹ ਮੁਸਕਰਾ ਰਹੇ ਹੋ, ਕਿਆ ਗ਼ਮ ਹੈ ਜੋ ਛੁਪਾ ਰਹੇ ਹੋ' ਆਦਿ ਹਰ ਵਰਗ ਦੇ ਸਰੋਤਿਆਂ ਦੁਆਰਾ ਸਲਾਹੇ ਗਏ। ਨਿਰੋਲ ਫਿਲਮੀ ਸੰਗੀਤ ਦੀ ਚੜ੍ਹਤ ਦੇ ਦੌਰ ਵਿਚ ਗ਼ਜ਼ਲ ਗਾਇਕੀ ਨੂੰ ਜਿਉਂਦੇ ਰੱਖਣਾ ਆਪਣੇ ਆਪ ਵਿਚ ਹੀ ਇਕ ਵੱਡੀ ਚੁਨੌਤੀ ਸੀ। ਜਗਜੀਤ ਸਿੰਘ ਨੇ ਨਾ ਕੇਵਲ ਗ਼ਜ਼ਲ ਗਾਇਕੀ ਨੂੰ ਜ਼ਿੰਦਾ ਰਖਿਆ ਸਗੋਂ ਬੁਲੰਦੀ 'ਤੇ ਵੀ ਪਹੁੰਚਾਇਆ।

ਜਗਜੀਤ ਸਿੰਘ ਦੀ ਗਾਇਕੀ ਅਤੇ ਸੁਦਰਸ਼ਨ ਫ਼ਾਕਿਰ ਦੀ ਸ਼ਾਇਰੀ ਦੇ ਸਯੋਗ ਤੋਂ ਜਿਥੇ ਜਗਜੀਤ ਸਿੰਘ ਦੀ ਗਾਇਕੀ ਵਿਚ ਜਾਦੂਈ ਪ੍ਰਭਾਵ ਪੈਦਾ ਹੋਇਆ ਉਥੇ ਜਗਜੀਤ ਸਿੰਘ ਦੀ ਗਾਇਕੀ ਨੂੰ ਇਕ ਸਾਰਥਕ ਦਿਸ਼ਾ ਵੀ ਹਾਸਲ ਹੋਈ। ਅਰਬੀ ਫਾਰਸੀ ਸ਼ਬਦਾਵਲੀ ਨਾਲ ਲੱਦੀ ਗ਼ਜ਼ਲ ਗਾਇਕੀ ਨਾਲੋਂ ਜਗਜੀਤ ਸਿੰਘ ਨੇ ਆਪਣੀ ਗ਼ਜ਼ਲ ਗਾਇਕ ਨੂੰ ਵਿੱਥ 'ਤੇ ਕਰ ਲਿਆ ਤਾਂ ਕਿ ਗ਼ਜ਼ਲ ਲੋਕਾਂ ਦੀ ਸਮਝ ਵਿਚ ਆ ਸਕੇ। ਇੰਜ ਹੀ ਹੋਇਆ ਤੇ ਮਗਰੋਂ ਜਗਜੀਤ ਸਿੰਘ ਦੀ ਵੱਧ ਤੋਂ ਵੱਧ ਕੋਸ਼ਿਸ਼ ਰਹੀ ਕਿ ਗਾਇਨ ਲਈ ਅਜਿਹੀ ਗ਼ਜ਼ਲ ਅਤੇ ਨਜ਼ਮ ਚੁਣੀ ਜਾਵੇ ਜਿਹੜੀ ਖਿਆਲ ਪੱਖੋਂ ਤਾਂ ਉੱਚ ਪਾਏ ਦੀ ਹੋਵੇ ਹੀ ਨਾਲ ਹੀ ਲੋਕਾਂ ਨੂੰ ਆਸਾਨੀ ਨਾਲ ਸਮਝ ਆਉਣ ਵਾਲੀ ਵੀ ਹੋਵੇ। ਉਸ ਨੇ ਹਮੇਸ਼ਾ ਸ਼ਾਇਰੀ ਨੂੰ ਮੁੱਖ ਰੱਖਿਆ ਨਾ ਕਿ ਸ਼ਾਇਰ ਨੂੰ।

ਗ਼ਜ਼ਲ ਇਕ ਤਹਿਜ਼ੀਬਯਾਬਤਾ ਕਾਵਿ ਰੂਪ ਹੈ ਤੇ ਗਾਇਕ ਅਥਵਾ ਪੇਸ਼ਕਾਰੀ ਵਿਚ ਵੀ ਇਕ ਵਿਸ਼ੇਸ਼ ਸਲੀਕੇ, ਗਹਿਰੇ, ਧੀਮੇ ਤੇ ਮਧੁਰ ਸੁਰ ਦੀ ਮੰਗ ਵੀ ਕਰਦੀ ਹੈ। ਇਸ ਮਾਮਲੇ ਵਿਚ ਜਗਜੀਤ ਸਿੰਘ ਉਪਰ ਕੁਦਰਤ ਦੀ ਭਰਪੂਰ ਬਖ਼ਸ਼ਿਸ਼ ਸੀ। ਉਨ੍ਹਾਂ ਦੀ ਗਾਇਕੀ ਦੀ ਆਪਣੀ ਇਕ ਵਖਰੀ ਪਛਾਣ ਸੀ। ਜੇਕਰ ਗ਼ਜ਼ਲ ਗਾਇਕੀ ਦੇ ਇਤਿਹਾਸ ਵਿਚ ਪਿਛਲੇ ਚਾਰ ਦਹਾਕਿਆਂ ਨੂੰ (ਭਾਰਤ ਵਿਚ) ਜਗਜੀਤ ਸਿੰਘ ਦਾ ਯੁੱਗ ਗਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਮੁੰਬਈ ਜਾ ਕੇ ਫਿਲਮਾਂ ਵਿਚ ਸੰਗੀਤਕਾਰ ਵਜੋਂ ਆਪਣੀ ਥਾਂ ਬਣਾਉਣ ਦਾ ਵੀ ਜਗਜੀਤ ਸਿੰਘ ਨੇ ਯਤਨ ਕੀਤਾ ਪਰ ਸਫਲਤਾ ਨਾ ਮਿਲੀ, ਚਿਤਰਾ ਨਾਲ ਵਿਆਹ ਕਰਵਾਇਆ ਤੇ ਦੋਵਾਂ ਇਕੱਠਿਆਂ ਗਾਇਆ, ਜੋੜੀ ਖ਼ੂਬ ਜੰਮੀ। ਜਵਾਨ ਪੁੱਤ ਦੀ ਮੌਤ ਨੇ ਜਗਜੀਤ ਸਿੰਘ ਤੇ ਚਿਤਰਾ ਨੂੰ ਹਿਲਾ ਕੇ ਰੱਖ ਦਿਤਾ। ਚਿਤਰਾ ਸਿੰਘ ਦਾ ਗੁੰਮ ਸੁੰਮ ਹੀ ਹੋ ਗਈ ਤੇ ਉਸ ਨੇ ਗ਼ਜ਼ਲ ਗਾਇਕੀ ਦੇ ਖੇਤਰ ਵਿਚ ਚੁੱਪ ਹੀ ਵੱਟ ਲਈ, ਇਸ ਚੁੱਪ ਦੇ ਅਰਥ ਜਗਜੀਤ -ਚਿਤਰਾ ਦੀ ਅਣਬਣ ਦੇ ਰੂਪ ਵਿਚ ਵੀ ਸਾਹਮਣੇ ਆਏ ਪਰ ਸੁਦਰਸ਼ਨ ਫਾਕਿਰ ਦੀ ਪਤਨੀ ਸੁਦੇਸ਼ ਫਾਕਿਰ ਇਸ ਅਣਬਣ ਨੂੰ ਬਿਲਕੁਲ ਮਨਘੜਤ ਕਹਿੰਦੀ ਹੈ। ਦਰਅਸਲ, ਚਿਤਰਾ ਲਈ ਪੁੱਤ ਤੇ ਫਿਰ ਧੀ ਦਾ ਸਦੀਵੀ ਵਿਛੋੜਾ ਅਸਹਿ ਸੀ ਤੇ ਉਸ ਦੀ ਉਪਰਾਮਤਾ ਇਨ੍ਹਾਂ ਵਿਛੋੜਿਆਂ ਕਾਰਨ ਹੀ ਬਣੀ ਰਹੀ ਨਾ ਕਿ ਜਗਜੀਤ ਸਿੰਘ ਨਾਲ ਕਿਸੇ ਅਣਸੁਖਾਵੇਂ ਸਬੰਧ ਕਰਕੇ, ਉਂਞ ਵੀ ਜਿਸ ਤਰ੍ਹਾਂ ਦੀ ਜਗਜੀਤ ਸਿੰਘ ਦੀ ਸ਼ਖਸੀਅਤ ਸੀ, ਉਸ ਨਾਲ ਕਿਸੇ ਦੀ ਅਣਬਣ ਹੋ ਹੀ ਨਹੀਂ ਸੀ ਸਕਦੀ, ਚਿਤਰਾ ਸਿੰਘ ਤਾਂ ਫਿਰ ਵੀ ਉਸ ਦੀ ਪਿਆਰੀ ਜੀਵਨ ਸਾਥਣ ਸੀ।

ਜਗਜੀਤ ਸਿੰਘ ਨੇ ਗੁਲਜ਼ਾਰ, ਲਤਾ ਮੰਗੇਸ਼ਕਰ, ਜਾਵੇਦ ਅਖ਼ਤਰ ਨਾਲ ਯਾਦਗਾਰੀ ਐਲਬਮ ਕੀਤਾ। ਟੀ.ਵੀ. ਲੜੀਵਾਰ ਮਿਰਜ਼ਾ ਗਾਲਿਬ ਲਈ ਉਨ੍ਹਾਂ ਦੀਆਂ ਗਾਈਆਂ ਗ਼ਜ਼ਲਾਂ ਲਾਜਵਾਬ ਹੋ ਨਿੱਬੜੀਆਂ। ਹਿੰਦੀ ਫਿਲਮਾਂ ਲਈ ਗਾਏ ਗੀਤ ਇਕ ਤੋਂ ਬਾਅਦ ਇਕ ਹਿੱਟ ਹੁੰਦੇ ਗਏ। ਹਿੰਦੀ ਸਿਨੇ ਜਗਤ ਵਿਚ ਆਪਣੀ ਲੋਕਪ੍ਰਿਯਤਾ ਦੇ ਸਿਖਰ ਨੂੰ ਛੂੰਹਣ ਦੇ ਬਾਵਜੂਦ ਜਗਜੀਤ ਸਿੰਘ ਨੂੰ ਆਪਣਾ ਪੰਜਾਬੀ ਵਿਰਸਾ ਸਦਾ ਯਾਦ ਰਿਹਾ, ਉਨ੍ਹਾਂ ਨੇ ਸ਼ਿਵ, ਸੁਰਜੀਤ ਪਾਤਰ, ਹਸਨਪੁਰੀ ਦੇ ਗੀਤ ਬੜੇ ਹੀ ਲਗਾਉ ਨਾਲ ਗਾਏ ਤੇ ਪੰਜਾਬੀ ਵੀ ਉਨ੍ਹਾਂ ਉਪਰ ਬਰਾਬਰ ਮਾਣ ਕਰਦੇ ਰਹੇ। ਪੰਜਾਬ ਵਿਚ ਉਨ੍ਹਾਂ ਦੇ ਪ੍ਰੋਗਰਾਮ ਆਯੋਜਤ ਕੀਤਾ ਜਾਂਦੇ ਰਹੇ। ਉਨ੍ਹਾਂ ਵਿਦਿਅਕ ਸੰਸਥਾਵਾਂ ਨੇ ਵੀ ਉਨ੍ਹਾਂ ਨੂੰ ਆਪਣੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਬੁਲਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ ਗਾਇਨ ਦੀਆਂ ਮੁਢਲੀਆਂ ਮਸ਼ਕਾਂ ਕੀਤੀਆਂ ਸਨ। ਜਗਜੀਤ ਸਿੰਘ ਦੇ ਸਮਕਾਲੀ ਗ਼ਜ਼ਲ ਗਾਇਕ ਵੀ ਉਨ੍ਹਾਂ ਦੀ ਪ੍ਰਤਿਭਾ ਦੇ ਘੱਟ ਕਾਇਲ ਨਹੀਂ ਸਨ। ਗ਼ਜ਼ਲ ਉਸਤਾਦ ਗੁਲਾਮ ਅਲੀ ਨੇ ਤਾਂ ਇਕ ਵਾਰ ਇਥੋਂ ਤਕ ਵੀ ਕਿਹਾ ਸੀ ਕਿ ਇਹ ਤਾਂ ਹਿੰਦੁਸਤਾਨੀਆਂ ਦੀ ਦਰਿਆ ਦਿਲੀ ਹੈ ਜਿਹੜਾ ਉਹ ਸਾਨੂੰ (ਪਾਕਿਸਤਾਨੀ) ਗਾਇਕਾਂ ਨੂੰ ਮਾਣ ਬਖਸ਼ਦੇ ਹਨ ਜਦ ਕਿ ਉਨ੍ਹਾਂ ਕੋਲ ਆਪਣਾ ਆਪਣਾ ਜਗਜੀਤ ਸਿੰਘ ਹੈ!

ਨ.ਦ.ਬ.

*ਅਦਾਰਾ 'ਨਵੀਂ ਦੁਨੀਆ' ਪ੍ਰਸਿੱਧ ਗ਼ਜ਼ਲ ਗਾਇਕ ਜਗਜੀਤ ਸਿੰਘ ਦੇ ਸਦੀਵੀ ਵਿਛੋੜੇ' ਤੇ ਗਹਿਰੀ ਸ਼ੋਕ ਸੰਵੇਦਨਾ ਦਾ ਪ੍ਰਗਟਾਵਾ ਕਰਦਾ ਹੈ।*




## ਕੈਨੇਡਾ ਵਸਦੇ ਸ਼ਾਇਰ ਨਦੀਮ ਪਰਮਾਰ ਯਾਦ ਕਰਦੇ ਹਨ ਕਿ

ਉਨ੍ਹਾਂ ਦੀ ਗ਼ਜ਼ਲ ਜਗਜੀਤ ਸਿੰਘ ਦੀ ਐਲਬਮ 'ਲਵ ਇਜ਼ ਬਲਾਇੰਡ' ਵਿਚ ਰਿਕਾਰਡ ਹੋ ਕੇ ਇਸ ਦੇ ਮਕਬੂਲ ਹੋਣ ਤਕ ਉਹ ਤੇ ਜਗਜੀਤ ਸਿੰਘ ਇਕ ਦੂਸਰੇ ਨੂੰ ਮਿਲੇ ਤਕ ਵੀ ਨਹੀਂ ਸਨ ਤੇ ਨਾ ਹੀ ਸ਼ਾਇਰੀ ਬਾਰੇ ਉਨ੍ਹਾਂ ਦੀ ਆਪਸ ਵਿਚ ਕੋਈ ਗੱਲਬਾਤ ਹੋਈ ਸੀ। ਮਗਰੋਂ ਜਦੋਂ ਸੰਨ 2000 'ਚ ਜਗਜੀਤ ਸਿੰਘ ਕੁਇਨ ਅਲੈਜ਼ਬਿਥ ਥੀਏਟਰ ਵੈਨਕੂਵਰ, ਬੀ.ਸੀ. (ਕਨੇਡਾ) 'ਚ ਇਕ ਪ੍ਰੋਗਰਾਮ ਪੇਸ਼ ਕਰਨ ਆਏ ਤਾਂ ਉਨ੍ਹਾਂ ਉਚੇਚੇ ਤੌਰ 'ਤੇ ਨਦੀਮ ਪਰਮਾਰ ਨੂੰ ਮੰਚ 'ਤੇ ਬੁਲਾਕੇ ਆਪਣਾ ਸਤਿਕਾਰ ਜਤਾਇਆ।



ਨਦੀਮ ਪਰਮਾਰ ਨੂੰ ਲੋਕੀਂ ਪੁੱਛਦੇ ਸਨ ਕਿ ਉਨ੍ਹਾਂ ਕਿੰਨੇ ਪੈਸੇ ਦੇ ਕੇ ਜਗਜੀਤ ਸਿੰਘ ਦੀ ਆਵਾਜ਼ ਵਿਚ ਆਪਣੀ ਗ਼ਜ਼ਲ ਰਿਕਾਰਡ ਕਰਵਾਈ ਹੈ। ਨਦੀਮ ਪਰਮਾਰ ਕੀ ਦੱਸਦੇ, ਉਨ੍ਹਾਂ ਲਈ ਤਾਂ ਖ਼ੁਦ ਇਹ ਸਭ ਕੁਝ ਕਿਸੇ ਅਚੰਬੇ ਵਾਂਗ ਵਾਪਰਿਆ ਸੀ। ਬਾਅਦ ਵਿਚ ਜਾਣ ਪਛਾਣ ਵਧੀ ਤਾਂ ਜਗਜੀਤ ਸਿੰਘ ਨੇ ਦਸਿਆ ਕਿ ਨਦੀਮ ਪਰਮਾਰ ਦੀ ਪੁਸਤਕ ਉਨ੍ਹਾਂ ਨੂੰ ਕਨੇਡਾ ਵਿਚ ਹੋਏ ਕਿਸੇ ਪ੍ਰੋਗਰਾਮ ਤੋਂ ਵਾਪਸ ਪਰਤਣ ਸਮੇਂ ਇਕਬਾਲ ਮਾਹਲ ਨੇ ਦਿਤੀ ਸੀ। ਹਵਾਈ ਸਫਰ ਦੌਰਾਨ ਉਨ੍ਹਾਂ ਨੇ ਸਾਰੀ ਪੁਸਤਕ ਪੜ੍ਹ ਲਈ ਸੀ ਤੇ ਮੁੰਬਈ ਪਹੁੰਚਣ ਤਕ ਇਸ ਪੁਸਤਕ ਵਿਚੋਂ ਰਿਕਾਰਡ ਕਰਵਾਉਣ ਲਈ ਗ਼ਜ਼ਲ ਚੁਣ ਕੇ ਮਨੋਮਨੀ ਕੰਪੋਜ਼ ਵੀ ਕਰ ਲਈ ਸੀ। ਸੋ ਇਸ ਤਰ੍ਹਾਂ ਕਰਦੇ ਸਨ ਜਗਜੀਤ ਸਿੰਘ ਆਪਣੇ ਗਾਇਨ ਲਈ ਰਚਨਾਵਾਂ ਦੀ ਚੋਣ ਤੇ ਇਸ ਚੋਣ ਦੇ ਵਿਚ ਉਹ ਹਮੇਸ਼ਾ ਆਪਣੇ ਸਰੋਤੇ ਨੂੰ ਸ਼ਾਮਲ ਰੱਖਦੇ ਸਨ।

ਨਦੀਮ ਪ੍ਰਮਾਰ ਇਹ ਗੱਲ ਵੀ 'ਨਵੀਂ ਦੁਨੀਆ' ਦੇ ਪਾਠਕਾਂ ਨਾਲ ਬਹੁਤ ਮਾਣ ਨਾਲ ਸਾਂਝੀ ਕਰਨਾ ਚਾਹੁੰਦੇ ਹਨ ਕਿ ਜਦੋਂ ਸੰਨ 2005 ਵਿਚ ਲੰਡਨ ਵਿਖੇ ਬੀ.ਬੀ.ਸੀ. ਵਲੋਂ ਕੀਤੀ ਇੱਕ ਖਾਸ ਮੁਲਾਕਾਤ ਦੌਰਾਨ ਜਗਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਵਿਦੇਸ਼ ਵਸਦੇ ਗ਼ਜ਼ਲਕਾਰਾਂ 'ਚ ਉਨ੍ਹਾਂ ਦਾ ਨਾਮ ਲਿਆ ਤਾਂ ਉਹ ਪਲ ਬਹੁਤ ਖ਼ੁਸ਼ੀ ਵਾਲੇ ਸਨ।

ਇਉਂ ਯਾਦ ਕਰਦੇ ਨੇ ਆਪਣੇ ਵਿਛੜੇ ਸੱਜਣ ਜਗਜੀਤ ਸਿੰਘ ਨੂੰ ਨਦੀਮ ਪ੍ਰਮਾਰ

ਤੇਰੇ ਜਾਨੇ ਪੇ ਸੂਨਾ ਘਰ ਰੋਏ
ਤਾਕ ਸ਼ੀਸ਼ਾ ਦੀਵਾਰ-ਓ-ਦਰ ਰੋਏ

ਯੂੰ ਤੋ ਰੋਨੇ ਕੋ ਹਰ ਬਸ਼ਰ ਰੋਇਆ
ਹਾਂ ਮਗਰ ਹਮ ਆਸ਼ਫਿਤਾ ਸਰ ਰੋਏ

ਜਾਨੇ ਕਯਾ ਥਾ ਲਿਖਾ ਤਿਰੇ ਖਤ ਮੇਂ
ਦੇ ਕੇ ਖਤ ਮੁਝ ਕੋ ਨਾਮਾਬਰ ਰੋਏ

ਬਸਤੀਆਂ ਯੂੰ ਭੀ ਰੋਤੀ ਰਹਿਤੀ ਹੈਂ
ਕਯਾ ਹੁਆ ਆਜ ਸਭ ਨਗਰ ਰੋਏ

ਕੌਨ ਗੁਜ਼ਰਾ ਹੈ ਰਹਿਗੁਜ਼ਰ ਸੇ ਨਦੀਮ!
ਨਕ ਧੂਲ ਰਹਿਗੁਜ਼ਰ ਰੋਏ

# ਗ਼ਦਰ ਦਾ ਪੈਗਾਮ ਦਿੰਦਾ ਮੇਲਾ ਗ਼ਦਰੀ ਬਾਬਿਆਂ ਦਾ ਸਮਾਪਤ



ਡਾ. ਤੇਜਿੰਦਰ ਵਿਰਲੀ
ਮੋਬਾਇਲ : 94647-97400

ਜਿਹੜੀਆਂ ਕੌਮਾਂ ਆਪਣੇ ਗੌਰਵ ਮਈ ਵਿਰਸੇ ਤੋਂ ਅਗਵਾਈ ਲੈਂਦੀਆਂ ਹਨ ਭਵਿੱਖ ਹਮੇਸ਼ਾਂ ਉਨ੍ਹਾਂ ਦਾ ਹੀ ਹੁੰਦਾ ਹੈ। ਕਿਸੇ ਵੀ ਕੌਮ ਲਈ ਸ਼ਹੀਦਾਂ ਦੀਆਂ ਕੁਰਬਾਨੀਆਂ ਉਹ ਮੀਲ ਪੱਥਰ ਹੋਇਆ ਕਰਦੀਆਂ ਹਨ ਜਿਸ ਤੋਂ ਪ੍ਰੇਰਨਾਂ ਲੈ ਕੇ ਕੌਮਾਂ ਅਗਲੇਰੇ ਕਦਮ ਪੁੱਟਿਆ ਕਰਦੀਆਂ ਹਨ। ਜਿਹੜੇ ਲੋਕ ਆਪਣੇ ਗੌਰਵਮਈ ਇਤਿਹਾਸ ਪਾਸੋਂ ਅਗਵਾਈ ਲੈਂਦੇ ਹਨ ਉਹ ਨਾ ਕੇਵਲ ਭਵਿੱਖ ਨੂੰ ਬਾਖੂਬੀ ਨਾਲ ਸਮਝਣ ਦੇ ਕਾਬਲ ਹੋ ਜਾਦੇ ਹਨ ਸਗੋਂ ਲੰਮਾਂ ਸਮਾਂ ਮਾਨਵ ਜਾਤੀ ਦੀ ਵਿਗਿਆਨਕ ਅਗਵਾਈ ਵੀ ਕਰਦੇ ਹਨ। ਦੇਸ਼ ਭਗਤ ਯਾਦਗਰ ਕਮੇਟੀ ਦੀ ਅਗਵਾਈ ਹੇਠ ਪੰਜਾਬ ਦੇ ਅਗਾਂਹ ਵਧੂ ਲੋਕ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਦੀ ਯਾਦ ਵਿਚ ਜਲੰਧਰ ਵਿਖੇ ਮਿਲ ਬੈਠਦੇ ਹਨ। ਸਮੁੱਚੇ ਭਾਰਤ ਵਿਚ ਇਹ ਆਪਣੀ ਕਿਸਮ ਦਾ ਵਿਲੱਖਣ ਮੇਲਾ ਪਿਛਲੇ ਉੱਨੀ ਸਾਲਾਂ ਤੋਂ ਚਲਿਆ ਆ ਰਿਹਾ ਹੈ। ਇਸ ਵਾਰ ਦਾ ਮੇਲਾ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਸੀ ਜਿਨ੍ਹਾਂ ਨੇ ਵੱਖ ਵੱਖ ਸਮਿਆਂ 'ਤੇ ਫੌਜੀ ਬਗਾਵਤਾਂ ਕਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਕੀਮਤੀ ਜਾਨਾਂ ਵਾਰੀਆਂ। 29 ਅਕਤੂਬਰ ਨੂੰ ਸ਼ੁਰੂ ਹੋਏ ਇਸ ਮੇਲੇ ਦਾ ਸਿਖਰ ਪਹਿਲੀ ਨਵੰਬਰ 2011 ਨਾਟਕਾਂ ਦੀ ਰਾਤ ਨਾਲ ਹੋਇਆ ਦੋ ਨਵੰਬਰ ਦੀ ਸਰਘੀ ਵੇਲੇ ਇਹ ਮੇਲਾ ਅਗਲੇ ਮਿਲਾਪ ਲਈ ਵਿਦਾ ਹੋ ਗਿਆ।

ਭਾਰਤ ਨੂੰ ਆਜ਼ਾਦ ਕਰਵਾਉਣ ਵਾਲਿਆਂ ਨੇ ਕਦੇ ਵੀ ਕਿਸੇ ਜਾਤ ਧਰਮ ਜਾ ਫਿਰਕੇ ਨਾਲ ਜੁੜਕੇ ਆਪਣੇ ਆਪ ਨੂੰ ਸੀਮਤ ਨਹੀਂ ਸੀ ਕੀਤਾ ਸਗੋਂ ਉਨ੍ਹਾਂ ਨੇ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ ਸੀ। ਸ਼ਹੀਦਾਂ ਤੇ ਹੋਇਆ ਤਸ਼ੱਦਦ ਕੇਵਲ ਉਨਾਂ ਤੱਕ ਹੀ ਸੀਮਤ ਨਹੀਂ ਸੀ ਰਿਹਾ। ਸਗੋਂ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਵੀ ਇਸ ਦੀ ਬਹੁਤ ਭਾਰੀ ਕੀਮਤ ਤਾਰਨੀ ਪਈ ਸੀ। ਦੇਸ਼ ਭਗਤਾਂ ਦੇ ਘਰ ਢਾਅ ਦਿੱਤੇ ਗਏ। ਉਨ੍ਹਾਂ ਦੀਆਂ ਜ਼ਮੀਨਾਂ ਕੁਰਕ ਕਰ ਦਿੱਤੀਆਂ ਗਈਆਂ। ਹੋਰ ਤਾਂ ਹੋਰ ਇਨ੍ਹਾਂ ਦੇਸ਼ ਭਗਤਾਂ ਨਾਲ ਰੋਟੀ ਬੇਟੀ ਦਾ ਨਾਤਾ ਨਾ ਰੱਖਣ ਵਰਗੇ ਹੁਕਮਨਾਮੇ ਵੱਖ ਵੱਖ ਧਰਮਾਂ ਦੇ ਆਗੂਆਂ ਨੇ ਜਾਰੀ ਕੀਤੇ। ਜਦੋਂ ਦੇਸ਼ ਭਗਤ ਏਨੀਆਂ ਵੱਡੀਆਂ ਕੁਰਬਾਨੀਆਂ ਦੇ ਰਹੇ ਸਨ ਉਸ ਵਕਤ ਅੰਗਰੇਜ਼ ਪ੍ਰਸਤਾਂ ਨੂੰ ਵੱਡੀਆਂ ਜਗੀਰਾਂ ਇਨਾਮ ਵਜੋਂ ਮਿਲ ਰਹੀਆਂ ਸਨ। ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਨ੍ਹਾਂ ਨੇ ਨਾ ਕੇਵਲ ਆਪਣੇ ਸਰੀਰਾਂ 'ਤੇ ਜੁਲਮ ਦਾ ਸਿਖਰ ਦੇਖਿਆ ਸਗੋਂ ਆਪਣੇ ਦੇਸ਼ ਲਈ ਆਪਣੇ ਖਾਨਦਾਨ ਨੂੰ ਵੀ ਮੁਸੀਬਤਾਂ ਦੀ ਭੱਠੀ ਵਿਚ ਝੋਕ ਦਿੱਤਾ। ਜਦ ਕਿ ਉਨ੍ਹਾਂ ਦੇ ਸ਼ਰੀਕੇ ਦੇ ਭਾਈ ਬੰਦ ਅੰਗ੍ਰੇਜ਼ ਪ੍ਰਸਤੀ ਲਈ ਬੇਸ਼ਰਮੀ ਦੀਆਂ ਸਾਰੀਆਂ ਹੱਦਾ ਪਾਰ ਕਰਕੇ ਮਾਲੋ ਮਾਲ ਹੁੰਦੇ ਰਹੇ। ਅੱਜ ਦਾ ਇਹ ਮੇਲਾ ਉਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਤਾਜਾਂ ਕਰਦਾ ਹੋਇਆ ਉਨ੍ਹਾਂ ਦੇ ਅਮਰ ਸੁਨੇਹੇ ਨੂੰ ਘਰ ਘਰ ਲੈਕੇ ਜਾਣ ਦਾ ਅਹਿਦ ਕਰਦਾ ਹੋਇਆ ਅਮਰ ਸ਼ਹੀਦਾ ਦੇ ਪੈਗਾਮ ਨੂੰ ਦੂਹਰਾ ਰਿਹਾ ਹੈ।

ਆਜ਼ਾਦ ਭਾਰਤ ਦੀਆਂ ਹਾਕਮ ਧਿਰਾਂ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਦਾ ਆਖਰੀ ਨਿਸ਼ਾਨ ਵੀ ਮਿਟਾਉਣਾ ਚਾਹੁੰਦੀਆਂ ਹਨ ਤਾਂ ਕਿ ਅੱਜ ਦਾ ਨੌਜਵਾਨ ਉਨਾਂ ਸ਼ਹੀਦਾਂ ਦੇ ਰਾਹ 'ਤੇ ਨਾ ਤੁਰ ਪਵੇ। ਇਸ ਲਈ ਬਹੁਤ ਸਾਰੀਆਂ ਸੁਚੇਤ ਕੋਸ਼ਿਸ਼ਾਂ ਪਿੱਛਲੇ ਲੰਮੇ ਸਮੇਂ ਤੋਂ ਹੋ ਰਹੀਆਂ ਹਨ। ਸ਼ਹੀਦਾਂ ਦੀ ਕੁਰਬਾਨੀ ਲੋਕਾਂ ਦੇ ਮਨਾਂ ਵਿਚ ਇਨਕਲਾਬ ਦਾ ਜਜ਼ਬਾ ਪੈਦਾ ਕਰਦੀ ਹੈ। ਇਸ ਲਈ ਕੌਮੀ ਸ਼ਹੀਦਾਂ ਦੇ ਨਾਮ 'ਤੇ ਹੁੰਦੀਆਂ ਛੁੱਟੀਆਂ ਬੰਦ ਕੀਤੀਆਂ ਜਾ ਰਹੀਆਂ ਹਨ। ਅਗੰਰੇਜ਼ਾਂ ਦੁਆਰਾ ਕੀਤੇ ਗਏ ਜੁਲਮ ਦੇ ਨਿਸ਼ਾਨ ਮਿਟਾਉਣ ਲਈ ਜਲ੍ਹਿਆਂ ਵਾਲੇ ਬਾਗ ਦੇ ਸਰੂਪ ਨੂੰ ਬਦਲਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਸ਼ਹੀਦੇ ਆਜ਼ਮ ਭਗਤ ਸਿੰਘ ਦੀ ਯਾਦਗਰ ਨੂੰ ਮਹਿਜ ਰੈਸਟੋਰੈਂਟ ਵਜੋਂ ਸਥਾਪਿਤ ਕੀਤਾ ਜਾ ਰਿਹਾ ਹੈ। ਅੱਜ ਦਾ ਨੌਜਵਾਨ ਸ਼ਹੀਦ ਕਰਤਾਰ ਸਰਾਭੇ ਵਰਗਿਆਂ ਨੂੰ ਆਪਣਾ ਆਦਰਸ਼ ਨਾ ਮੰਨੇ ਇਸ ਲਈ ਨੌਜਵਾਨਾਂ ਨੂੰ ਨਕਲੀ ਨਾਇਕ ਪਰੋਸ ਕੇ ਦਿੱਤੇ ਜਾ ਰਹੇ ਹਨ। ਨੌਜਵਾਨ ਮੁੰਡੇ ਕੁੜੀਆਂ ਨੂੰ ਇਕ ਦੂਸਰੇ 'ਤੇ ਕੇਂਦਰਿਤ ਕੀਤਾ ਜਾ ਰਿਹਾ ਹੈ। ਹਾਕਮ ਧਿਰਾਂ ਦੇ ਇਰਾਦਿਆਂ ਦੇ ਵਿਰੁਧ ਆਪਣੇ ਸ਼ਹੀਦਾਂ ਨੂੰ ਯਾਦ ਰੱਖਣ ਲਈ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੇ ਅਹਿਦਨਾਮੇ ਨੂੰ ਦੂਹਰਾਉਣ ਲਈ ਇਸ ਮੇਲੇ ਦਾ ਮਹੱਤਵ ਬਹੁਤ ਹੀ ਵੱਧ ਜਾਂਦਾ ਹੈ। ਇਸੇ ਕਰਕੇ ਲੋਕ ਪਰਿਵਾਰਾਂ ਸਮੇਤ ਇਸ ਮੇਲੇ ਦਾ ਸ਼ਿੰਗਾਰ ਬਣਨ ਲਈ ਜਾਂਦੇ ਹਨ।

ਆਜ਼ਾਦੀ ਦੇ 64 ਸਾਲਾਂ ਬਾਅਦ ਵੀ ਭਾਰਤ ਦੇ 38ਫੀਸਦੀ ਨੌਜਵਾਨਾਂ ਕੋਲ ਕੋਈ ਰੁਜ਼ਗਾਰ ਨਹੀਂ। ਸ਼ਹੀਦ ਊਧਮ ਸਿੰਘ ਦੇ ਸੁਪਨਿਆਂ ਦਾ ਦੇਸ਼ ਮੁੱਠੀ ਭਰ ਲੋਕਾਂ ਦੀਆਂ ਸੁਖ ਸਹੂਲਤਾਂ ਦਾ ਕੇਂਦਰ ਬਣ ਕੇ ਰਹਿ ਗਿਆ ਹੈ। 82 ਕਰੋੜ ਲੋਕ 20 ਰੁਪਏ ਦਿਹਾੜੀ ਨਾਲ ਗੁਜ਼ਾਰਾ ਕਰ ਰਹੇ ਹਨ। ਭਾਰਤ ਦਾ ਆਮ ਨਾਗਰਿਕ ਅੱਜ ਬੇ ਇਲਾਜ ਮਰ




ਰਿਹਾ ਹੈ। ਭਾਰਤ ਦੀ 90% ਵਸੋਂ ਨੂੰ ਪੀਣ ਲਈ ਸ਼ੁੱਧ ਪਾਣੀ ਨਹੀਂ ਮਿਲ ਰਿਹਾ। ਗ਼ਦਰੀ ਬਾਬਿਆਂ ਨੇ ਕੁਰਬਾਨੀਆਂ ਇਸ ਲਈ ਨਹੀਂ ਸੀ ਦਿੱਤੀਆਂ ਕਿ ਅੰਨ ਪੈਦਾ ਕਰਨ ਵਾਲਾ ਕਿਸਾਨ ਖੁਦਕਸ਼ੀਆਂ ਕਰੇ। ਬੇਰੁਜ਼ਗਾਰ ਧੀਆਂ ਪਾਣੀ ਦੀਆਂ ਟੈਂਕੀਆਂ 'ਤੇ ਚੜਕੇ ਆਤਮ ਦਾਹ ਕਰਨ। ਭਾਰਤ ਦੀ ਵਿੱਦਿਆ ਨੀਤੀ ਦੇ ਤਹਿਤ ਗਰੀਬ ਵਰਗ ਨੂੰ ਪੜਾਈ ਤੋਂ ਵਾਂਝਿਆਂ ਕਰ ਦਿੱਤਾ ਹੈ।

ਸਰਕਾਰਾਂ ਦੀਆਂ ਤਹਿ ਸੁਦਾ ਨੀਤੀਆਂ ਦੇ ਤਹਿਤ ਪੰਜਾਬ ਦੇ ਨੌਜਵਾਨ ਕੁਰਾਹੇ ਪਾਏ ਜਾ ਰਹੇ ਹਨ। ਉਨ੍ਹਾਂ ਨੂੰ ਨਸ਼ਿਆਂ 'ਤੇ ਲਾਇਆ ਜਾ ਰਿਹਾ ਹੈ। ਤਾਂ ਕਿ ਉਹ ਇਕੱਠੇ ਹੋਕੇ ਭਗਤ ਸਿੰਘ ਦੇ ਵਿਗਿਆਨਕ ਵਿਚਾਰਾਂ ਨਾਲ ਲੁੱਟ ਖਸੁੱਟ ਰਹਿਤ ਸਮਾਜ ਸਿਰਜਣ ਨਾ ਤੁਰ ਪੈਣ। ਅੱਜ ਜਦੋਂ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਤਹਿਤ ਕਿਸਾਨਾਂ ਦੀਆਂ ਜਮੀਨਾਂ ਖੋਹ ਕੇ ਵੱਡੇ ਘਰਾਣਿਆ ਨੂੰ ਦਿੱਤੀਆਂ ਜਾ ਰਹੀਆਂ ਹਨ । ਵਿਸ਼ੇਸ ਆਰਥਿਕ ਜ਼ੋਨ ਉਸਾਰੇ ਜਾ ਰਹੇ ਹਨ। ਯੂਨੀਵਰਸਿਟੀ ਬੰਦ ਕਰਕੇ ਕਾਰਾਂ ਦੇ ਕਾਰਖਾਨੇ ਲਗਾਏ ਜਾ ਰਹੇ ਹਨ। ਹਰ ਕਿਸਮ ਦੇ ਮੁਲਾਜਮਾਂ ਦੀ ਪੈਂਨਸ਼ਨ ਬੰਦ ਕੀਤੀ ਗਈ ਹੈ । ਸਰਕਾਰੀ ਨੌਕਰੀਆਂ ਦਾ ਭੋਗ ਪਾ ਕੇ ਠੇਕਾ ਪ੍ਰਨਾਲੀ ਸ਼ੁਰੂ ਕਰ ਦਿੱਤੀ ਗਈ ਹੈ।

ਗਦਰੀ ਬਾਬਿਆਂ ਦਾ ਇਹ 20ਵਾਂ ਮੇਲਾ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਯਾਦ ਤਾਜਾ ਕਰਾਉਂਦਾ ਹੈ ਜਿਨ੍ਹਾਂ ਨੇ ਕਿਹਾ ਸੀ "ਅਸੀਂ ਤਾਂ ਭਾਰਤ ਦੀ ਆਜ਼ਾਦੀ ਦੇ ਨੀਂਹ ਦੇ ਪੱਥਰ ਹਾਂ ਉਪਰਲੀ ਇਮਾਰਤ ਤਾਂ ਬਾਅਦ ਵਾਲੇ ਲੋਕ ਬਣਾਉਣਗੇ। ਇਸ ਦਾ ਫਿਕਰ ਕਰਨਾ ਸਾਡਾ ਕੰਮ ਨਹੀਂ " ਇਹ ਫਿਕਰ ਕਰਨਾ ਅੱਜ ਦੀ ਨੌਜਵਾਨ ਪੀੜੀ ਦਾ ਕੰਮ ਹੈ। ਸ਼ਹੀਦ ਭਗਤ ਸਿੰਘ ਨੇ ਬੜੇ ਹੀ ਸਪਸ਼ਟ ਸਬਦਾਂ ਵਿਚ ਸ਼ਹਾਦਤ ਤੋਂ ਦੋ ਦਿਨ ਪਹਿਲਾਂ ਕਿਹਾ ਸੀ "ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗਾ। ਇਹ ਤਾਂ ਇਤਿਹਾਸਕ ਕਾਰਨਾਂ ਦੇ ਆਲੇ-ਦੁਆਲੇ ਪੱਸਰੇ ਹਾਲਾਤ ਦਾ ਜਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ। . . . .ਅਸੀਂ ਇਹ ਐਲਾਨ ਕਰਦੇ ਹਾਂ ਕਿ ਇੱਕ ਯੁੱਧ ਚੱਲ ਰਿਹਾ ਹੈ ਅਤੇ ਇਹ ਤੱਦ ਤੱਕ ਚਲਦਾ ਰਹੇਗਾ,ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੀ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਇਹ ਲੁਟੇਰੇ ਭਾਂਵੇ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੇ ਰਲਵੇਂ।" ਭਗਤ ਸਿੰਘ ਦੀ ਸਮਝ ਇਤਿਹਾਸ ਨੇ ਸਹੀ ਸਾਬਤ ਕਰ ਦਿੱਤੀ ਹੈ। ਅੱਜ ਦੇਸੀ ਹਾਕਮਾਂ ਦੀ ਸਹਿ 'ਤੇ ਫਿਰ ਵਿਦੇਸ਼ੀ ਹਾਕਮ ਭਾਰਤ ਦੀਆਂ ਹਰਿਆਲੀਆਂ ਨੂੰ ਚੁਗਣ ਲਈ ਆ ਗਏ ਹਨ ਤੇ ਅੱਜ ਯੁੱਧ ਦੇਸੀ ਤੇ ਵਿਦੇਸ਼ੀ ਹਾਕਮਾਂ ਦੇ ਵਿਰੁੱਧ ਸਾਂਝੇ ਤੌਰ ਤੇ ਲੜਿਆ ਜਾਣਾ ਹੈ। ਜਿਸ ਨੂੰ ਭਾਰਤ ਦੀਆਂ ਹਾਕਮ ਧਿਰਾਂ ਵਿਸ਼ਵੀਕਰਨ ਦਾ ਨਾਂ ਦੇ ਰਹੀਆਂ ਹਨ ਜਿਹੜਾ ਸਾਡੇ ਦੇਸ਼ ਦੇ ਲੋਕਾਂ ਲਈ ਕਈ ਕਿਸਮ ਦੇ ਲਾਰੇ ਤੇ ਨਾਹਰੇ ਲੈ ਕੇ ਆਇਆ ਹੈ। ਜਿਸ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਦੇ ਅਨੁਸਾਰ ਨਵਬਸਤੀਵਾਦ ਕਿਹਾ ਜਾਂਦਾ ਹੈ। ਜਿਸ ਦੇ ਖਿਲਾਫ ਲ਼ੜਨਾ ਅੱਜ ਦੇ ਨੌਜਵਾਨ ਦਾ ਅਹਿਮ ਫ਼ਰਜ਼ ਹੈ।

ਇਸ ਮੇਲੇ ਦੀ ਸਾਰਥਕਤਾ ਉਸ ਵਕਤ ਹੋਰ ਵੀ ਵਧ ਜਾਂਦੀ ਹੈ ਜਦ ਦੇਸ਼ ਵਿਚ ਸੰਭਾਵੀ ਅੰਦੋਲਨਾਂ ਨੂੰ ਕੁਚਲਣ ਵਾਸਤੇ ਪੁਲਿਸ ਨੂੰ ਵੱਧ ਅਧਿਕਾਰ ਦਿੱਤੇ ਜਾ ਰਹੇ ਹਨ। ਜਿਵੇਂ ਯੁੱਧ ਤੋਂ ਪਹਿਲਾਂ ਹਥਿਆਰ ਤਿੱਖੇ ਕੀਤੇ ਜਾਂਦੇ ਹਨ ਐਨ ਇਸੇ ਤਰ੍ਹਾਂ ਪੁਲਿਸ ਐਕਟ ਸੋਧੇ ਜਾ ਰਹੇ ਹਨ ਤਾਂ ਕਿ ਕਿਤੇ ਵੀ ਲੋਕ ਲਹਿਰ ਵਿਕਸਤ ਹੁੰਦੀ ਹੈ ਤਾਂ ਉਸ ਨੂੰ ਕੁਚਲਣ ਵਾਸਤੇ ਦੇਰੀ ਨਾ ਲੱਗੇ। ਇਹ ਸਾਰਾ ਕੁਝ ਬੂਹ ਰਾਸ਼ਟਰੀ ਕੰਪਣੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਹੀ ਕੀਤਾ ਜਾ ਰਿਹਾ ਹੈ। ਆਨਾਜ ਗੁਦਾਮਾਂ ਵਿਚ ਸੜ ਰਿਹਾ ਹੈ ਪਰ ਭੁੱਖੇ ਲੋਕਾਂ ਵਿਚ ਵੰਡਣ ਤੋਂ ਸਾਡੀ ਸਰਕਾਰ ਅਸਮਰੱਥ ਹੈ, ਭੁੱਖ ਨਾਲ ਮਰਦੇ ਲੋਕ ਕਿੱਥੇ ਜਾਣ? ਕਿਸਾਨੀ ਕਰਜ਼ੇ ਦੇ ਭਾਰ ਹੇਠ ਖੁਦਕਸ਼ੀਆਂ ਕਰ ਰਹੀਂ ਹੈ। ਜਿਸ ਵਿਚ ਪੰਜਾਬ ਪਹਿਲੇ ਸਥਾਨ ਤੇ ਪਹੁੰਚ ਗਿਆ ਹੈ, ਖੁਦਕਸ਼ੀਆਂ ਕਰਦੀ ਕਿਸਾਨੀ ਦੇ ਪੁੱਤਰ ਧੀਆਂ ਕੀ ਕਰਨ? ਨਿੱਕੇ ਦੁਕਾਨਦਾਰਾਂ ਦੀ ਰੋਜੀ ਰੋਟੀ ਵੱਡੇ ਸਟੋਰਾਂ ਨੇ ਖੋਹ ਲਈ ਹੈ, ਛੋਟੀਆਂ ਛੋਟੀਆਂ ਦੁਕਾਨਾਂ ਚਲਾ ਕੇ ਰੋਜੀ ਰੋਟੀ ਕਮਾਉਂਦੇ ਦਕਾਨਦਾਰ ਕਿੱਧਰ ਜਾਣ? ਅੱਜ ਕਈ ਸਵਾਲ ਖੜੇ ਹਨ ਜਿਹੜੇ ਜਵਾਬ ਦੀ ਮੰਗ ਕਰਦੇ ਹਨ। ਜੇ ਤਾਂ ਇਨ੍ਹਾਂ ਸਵਾਲਾਂ ਤੋਂ ਪਾਸਾ ਮੋੜਕੇ ਲੰਘਣਾ ਹੈ ਤਾਂ ਤੁਹਾਨੂੰ ਤੁਹਾਡਾ ਰਸਤਾ ਮੁਬਾਰਕ! ਪਰ ਜੇ ਇਨ੍ਹਾਂ ਬਾਰ ਬਾਰ ਖੜਦੇ ਸਵਾਲਾਂ ਦਾ ਕੋਈ ਨਾ ਕੋਈ ਹੱਲ ਤਲਾਸ਼ਣਾ ਹੈ ਤਾਂ ਜਰੂਰੀ ਹੈ ਕਿ ਤੁਹਾਨੂੰ ਉਨ੍ਹਾਂ ਲੋਕਾਂ ਦੇ ਮੋਢੇ ਨਾਲ ਮੋਢਾ ਲਾਉਣਾ ਪਵੇਗਾ ਜਿਹੜੇ ਅੱਜ ਸਿਰਜੋੜ ਕੇ ਬੈਠੇ ਹਨ ਕਿ ਕਿਸਾਨ ਖੁਦਕਸ਼ੀਆਂ ਨਾ ਕਰੇ, ਮਜਦੂਰ ਭੁੱਖਾ ਨਾ ਸੌਵੇ, ਨੌਜਵਾਨ ਬੇਰੁਜ਼ਗਾਰ ਨਾ ਫਿਰੇ, ਧੀਆਂ ਦਾਜ ਦੀ ਬਲੀ ਨਾ ਚੜਨ ਤਾਂ ਆਓ ਗ਼ਦਰੀ ਬਾਬਿਆਂ ਦੀ ਯਾਦ ਵਿਚ ਲੱਗਦੇ ਇਸ ਮੇਲੇ ਦੇ ਸਹੀ ਅਰਥਾਂ ਨੂੰ ਆਤਮ-ਸਾਤ ਕਰੀਏ। ਬਾਬੇ ਸੋਹਣ ਸਿੰਘ ਭਕਨੇ ਪਾਸੋਂ ਮਾਰਗ ਦਰਸ਼ਨ ਲਈਏ, ਬਾਬਾ ਜਵਾਲਾ ਸਿੰਘ ਪਾਸੋਂ ਕੁਝ ਕਰ ਗੁਜ਼ਰਨ ਦਾ ਬਲ ਲਈਏ।

ਇਨ੍ਹਾਂ ਸਾਰੀਆਂ ਪਰਸਿਥਤੀਆਂ ਵਿਚ ਮੇਲਾ ਗ਼ਦਰੀ ਬਾਬਿਆਂ ਦਾ ਲੋਕਾਂ ਨੂੰ ਲਾਮਬੰਦੀ ਦਾ ਹੋਕਾ ਦਿੰਦਾ ਹੋਇਆ 29,30,31 ਅਕਤੂਬਰ ਨੂੰ ਵੱਖ ਵੱਖ ਵਰਗਾਂ ਦੇ ਨੌਜਵਾਨਾਂ ਦੇ ਵੱਖ ਵੱਖ ਤਰ੍ਹਾਂ ਦੇ ਮੁਕਾਬਲਿਆਂ ਨਾਲ ਪੇਸ਼-ਪੇਸ਼ ਸੀ। ਉਸਾਰੂ ਸਾਹਿਤ ਤੇ ਅਗਾਂਹਵਧੂ ਸਭਿਆਚਾਰ ਦੀ ਵਿਚਾਧਾਰਕ ਵਿਰਾਸਤ ਨੂੰ ਸਾਭਦਾ ਹੋਇਆ ਇਹ ਵੱਖਰੀ ਕਿਸਮ ਦਾ ਮੇਲਾ ਆਪਣੇ ਸਿਖਰ ਵੱਲ ਵਧਿਆ ਪਹਿਲੀ ਨਵੰਬਰ ਸਵੇਰੇ ਦਸ ਵਜੇ ਜਦੋਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਇਸ ਸਮੇਂ ਗ਼ਦਰੀ ਸੂਰਬੀਰਾਂ ਦੇ ਝੰਡੇ ਨੂੰ ਸਲਾਮੀ ਦਿੱਤੀ ਤੇ ਇਸ ਦਿਨ ਅਹਿਦ ਕੀਤਾ ਕਿ ਉਹ ਗ਼ਦਰੀ ਦੇਸ਼ ਭਗਤਾਂ ਦੀ ਗੌਰਵਮਈ ਵਿਰਾਸਤ ਨੂੰ ਜਾਰੀ ਰੱਖਣਗੇ। ਇਸ ਮੌਕੇ ਕਾਮਰੇਡ ਅਮੋਲਕ ਦੁਆਰਾ ਲਿਖੇ ਝੰਡੇ ਦੇ ਗੀਤ ਨਾਲ ਗ਼ਦਰ ਦਾ ਗੌਰਵਮਈ ਇਤਿਹਾਸ ਪੇਸ਼ ਕੀਤਾ ਗਿਆ। ਇਸ ਮੇਲੇ ਦੀ ਵਿਸੇਸ਼ ਪਹਿਚਾਣ ਰਹੀ ਵੱਖ ਵੱਖ ਤਰ੍ਹਾਂ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ।

**ਐਡਮਿੰਟਨ ਵਿੱਚ ਰਹਿੰਦੇ ਮਾਝੇ ਦੇ ਵਸਨੀਕਾਂ ਵਲੋਂ ਭਾਈਚਾਰਕ ਡਿਨਰ ਦਾ ਆਯੋਜਨ !**

ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵੀ ਐਡਮਿੰਟਨ ਵਿੱਚ ਮਾਝੇ ਦੇ ਲੋਕਾਂ ਵਲੋਂ 12 ਨਵੰਬਰ ਦਿਨ ਸ਼ਨਿਚਰਵਾਰ ਨੂੰ ਮਹਾਰਾਜਾ ਬੈਂਕੁਇਟ ਹਾਲ ਵਿੱਚ ਭਾਈਚਾਰਕ ਡਿਨਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਆਪਸੀ ਸਾਂਝ ਅਤੇ ਮਿਲਵਰਤਣ ਨੂੰ ਮੁੱਖ ਰਖਕੇ ਕੀਤਾ ਜਾਂਦਾ ਹੈ ਜਿਸ ਵਿੱਚ ਕਿ ਇਕਲੇ ਮਾਝੇ ਦੇ ਲੋਕ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਪੰਜਾਬ ਦੇ ਕਿਸੇ ਵੀ ਹਿਸੇ ਤੋਂ ਆਕੇ ਵੱਸੇ ਲੋਕਾਂ ਨੂੰ ਵੀ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਪ੍ਰੋਗਰਾਮ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

ਜਗ੍ਹਾ: ਮਹਾਰਾਜਾ ਬੈਂਕੁਇਟ ਹਾਲ
9251 34a Ave.
ਸਮਾਂ: ਸ਼ਾਮ 6:00 ਵਜੇ
ਟਿਕਟ: 30.00
ਸੰਪਰਕ: 780 233 3100

**Social dinner and get together by Majha people.**

Like every year Majha people are organising a social dinner and get together to promote harmony and closeness among families. This function is not only for peoplke from Majha, but we encourage people from all regions of Punjab to join us. The details about the function are as follows:

Place: Maharaja Banquet Hall at 6:00 pm
9251 - 34a Ave
Tickets: $30.00
Contact: 780 233 3100

ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਰਹਿ ਗਈ ਹੈ?
ਕੰਮ ਤੇ ਜਾਣ ਦੀ ਜਲਦੀ ਹੈ ?
ਕਾਰ ਲਾਕ ਹੋ ਗਈ ਹੈ ?




We also provide Boost for your Vehicles.
ਤਾਂ ਘਬਰਾਉ ਨਾ.....
ਕਾਰ ਲਾਕ ਹੁੰਦਿਆਂ ਹੀ
ਗੁਰਪ੍ਰੀਤ ਸੋਹਲ ਨੂੰ
780 935 2990



Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA · empowered by AXIOM MORTGAGE PARTNERS · AMBA · BBB ACCREDITED BUSINESS · think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

# ਮੈਨੂੰ ਦੁਖੀ ਕਰਨ ਵਾਲੇ



ਹਰਜੀਤ ਤੇਜਾ ਸਿੰਘ

ਅੱਜ ਕੱਲ੍ਹ ਮੈਨੂੰ ਬੜੀ ਅਜੀਬ ਸਥਿਤੀ ਵਿੱਚੋਂ ਲੰਘਣਾ ਪੈ ਰਿਹਾ ਹੈ। ਇਸ ਸਾਰੀ ਸਮੱਸਿਆ ਦੀ ਜੜ੍ਹ ਸਾਹਿਤ ਦੀ ਸਮਝ ਆਉਣ ਲੱਗਣਾ ਹੈ। ਸਾਹਿਤ ਦੀ ਸਮਝ ਵੀ ਬੜੀ ਖਾਸ ਕਿਸਮ ਦੀ ਸਮੱਸਿਆ ਹੈ ਕਿ ਜ਼ਿੰਦਗੀ ਨੂੰ ਕਦੇ ਸਧਾਰਨ ਵਿਅਕਤੀ ਵਜੋਂ ਦੇਖਣਾ/ਸਮਝਣਾ ਯਾਦ ਹੀ ਨਹੀਂ ਰਹਿੰਦਾ। ਹਰ ਘਟਨਾ ਸਬੰਧੀ ਗੂੜ੍ਹ ਗਿਆਨ ਘੋਟਣ ਲਈ ਕੋਈ ਨਾ ਕੋਈ ਕਵੀ, ਕਹਾਣੀਕਾਰ ਜਾਂ ਪਾਤਰ ਅਪਣਾ ਨਜ਼ਰੀਆ ਲਈ ਸਰ੍ਹਾਣੇ ਆ ਖੜ੍ਹਦਾ ਹੈ। ਕਿਸੇ ਰਿਕਸ਼ੇ ਵਾਲੇ ਨੂੰ ਦੇਖਦਾ ਹਾਂ ਤਾਂ 'ਪਾਸ਼' ਤੇ 'ਦਿਲ' ਆ ਜਾਂਦੇ ਨੇ ਤੇ 'ਕਿਰਤ ਦੀ ਲੁੱਟ' ਹੁੰਦੀ ਦਿਖਾਉਣ ਵਾਲੀ ਐਨਕ ਲੱਗ ਜਾਂਦੀ ਹੈ। ਚੌਕ 'ਚ ਖੜ੍ਹੇ ਮਜ਼ਦੂਰਾਂ ਨੂੰ ਦੇਖਕੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਆਦਿ ਮੁਲਕਾਂ 'ਚ ਗਏ ਦੋਸਤ-ਮਿੱਤਰ ਯਾਦ ਆ ਜਾਂਦੇ ਹਨ।

ਪੰਜਾਬ 'ਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਕਾਰਨ, ਨਸ਼ਿਆਂ 'ਚ ਫਸੇ ਮੁੰਡਿਆਂ ਨੂੰ ਦੇਖੀਦਾ ਤਾਂ 'ਸ਼ਿਵ' ਆ ਕੇ ਕਹਿੰਦਾ ਹੈ-

-ਕੋਈ ਨੀ ਬਾਈ ਜੀ, ਜੋਬਨ ਰੁੱਤੇ ਮਰ ਕੇ ਤਾਰੇ ਬਣ ਜਾਣਗੇ-

ਮੈਂ ਸੋਚਦਾਂ, ਮਰ ਕੇ ਅੰਬਰ ਦੇ ਤਾਰੇ ਤਾਂ ਬਣ ਜਾਣਗੇ ਪਰ ਅੱਖਾਂ ਦੇ ਤਾਰੇ ਬਣਨ ਲਈ ਤਾਂ ਜਿਉਣਾ ਜ਼ਰੂਰੀ ਹੈ। 'ਸ਼ਿਵ' ਕਹਿੰਦਾ ਹੈ-

-ਹਿਜ਼ਰ ਤਾਂ ਧੁਰੋਂ ਕਰਮਾਂ ਵਿਚ ਲਿਖਵਾਇਆ, ਕੁੱਝ ਨੀ ਹੋ ਸਕਦਾ ਹੁਣ, ਹੱਥਾਂ ਦੀਆਂ ਚਾਰ ਲਕੀਰਾਂ ਨਹੀਂ ਬਦਲਣੀਆਂ--ਪਾਤਰ ਸਾਹਬ ਆ ਪ੍ਰਗਟ ਹੁੰਦੇ ਹਨ ਤੇ ਕਹਿੰਦੇ ਹਨ

- ਨਾ, ਬਈ ਨਾ ਨਿਰਾਸ਼ ਨੀ ਹੋਣਾ, ਹਰ ਪਤਝੜ੍ਹ ਤੋਂ ਬਾਅਦ ਅਗਲੀ ਰੁੱਤ ਵੀ ਆਉਂਦੀ ਹੈ ਬਸ ਦਿਲ 'ਚ ਯਕੀਨ ਰੱਖੋ ਤੇ ਸੁਫ਼ਨੇ ਹਸੀਨ ਰੱਖੋ-

ਇਹ ਕਹਿ ਕੇ ਆਪ ਤਾਂ ਅਲੋਪ ਹੋ ਜਾਂਦੇ ਹਨ ਪਰ ਅਪਣੇ ਪਿੱਛੇ ਹਵਾ 'ਚ ਲਿਖੇ ਹਰਫ਼ ਛੱਡ ਜਾਂਦੇ ਹਨ।

ਬੁਰੇ ਦਿਨਾਂ ਤੋਂ ਡਰੀਂ ਨਾ ਪਾਤਰ  
ਭਲੇ ਦਿਨਾਂ ਨੂੰ ਲਿਆਉਣ ਖ਼ਾਤਰ  
ਤੂੰ ਸਿਦਕ ਦਿਲ ਵਿਚ ਤੇ ਆਸ ਰੂਹ ਵਿਚ  
ਨਜ਼ਰ 'ਚ ਸੁਪਨੇ ਹਸੀਨ ਰੱਖੀਂ ।

ਇਕ ਦਿਨ ਇਕ ਮੁਟਿਆਰ ਨੂੰ ਚੂੜਾ ਪਾਈਂ, ਤਿਆਰ-ਬਰ-ਤਿਆਰ ਦੇਖਕੇ ਮਨ ਖੁਸ਼ ਹੋਣ ਹੀ ਲੱਗਾ ਸੀ ਕਿ 'ਪਾਤਰ' ਸਾਹਿਬ ਨੇ ਆ ਕੇ ਹਲੂਣਾ ਦਿੱਤਾ।

- ਪੁੱਤਰ ਜੀ ਹੋ ਸਕਦਾ ਇਹ ਵਿਚਾਰੀ ਖੁਸ਼ ਨਾ ਹੋਵੇ- ਤੇ ਅੱਖਾਂ ਮੁੰਦਕੇ, ਜਿਵੇਂ ਕੋਈ ਜੋਗੀ ਧਿਆਨ ਮਗਨ ਹੋ ਜਾਂਦਾ ਹੈ, ਅਪਣੀ ਰਚਨਾ ਗੁਣਗੁਣਾਉਣ ਲੱਗੇ- ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏਂ ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲਕੇ। ਬਸ ਫੇਰ ਮੈਨੂੰ ਪੁੱਛਿਆ ਈ ਜਾਣੀਏ, ਦੋ ਮਿੰਟ ਪਹਿਲਾਂ ਖੁਸ਼ੀ ਦੇਣ ਵਾਲੀ ਝਾਕੀ ਤਰਸ ਦੀ 'ਪਾਤਰ' ਬਣਕੇ ਰਹਿ ਗਈ।

ਘਰਦੇ ਕਹਿੰਦੇ ਰਹਿੰਦੇ ਨੇ "ਮੁੰਡਿਆ ਕੋਈ ਕੰਮ ਤਾਂ ਕਰ ਲਿਆ ਕਰ, ਰੋਟੀ ਕਿੱਥੋਂ ਖਾਂਏਗਾ।" ਪਰ 'ਪਾਸ਼' ਕਹਿੰਦਾ-

ਅਫਸੋਸ ਹੈ ਕਿ ਸਦੀਆਂ ਬੀਤ ਗਈਆਂ ਹਨ,  
ਰੋਟੀ, ਕੰਮ ਤੇ ਸਿਵੇ ਅਜੇ ਵੀ ਸਮਝਦੇ ਹੋਣੇ ਨੇ  
ਕਿ ਅਸੀਂ ਇਨ੍ਹਾਂ ਦੀ ਖ਼ਾਤਿਰ ਹੀ ਹਾਂ।

ਪਾਸ਼ ਧੱਕੜ ਜਾਫੀ ਦੀ ਤਰ੍ਹਾਂ ਮੇਰਾ ਗੁੱਟ ਫੜ੍ਹ ਲੈਂਦਾ ਹੈ ਤੇ ਨਿੰਜ ਤੋਂ ਹਟਕੇ 'ਧੁੱਪ ਵਾਂਗ ਧਰਤੀ 'ਤੇ ਖਿੜ ਜਾਣ' ਦਾ ਜਿਉਣ ਸਲੀਕਾ ਅਪਨਾਉਣ ਲਈ ਕਹਿੰਦਾ ਹੈ। ਪਰ ਮੈਂ ਰੋੜੀ ਖਿਡਾਰੀ ਦੀ ਤਰ੍ਹਾਂ ਅਪਣੇ ਗੁੱਟ 'ਤੇ ਬਹਾਨਿਆਂ ਵਾਲਾ ਤੇਲ ਲਾ ਰੱਖਿਆ ਹੈ। ਪਾਸ਼ ਤੋਂ ਗੁੱਟ ਛੁਡਾ ਭਾਵਿਆਂ ਦੇ ਪਾੜੇ ਵਿੱਚ ਆ ਖੜ੍ਹਦਾ ਹਾਂ। ਅਧਿਆਪਨ ਨੂੰ ਅਪਣਾ ਕਿੱਤਾ ਤੇ ਜ਼ਮੀਨ-ਜਾਇਦਾਦ ਨੂੰ ਅਪਣੀ ਪਛਾਣ ਦੇ ਤੌਰ 'ਤੇ ਫੱਟੀ ਵਾਂਗ ਅਪਣੇ ਮੱਥੇ 'ਤੇ ਲਟਕਾਈ ਰੱਖਦਾ ਹਾਂ।

ਜਦੋਂ ਕਲਾਸ-ਰੂਮ ਵਿੱਚ, ਕਿਸੇ ਕਲਾਸ ਨੂੰ ਕੋਈ ਕਵਿਤਾ ਪੜ੍ਹਾ ਰਿਹਾ ਹੁੰਦਾਂ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਤੁਸੀਂ ਪੱਖੇ ਹੇਠ ਆਰਾਮ ਨਾਲ ਬੈਠਕੇ, ਮਜ਼ਦੂਰ ਦੇ ਜ਼ਿਕਰ ਵਾਲੀ ਕਵਿਤਾ ਕਿਵੇਂ ਸਮਝ ਤੇ ਸਮਝਾ ਸਕਦੇ ਹੋ ਤੇ 'ਸਭ ਤੋਂ ਖ਼ਤਰਨਾਕ' ਪੜ੍ਹਾਉਂਦੇ ਸਮੇਂ ਤੁਹਾਡਾ ਸਾਹ ਉੱਖੜ ਕਿਉਂ ਨਹੀਂ ਜਾਂਦਾ।

ਸ਼ਾਮ ਨੂੰ ਸਾਡੇ ਪਿੰਡ ਦੇ ਮੁੰਡੇ ਬਾਲੀਬਾਲ ਖੇਡਦੇ ਹਨ। ਚਾਹੇ ਬੱਚੇ ਕਹਿ ਲਈਏ। ਕਿਉਂਕਿ ਮੈਂ ਸਤਾਈ ਦਾਂ ਤੇ ਉਹ ਅਠਾਰਾਂ ਤੋਂ ਵੀਹ ਦੇ ਵਿਚਕਾਰ ਦੇ ਨੇ। ਮੈਂ ਵੀ ਉਹਨਾਂ ਨਾਲ ਆ ਰਲਦਾ ਹਾਂ। ਮੋੜ 'ਤੇ ਬੈਠਣ ਵਾਲੇ ਕਹਿਣਗੇ-

-ਬਸ ਕਰ ਹੁਣ! ਬੁੜ੍ਹਾ ਹੋ ਕੇ ਜੁਆਕਾਂ ਨਾਲ ਖੇਲ੍ਹਦਾ ਚੰਗਾ ਲੱਗਦਾਂ- ਸਾਹਿਤਕਾਰ ਕਹਿਣਗੇ -ਅੰਦਰਲੇ ਬੱਚੇ ਨੂੰ ਕਦੇ ਵੀ ਮਰਨ ਨਾ ਦਿਓ-ਘਰ ਤੋਂ ਗਰਾਉਂਡ ਤੱਕ ਦਾ ਰਸਤਾ ਦਿਮਾਗੀ ਘੋਲ ਵਿਚ ਲੰਘਦਾ ਹੈ ਕਿ ਗਰਾਂਈਆਂ ਦੀ ਮੰਨਾਂ ਤੇ ਅੰਦਰਲੇ ਬੱਚੇ ਨੂੰ ਮਾਰ ਲਵਾਂ ਜਾਂ ਸਾਹਿਤਕਾਰਾਂ ਦੀ। ਖੁਸ਼ੀ ਦੀ ਗੱਲ ਏ ਕਿ ਹਾਲੇ ਤੱਕ ਬੱਚਾ ਜਿਉਂਦਾ ਹੈ। ਅੰਦਰਲੇ ਬੱਚੇ ਨੂੰ ਜਿਉਂਦਾ ਰੱਖਣ ਲਈ ਜਿੰਨਾ ਕੰਮ ਸਾਹਿਤਕਾਰਾਂ ਨੇ ਕੀਤਾ, ਓਨੀ ਹੀ ਮਦਦ ਇਕ ਬਿਹਾਰੀ ਨੌਕਰ ਬੱਚੇ ਤੋਂ ਮਿਲੀ। ਹੋਇਆ ਕੀ ਕਿ ਇੱਕ ਦਿਨ ਮੈਂ ਵਿਹੜੇ 'ਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ ਤੇ ਮੇਰਾ ਛੋਟਾ ਭਰਾ ਤਿਸਨੂਰ, ਜੋ ਕਿ ਪੰਜਵੀਂ 'ਚ ਪੜ੍ਹਦਾ ਹੈ, ਫੁੱਟਬਾਲ ਨਾਲ ਖੇਡ ਰਿਹਾ ਸੀ। ਪਹਿਲਾਂ ਉਹਨੇ ਮੈਨੂੰ ਖੇਡਣ ਲਈ ਕਿਹਾ ਪਰ ਜਵਾਬ ਮਿਲਣ 'ਤੇ ਉਹ ਪਰ੍ਹਾਂ ਜਾ ਬੈਠਾ। ਜਿੱਥੇ ਉਹ ਜਾ ਕੇ ਬੈਠਿਆ ਓਥੇ ਸਾਡਾ ਨੌਕਰ ਕਬੀਰ, ਜੋ ਕੇ ਤਿਸਨੂਰ ਦੀ ਉਮਰ ਦਾ ਹੀ ਸੀ, ਮੱਝਾਂ-ਕੱਟੀਆਂ ਨੂੰ ਪਾਣੀ ਪਿਲਾਕੇ ਇੱਕ ਖੁਰਲੀ ਤੋਂ ਦੂਜੀ ਖੁਰਲੀ 'ਤੇ ਬੰਨ੍ਹ ਰਿਹਾ ਸੀ। ਤਿਸਨੂਰ ਬੈਠਾ-ਬੈਠਾ 'ਕਬੀਰ' ਨੂੰ ਕਹਿਣ ਲੱਗਿਆ।

-ਕਬੀਰ! ਜੇ ਯਾਰ ਤੂੰ ਸਾਡੇ ਪਿੰਡ ਜੰਮਿਆ ਹੁੰਦਾ, ਕਿੰਨਾ ਵਧੀਆ ਹੋਣਾ ਤੀ। ਤੂੰ ਵੀ ਮੇਰੇ ਵਾਂਗੂ ਸੈਕਰਟ-ਹਰਟ 'ਚ ਪੜ੍ਹਦਾ-

ਕਬੀਰ ਮੱਝ ਨੂੰ ਸੰਗਲ ਤੋਂ ਫੜਕੇ ਕੀਲੇ ਵੱਲ ਖਿੱਚ ਰਿਹਾ ਸੀ ਤੇ ਮੱਝ ਮੱਲੋ ਜੋਰੀ ਦਾਣੇ ਵਾਲੀ ਕੁੰਡ ਵਿੱਚ ਮੂੰਹ ਪਾਉਣ ਲੱਗੀ ਹੋਈ ਸੀ। ਉਹਨੇ ਸਿਰਫ ਐਨਾ ਕੁ ਹੀ ਜਵਾਬ ਦਿੱਤਾ।

-ਹੂੰ-

ਤਿਸਨੂਰ ਉਹਨੂੰ ਫਿਰ ਕਹਿੰਦਾ-

- ਕਬੀਰ! ਜੇ ਯਾਰ ਤੂੰ ਸਾਡੇ ਘਰ ਜੰਮਿਆ ਹੁੰਦਾ, ਤੈਨੂੰ ਕੰਮ ਨਾ ਕਰਨਾ ਪੈਂਦਾ। ਤੂੰ ਵੀ ਸੋਹਣੇ-ਸੋਹਣੇ ਕੱਪੜੇ ਪਾਉਂਦਾ-ਕਬੀਰ ਹੁਣ ਦੂਜੀ ਮੱਝ ਨੂੰ ਪਾਣੀ ਪਿਲਾ ਰਿਹਾ ਸੀ। ਉਹਨੇ ਫਿਰ ਓਹੀ ਜਵਾਬ ਦਿੱਤਾ।

-ਹੂੰ-

ਤਿਸਨੂਰ ਕਹਿੰਦਾ-



- ਕਬੀਰ! ਜੇ ਯਾਰ ਤੂੰ ਸਾਡੇ ਘਰ ਜੰਮਿਆ ਹੁੰਦਾ, ਆਪਾਂ ਦੋਵੇਂ ਭਾਈ-ਭਾਈ ਹੁੰਦੇ। ਆਪਾਂ ਦੋਵੇਂ 'ਕੱਠੇ ਖੇਡਿਆ ਕਰਦੇ-ਕਬੀਰ ਜੋ ਕਿ ਇਸ ਵਾਰ ਇੱਕ ਛੋਟੇ ਕੱਟੇ ਦਾ ਸੰਗਲ ਫੜੀਂ ਜਾ ਰਿਹਾ ਸੀ। ਉਹਨੇ ਉਸੇ ਥਾਂ ਸੰਗਲ ਛੱਡਿਆ ਤੇ ਤਿਸਨੂਰ ਨੂੰ ਆ ਕੇ ਕਹਿੰਦਾ-

-ਤੋ ਕਿਆ ਹੂਆ! ਅਬ ਖੇਲ ਲੇਤੇ ਹੈਂ-

ਇਹ ਕਹਿੰਦਿਆਂ ਉਹਨੇ ਫੁਟਬਾਲ ਨੂੰ ਕਿੱਕ ਮਾਰ ਦਿੱਤੀ।

ਸਾਰੀ ਘਟਨਾ ਦੇਖਕੇ ਮੈਂ ਸੁੰਨ ਹੋ ਗਿਆ। ਅਮੀਰ ਤਾਂ 'ਖੇਡ' ਲਈ ਕੰਮ ਛੱਡ ਦਿੰਦੇ ਨੇ ਮੈਨੂੰ ਪਤਾ ਸੀ। ਪਰ ਇੱਕ ਗਰੀਬ 'ਕੰਮ' ਛੱਡਕੇ ਖੇਡ ਸਕਦਾ। ਮੈਨੂੰ ਪਹਿਲੀ ਵਾਰ ਮਨੁੱਖ ਅੰਦਰਲੀ ਤਾਕਤ ਦਾ ਅਹਿਸਾਸ ਹੋਇਆ। ਮੈਂ ਮਨ ਹੀ ਮਨ ਕਿਹਾ-

-ਤਿਸਨੂਰ ਸਿਆਂ! ਕਬੀਰ ਤਾਂ ਚਾਹੇ ਜਿੱਥੇ ਮਰਜ਼ੀ ਜੰਮ ਪਵੇ ਇਹ ਤਾਂ ਖੇਡੂ ਈ ਖੇਡੂ-

ਤੇ 'ਕਬੀਰ' ਕਾਰਨ ਮੇਰੇ ਅੰਦਰਲੇ ਬੱਚੇ ਦੀ ਉਮਰ ਕੁਝ ਸਾਲ ਹੋਰ ਵਧ ਗਈ। ਕਈ ਵਾਰ ਸਧਾਰਨ ਦਿਸਦੇ ਬੰਦੇ ਸਾਹਿਤਕਾਰਾਂ ਨਾਲੋਂ ਵੀ ਬੁਰੀ ਕਰਦੇ ਹਨ। ਤੇ ਇਹ ਕਈ-ਕਈ ਦਿਨ ਜਾਂ ਹਫਤੇ ਸੌਣ ਨਹੀਂ ਦਿੰਦੀ ਤੇ ਜੀਵਨ ਦੇ ਹੋਰ ਨੇੜੇ ਕਰ ਦਿੰਦੀ ਹੈ। ਮਹੀਨਾ ਕੁ ਪਹਿਲਾਂ ਕਿਸੇ ਕੰਮ ਗਵਾਲੀਅਰ ਜਾਣਾ ਪਿਆ। ਕੰਮ ਤੋਂ ਵਿਹਲੇ ਹੋ ਕੇ ਸਲਾਹ ਬਣੀ ਕਿ 'ਬੰਦੀ ਛੋੜ' ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਲਏ ਜਾਣ। ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਬਾਕੀ ਲੰਗਰ ਵੱਲ ਚਲੇ ਗਏ ਤੇ ਮੈਂ ਗੁਰਦੁਆਰੇ ਦੇ ਵਿਹੜੇ ਵਿਚਲੇ ਵੱਡੇ ਪਿੱਪਲ ਹੇਠਾਂ ਬਣੇ ਥੜ੍ਹੇ 'ਤੇ ਬੈਠ ਗਿਆ। ਉਸੇ ਥੜ੍ਹੇ ਉਪਰ ਇੱਕ ਸੱਤਰ-ਪਚੱਤਰ ਕੁ ਸਾਲਾਂ ਦਾ ਬਜ਼ੁਰਗ ਬੈਠਾ ਸੀ। ਅਚਾਨਕ ਉਹ ਮੇਰੇ ਵੱਲ ਮੂੰਹ ਕਰਕੇ ਉੱਚੀ-ਉੱਚੀ ਪਾਠ ਕਰਨ ਲੱਗਿਆ। ਪਹਿਲਾਂ ਤਾਂ ਮੈਨੂੰ ਬਿਨਾਂ ਦੰਦਾ ਵਾਲੇ ਮੂੰਹ ਵਿਚੋਂ ਨਿਕਲਦੀ ਆਵਾਜ਼ ਦਾ ਕੁੱਝ ਵੀ ਸਮਝ ਨਹੀਂ ਆਇਆ। ਜਦ ਤੱਕ ਮੈਨੂੰ ਪਤਾ ਲੱਗਾ ਕਿ ਬਾਬਾ ਕੀ ਕਹਿੰਦਾ, ਗੁਰੂ ਘਰ ਦਾ ਇੱਕ ਸਿੰਘ ਬੋਲਿਆ-

-ਬਾਬਾ ਬਸ ਕਰ ਹਰ ਵੇਲੇ ਬੋਲੀ ਜਾਨਾਂ-

ਦੂਜਾ ਸਿੰਘ ਬੋਲਿਆ-

-ਬੋਲ ਲੈਣ ਦੇ ਇਹ ਤਾਂ ਜਦ ਵੀ ਮੂੰਹ ਖੋਲ੍ਹਦਾ ਗੁਰਬਾਣੀ ਈ ਬੋਲਦਾ-

ਇਹ ਕਹਿੰਦੇ ਉਹ ਦੋਨੋਂ ਅੱਗੇ ਲੰਘ ਗਏ ਤੇ ਮੈਂ ਬਾਬੇ ਕੋਲ ਬੈਠ ਗਿਆ। ਮੈਂ ਉਸ ਤੋਂ ਪੁੱਛਿਆ -

-ਬਾਬਾ ਜੀ ਕਿੱਥੇ ਦੇ ਰਹਿਣ ਵਾਲੇ ਓ-

ਮੈਂ ਸੋਚਿਆ ਕਿਸੇ ਜੱਥੇ ਨਾਲ ਆਏ ਹੋਣਗੇ।

-ਪੁੱਤਰ! ਮੈਂ ਹਾਂ ਤਾਂ ਕਸ਼ਮੀਰ ਦਾ ਪਰ ਰਹਿੰਦਾ ਇੱਥੇ ਈ ਆਂ ਗਵਾਲੀਅਰ। ਮੈਂ ਖੱਤਰੀ ਆਂ। ਤੈਨੂੰ ਪਤਾ ਈ ਆ ਵੀ ਖੱਤਰੀ ਕਿੰਨੇ ਸਿਆਣੇ ਹੁੰਦੇ ਨੇ-

ਉਹ ਬੇ-ਵਿਸਾਹੀ ਨਾਲ ਇੱਕ ਦਮ ਸਭ ਕੁੱਝ ਦੱਸ ਗਿਆ। ਮੈਨੂੰ ਐਂ ਲੱਗਿਆ ਜਿਵੇਂ ਉਹਨੂੰ ਉਸ ਬਾਰੇ ਕਿਸੇ ਨੇ ਕਦੇ ਕੁੱਝ ਪੁੱਛਿਆ ਈ ਨਾ ਹੋਵੇ। ਓਸੇ ਥੜ੍ਹੇ 'ਤੇ ਬੈਠਾ ਇੱਕ ਹੋਰ ਬੰਦਾ, ਜੋ ਕਿ ਕਿਸੇ ਜੱਥੇ ਨਾਲ ਆਇਆ ਹੋਇਆ ਸੀ, ਸਿਰ ਹੇਠਾਂ ਝੋਲਾ ਰੱਖੀਂ, ਅੱਖਾਂ ਬੰਦ ਕਰੀਂ, ਸਾਰੀਆਂ ਗੱਲਾਂ ਸੁਣ ਰਿਹਾ ਸੀ, ਬੋਲਿਆ-

-ਖੱਤਰੀ ਸਿਆਣੇ ਨੀਂ, ਹਰਾਮੀ ਹੁੰਦੇ ਨੇ-

ਮੈਂ ਉਹਦੀ ਗੱਲ ਸੁਣਕੇ ਬੜਾ ਹੈਰਾਨ ਹੋਇਆ। ਪਰ ਬਾਬਾ ਸ਼ਾਂਤ ਚਿੱਤ ਵਾਹਿਗੁਰੂ ਦਾ ਜਾਪ ਕਰ ਰਿਹਾ ਸੀ। ਮੈਂ ਬਾਬੇ ਨੂੰ ਕਿਹਾ।

-ਬਾਬਾ! ਤੈਨੂੰ ਹਰਾਮੀ ਕਹਿੰਦਾ। ਗੁੱਸਾ ਨੀ ਲੱਗਿਆ?-

ਲੰਬੀ ਚਿੱਟੀ ਦਾਹੜੀ ਹਿੱਲੀ, ਮੁੱਛਾਂ ਪਿੱਛੇ ਲੁੱਕੇ ਬੁੱਲ੍ਹ ਥੋੜ੍ਹਾ ਜਿਹਾ ਮੁਸਕਰਾਏ। ਕੰਬਦਾ ਹੱਥ ਚੁੱਕ ਕੇ ਬਾਬਾ ਉਸ ਅਣਜਾਣ ਬੰਦੇ ਵੱਲ ਇਸ਼ਾਰਾ ਕਰਕੇ ਬੋਲਿਆ।

-ਪੁੱਤਰਾ! ਇਹ ਸਿੱਖ ਆ, ਮਨੁੱਖ ਥੋੜ੍ਹੀ ਆ-

ਬਾਬਾ ਅਪਣੇ ਅੰਦਰ ਸਿੱਖੀ ਦੇ ਵਿਸ਼ਾਲ ਅਰਥ ਸਮੋਈ ਬੈਠਾ ਸੀ। ਮੈਨੂੰ ਬਾਬਾ ਕਲੰਡਰ ਵਿਚਲੀ ਫੋਟੋ ਵਰਗਾ ਲੱਗਿਆ। ਮੈਂ ਮਨੋ-ਮਨੀ ਬਾਬੇ ਨੂੰ ਕਿਹਾ। "ਬਾਬਾ! ਮੈਨੂੰ 'ਦੁਖੀ' ਕਰਨ ਵਾਲਿਆਂ 'ਚ ਹੁਣ ਤੂੰ ਵੀ ਰਲਗਿਆ"

ਮੋਬਾਇਲ :94644-17200

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6

SAVE YOUR TAX

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS


KAPIL SHARMA

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ

ਕਪਿਲ ਸ਼ਰਮਾ ਨਾਲ ਸੰਪਰਕ ਕਰੋ

FOR FAST REFUND USE E-FILES

780-469-2677 FAX : 780-469-2026

## ਫ਼ੋਟੋ ਗੈਲਰੀ








# ਇਹ ਕੇਹੀ ਦੀਵਾਲੀ?

ਦੀਵਾਲੀ 'ਤੇ ਲੋਕ ਇਕ ਦੂਜੇ ਨੂੰ ਸੁੱਕੇ ਮੇਵੇ ਤੋਹਫੇ ਦੇ ਤੌਰ 'ਤੇ ਦੇਣਾ ਪਸੰਦ ਕਰਦੇ ਹਨ ਪਰ ਸ਼ਾਇਦ ਬਹੁਤਿਆਂ ਨੂੰ ਨਹੀਂ ਪਤਾ ਕਿ ਇਹ ਸੁੱਕੇ ਮੇਵੇ ਉਨ੍ਹਾਂ ਤੀਕ ਬਾਲ ਮਜ਼ਦੂਰਾਂ ਦੀ ਸਖਤ ਮਿਹਨਤ ਤੋਂ ਬਾਅਦ ਹੀ ਪਹੁੰਚਦੇ ਹਨ। ਬਦਾਮਾਂ ਨੂੰ ਤੁਹਾਡੇ ਤੱਕ ਪਹੁੰਚਾਉਣ ਲਈ ਕਈ ਵਾਰ ਨਿੱਕੇ ਨਿੱਕੇ ਬੱਚਿਆਂ ਦੇ ਪੈਰਾਂ ਵਿਚ ਡੂੰਘੇ ਜ਼ਖ਼ਮ ਵੀ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਦੀਵਾਲੀ ਰੌਸ਼ਨੀ ਬਿਖੇਰਦੇ ਦੀਵਿਆਂ ਅਤੇ ਫੁੱਲਝੜੀਆਂ ਨਾਲ ਨਹੀਂ ਸਗੋਂ ਆਪਣੇ ਜ਼ਖ਼ਮਾਂ ਦੀ ਡੂੰਘੀ ਪੀੜ ਨਾਲ ਲੰਘ ਜਾਂਦੀ ਹੈ। ਇਹ ਵਿਸ਼ੇਸ਼ ਫ਼ੋਟੋ ਫੀਚਰ ਬੀ.ਬੀ.ਸੀ. ਤੋਂ ਧੰਨਵਾਦ ਸਹਿਤ ਲੈ ਕੇ 'ਨਵੀਂ ਦੁਨੀਆ' ਦੇ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ।










# Asian Western Grocery Store

**8324 - 160 Ave. Edmonton, AB. T5Z 3P1**

**NOW OPEN**

***All indian, Fijian, South African Grocery***

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











**For more information call**
**Balraj @**

**780-756-2225**
**780-660-2061**

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497

## MILLBOURNE ROAD MEDICAL CLINIC

WALK-INS WELCOME

FAMILY PHYSICIANS



Dr. V.K. Thapar (M.D., CCFP)* By Appointments Only

Dr. B.S. Jassar (M.D., Ph.D, CCFP)* Cell: 780 918 0516

Dr. S. Bananda (M.D.)

**Ph: 780 462 4229**

**Fax: 780 462 3315**

131 Millbourne Road East, Lee Ridge Plaza Edmonton, AB T6K 1P6

* Professional Corporation

## WESTFORK Interiors

Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry

Exceptional Quality Customised Solutions

Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2

Tel: 780-490-4983

Fax: 780-490-4982

www.westforkinteriors.com

info@westforkinteriors.com

Gurmail Matharu : 780-990-9349

Ranjit Matharu : 780-907-9889

## Passport Photos



by: Kanwal Lyall

All types of Immigration, Passport, PIO, Citizenship Photos

Phone: 780-952-8017 lyallstudio@gmail.com

## Auto Shine Detailing

Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK

Ph: 780 485 1253

Cell: 780 902 3727

Fax: 780 485 1353

autoshinedetailing@gmail.com

5424-36 Street, Edmonton, Alberta T6B 3P3

## SAVE ON DOOR KNOBS & HANDLES!

Austin Door Lock and Handle Set ONLY $49.99

Villa Passage Knob ONLY $13.99

Taymor TRANSITIONAL

2 Piece Deadbolt ONLY $19.99

Globe Knob ONLY $9.99

## MOULDING SPECIALS!

ALEXANDRIA Moulding

| #5010 | #412 | #411 | #3140 | #357 |
|---|---|---|---|---|
| 1⁹⁄₁₆" x 4⁹⁄₁₆" MDF Primed $1.20 /linear foot | ⁵⁄₈" x 4 ¼" MDF Primed $0.60 /linear foot | ¹¹⁄₁₆" x 3" MDF Primed $0.49 /linear foot | ⅜" x 3¼" MDF Primed $0.29 /linear foot | 2⅛" x ⁷⁄₁₆" MDF Primed $0.19 /linear foot |

## SAVE ON BATHROOM FIXTURES!

4 Piece Bath Set: Infinity and Corona Models

Taymor MODERN

ONLY $24.99

Robe Hook, Towel Bar, Towel Ring, Paper Holder

Concealed Surface Mount, Lifetime warranty, mounting hardware & installation instructions included. Available in a variety of finishes.

## Fancy Doors & Mouldings

JELD-WEN WINDOWS & DOORS · Masonite · ALEXANDRIA Moulding

Show Specials!

**French Doors** — Paris: Double "Paris" Doors ONLY $400.99; Single "Paris" Door ONLY $200.99

Creston ONLY $169.99 Slab; Pantry ONLY $99.99 Slab

**Interior Door** — Bostonian: 6-Panel Pre-Hung 18" x 36" ONLY $55.99

**Exterior Door**: 6-Panel Steel Door with Brick Moulding Pre-Hung (32" or 36") with 4.5" jamb ONLY $149.99

Exterior Wood Doors: A - D103H, B - 1530, C - TDM10H ONLY $5500.00

Exterior Fibreglass Door: Parlaiment Pre-Hung 32" or 36" ONLY $299.00

Interior & Exterior, Prehung Units, Locks & Hardware, French Doors, Bi-Folds, Mouldings & Accessories

Commercial Doors & Hardware, Custom Railing Supplied & Installed

Come visit our new, remodeled showroom!

Alberta Location: 9129 - 35 Avenue, Edmonton, AB T6E 5Y1

Ph: 780-432-7700

Fax: 780-432-7710 www.fancydoors.net

Limited time offer. Expires April 30, 2011

## ਲੋਕ ਗੀਤਾਂ ਦੇ ਨਾਲ ਨਾਲ

# ਤੈਂ ਸਾਡਾ ਦੀਨ ਵੇ ਗਵਾਇਆ



ਡਾ. ਕਰਮਜੀਤ ਸਿੰਘ
ਮੋਬਾ : 099927-32006

ਬੀਨੇਵਾਲ ਤੋਂ ਬਹੁਤ ਸਾਰੇ ਗੀਤ ਇਕੱਠੇ ਕਰਨ ਤੋਂ ਬਾਅਦ ਮੈਂ ਗੁਰਬਚਨੋ ਨਾਲ ਸਲਾਹ ਕੀਤੀ। ਉਨ੍ਹਾਂ ਦਸਿਆ ਕਿ ਕਿ ਲਸਾੜੇ ਬੱਬੂ ਦੀ ਮਾਸੀ ਹੈ। ਨਾਲੇ ਤਾਂ ਉਸ ਨੂੰ ਮਿਲ ਆਵਾਂਗੇ ਨਾਲੇ ਗੀਤਾਂ ਵਾਲਾ ਕੰਮ ਹੋ ਜਾਊ। ਸਕੂਟਰ ਮੈਂ ਕੁਰੂਕਸ਼ੇਤਰ ਤੋਂ ਹੀ ਲੈ ਆਇਆ ਸਾਂ। ਮੈਂ, ਬੱਬੂ ਤੇ ਉਸ ਦੀ ਮੰਮੀ (ਗੁਰਬਚਨੋ) ਸਕੂਟਰ 'ਤੇ ਚੱਲ ਪਏ। ਮਈ ਜੂਨ ਦੇ ਮਹੀਨੇ ਵਿਚ ਸਵੇਰੇ ਹੀ ਲੂ ਵਗਣ ਲੱਗ ਪਈ। ਗੜ੍ਹਸ਼ੰਕਰ ਵਲ ਦੀ ਹੋ ਕੇ ਹੁਸ਼ਿਆਰਪੁਰ ਵਾਲੀ ਸੜਕੇ ਪੈ ਅਸੀਂ ਵਿਚੋਂ ਜਿਹੇ ਉਤਰ ਵੱਲ ਨੂੰ ਸਕੂਟਰ ਮੋੜ ਲਿਆ। ਗੁਰਬਚਨੋ ਕਿਸੇ ਕੰਮ ਰਸਤੇ ਵਿਚ ਉਤਰ ਗਈ। ਮੈਂ ਤੇ ਬੱਬੂ ਪਿੰਡ ਪਹੁੰਚੇ ਤਾਂ ਦੂਰੋਂ ਇਕ ਛੰਨ ਉਧੇੜੀ ਹੋਈ ਸੀ, ਨਵੀਂ ਬਣ ਰਹੀ ਸੀ। ਸਾਹਿਬ ਸਲਾਮ ਕਰ ਕੇ ਅਸੀਂ ਬੈਠਣ ਹੀ ਲੱਗੇ ਸੀ ਕਿ ਬੱਬੂ ਦੇ ਮਾਸੜ ਨੇ ਮੈਨੂੰ ਨਾਲ ਲਿਆ। ਮੰਜਾ ਖੇਸ ਚੁੱਕਿਆ ਤੇ ਸੌ ਕੁ ਮੀਟਰ 'ਤੇ ਬਣ ਰਹੇ ਕਮਰੇ ਵਿਚ ਜਾ ਡਾਹਿਆ। ਮੈਨੂੰ ਇਥੇ ਬੈਠਣ ਲਈ ਕਹਿ ਕੇ ਉਹ ਆਪ ਚਲਾ ਗਿਆ। ਕਮਰੇ ਵਿਚ ਲੂ ਨਾਲ ਪਿੰਡਾ ਝੁਲਸਦਾ ਸੀ, ਪਰ ਮੇਰੀ ਥੋੜ੍ਹੀ ਦੇਰ ਲਈ ਅੱਖ ਲੱਗ ਗਈ। ਅਚਾਨਕ ਅੱਖ ਖੁਲ੍ਹੀ ਤਾਂ ਸਾਰਾ ਸਰੀਰ ਪਸੀਨੇ ਨਾਲ ਭਿੱਜਾ ਸੀ। ਮੈਨੂੰ ਗੁਰਬਚਨੋ ਦੀ ਆਪਣੇ ਜੀਜੇ ਨਾਲ ਬੋਲ ਬੁਲਾਰੇ ਦੀ ਆਵਾਜ਼ ਆਈ, ''ਤੁਸੀਂ ਚੰਗੇ ਓ। ਸਾਡੇ ਡਾਕਟਰ ਸਾਹਿਬ ਨੂੰ ਬਾਹਰ ਪਾ ਤਾ ਉਹ ਕੀ ਕਹਿਣਗੇ?'' ਜੀਜਾ ਅੱਗੋਂ ਮੁਆਫੀ ਮੰਗਣ ਵਾਂਗ ਮੇਰੇ ਬਾਰੇ ਆਪਣਾ ਅਣਜਾਣਪੁਣਾ ਦੱਸ ਰਿਹਾ ਸੀ। ਮੈਨੂੰ ਗੱਲ ਕੁਝ ਕੁਝ ਸਮਝ ਆ ਗਈ ਕਿ ਘਰ ਵਿਚ ਕੁੜੀਆਂ ਹੋਣ ਕਾਰਨ, ਮੈਨੂੰ ਓਪਰਾ ਸਮਝ ਕੇ ਮੇਰੇ ਬਾਹਰ ਡੇਰੇ ਲਵਾ ਦਿਤੇ ਗਏ ਸਨ। ਪਿੰਡਾਂ ਵਿਚ ਇਹ ਸਭ ਕੁਝ ਸੰਭਵ ਸੀ, ਇਸ ਲਈ ਮੈਂ ਇਸ ਗੱਲ ਨੂੰ ਮਨ 'ਤੇ ਨਾ ਲਾਇਆ, ਜੇ ਅਜਿਹੀਆਂ ਗੱਲਾਂ ਦਾ ਗੁੱਸਾ ਮੰਨਾਂ ਫਿਰ ਤਾਂ ਹੋ ਗਏ ਗੀਤ ਇਕੱਠੇ।

ਗੁਰਬਚਨੋ ਮੈਨੂੰ ਘਰ ਲੈ ਗਈ, ਛੰਨ ਹੇਠ। ਰੋਟੀ ਪਾਣੀ ਛਕਦੇ ਰਹੇ ਨਾਲੇ ਆਪਣੇ ਕੰਮ ਦੀਆਂ ਗੱਲਾਂ ਕਰਦੇ ਰਹੇ। ਬੀਨੇਵਾਲ ਦੇ ਅਨੁਭਵ ਸਾਂਝਿਆਂ ਕੀਤੇ ਤਾਂ ਔਰਤਾਂ ਹੌਲੀ ਹੌਲੀ ਮੇਰੀ ਗੱਲ ਮੰਨ ਗਈਆਂ। ਸਾਡੇ ਡੇਰੇ ਹੋਰ ਘਰ ਲੁਆ ਦਿਤੇ ਜਿਥੇ ਬਿਜਲੀ ਦਾ ਇੰਤਜ਼ਾਮ ਸੀ। ਬਿਜਲੀ ਅੱਖਾਂ ਮਾਰਦੀ ਸੀ। ਅਸੀਂ ਸੈੱਲਾਂ ਨੂੰ ਵੀ ਤਿਆਰ ਕਰ ਲਿਆ। ਹੌਲੀ ਹੌਲੀ ਪੂਰੀ ਢਾਣੀ ਇਕੱਠੀ ਹੋ ਗਈ। ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਵਿਚ ਅਮਰੋ, ਪਰੀਤੋ, ਜੈਕੁਰ, ਪਰਗਾਸੋ, ਨਰੇਸ਼ ਬਿਮਲਾ ਦੇਵੀ, ਆਸ਼ਾ, ਨੀਲਮ, ਛਿੰਦੋ, ਤਾਰੋ, ਸ਼ੰਕੁਤਲਾ ਸਾਰੀਆਂ ਸ਼ਾਮਲ ਸਨ। ਕੁੜੀਆਂ ਨੇ ਗੀਤ ਦੱਸਣੇ ਸ਼ੁਰੂ ਕੀਤੇ, ਜੋ ਗੀਤ ਮੇਰੇ ਕੋਲ ਨਹੀਂ ਸਨ, ਉਨ੍ਹਾਂ ਦੀ ਇਕ ਇਕ ਪੰਗਤੀ ਮੈਂ ਲਿਖ ਲਈ। ਕੁੜੀਆਂ ਵਿਚ ਝੁੰਝਲਾਹਟ ਵੀ ਸੀ, ''ਭਾਜੀ ਸਾਰੇ ਗੀਤ ਤਾਂ ਤੁਸੀਂ ਪਹਿਲਾਂ ਹੀ ਭਰੇ ਹੋਏ ਆ।'' ਮੈਂ ਕਿਹਾ, ''ਨਹੀਂ ਆਹ ਦੇਖੋ ਏਨੇ ਗੀਤ ਮੈਂ ਨਹੀਂ ਸੁਣੇ।'' ਮੈਂ ਕਾਗਜ਼ ਮੁਹਰੇ ਕਰ ਦਿਤਾ। ਉਨ੍ਹਾਂ ਦਾ ਮੂੰਹ ਫਿਰ ਵੀ ਮੋਟਾ ਸੀ। ਉਨ੍ਹਾਂ ਨੇ ਘੋੜੀਆਂ, ਸੁਹਾਗ, ਢੋਲਕ ਗੀਤ, ਸਿੱਠਣੀਆਂ ਤੇ ਲੰਮੇ ਗੀਤ ਵੀ ਸੁਣਾਏ। ਘੋੜੀਆਂ ਵਿਚ ਮਾਂ ਦਾ ਪੁਦੀਨਾ ਚੁਗਣਾ, ਚਟਨੀ ਨਾਲ ਲਾੜੇ ਨੂੰ ਰੋਟੀ ਖੁਆਉਣਾ, ਸੱਸ ਨਟਣੀ ਨਾਲ ਗੱਲਾਂ ਕਰਨਾ ਬੜਾ ਸੁਆਦਲਾ ਸੀ। ਵਿਅੰਗ ਗੀਤਾਂ ਦੀਆਂ ਪੰਗਤੀਆਂ 'ਹਵੇਲੀ ਮੰਜਾ ਤੇਰਾ, ਤਿੱਖਣਾਂ ਵਿਚ ਮੰਜਾ ਮੇਰਾ, ਤੈਂ ਕਦੇ ਨਾ ਪਾਇਆ ਫੇਰਾ, ਤੂੰ ਫਿੱਟ ਗਿਆ।' ਮੈਨੂੰ ਅੱਜ ਵੀ ਯਾਦ ਹਨ। ਜਲ੍ਹੋ ਤੇ ਮੁਸੱਲਣ ਦਾ ਗੀਤ 'ਮੇਰੇ ਸ਼ਾਮ ਜੀ ਆਪ ਤਾਂ ਬੰਬਈ ਚੱਲਿਓਂ' ਕਈ ਗੀਤ ਕੁੜੀਆਂ ਨੇ ਸੁਆਦ ਲੈ ਲੈ ਗਏ। ਪਰ ਮੇਰੀ ਇਸ ਦਿਨ ਦੀ ਸਭ ਤੋਂ ਵੱਡੀ ਪੂੰਜੀ ਸੀ ਲੰਮੇ ਹੇਕਾਂ ਵਾਲੇ ਗੀਤ। ਹੇਕ ਇੰਨੀ ਲੰਮੀ ਤੇ ਦਰਦ ਭਰੀ ਸੀ ਕਿ ਮੈਨੂੰ ਸਮਝਣ ਵਿਚ ਔਰਤਾਂ ਦਾ ਸਹਾਰਾ ਲੈਣਾ ਪਿਆ।

'ਹੋਰ ਧੀਆਂ ਦਿਤੀਆਂ ਦੂਣੀ ਤੇ ਦੁਆਬੜੇ' ਮੈਂ ਪਹਿਲਾਂ ਵੀ ਆਪਣੀ ਮਾਤਾ ਜੀ ਤੇ ਭੂਆ ਤੋਂ ਸੁਣਿਆ ਸੀ। ਇਸ ਵਿਚ ਸਿਰਫ ਇਕ ਵੇਰਵਾ ਨਵਾਂ ਸੀ 'ਸੁਣ ਬਾਬਲ ਮੇਰਿਆ, ਦੰਮਾ ਦਿਆ ਲੋਭੀਆ' ਇਸ ਵੇਰਵੇ ਨਾਲ ਦੁਖਾਂਤ ਹੋਰ ਗੂੜ੍ਹਾ ਹੋ ਗਿਆ ਸੀ। ਬਜ਼ੁਰਗ ਔਰਤਾਂ ਨੇ ਦੂਸਰਾ ਗੀਤ ਸ਼ੁਰੂ ਹੀ ਕੀਤਾ ਤਾਂ ਮੈਂ ਇਕਦਮ ਇਕਾਗਰ ਹੋ ਗਿਆ।

ਏ ਜੀ ਕਪਿਲਾ ਗਊਆਂ ਨੇ ਬਣ ਖੰਡ ਚੁਗਣਾ,
ਬਣ ਖੰਡ ਚੁਗਣੇ ਨੂੰ ਜਾਣਾ ਬਈ ਓ।

ਪੰਜਾਬੀ ਗੀਤਾਂ ਵਿਚ ਜਾਨਵਰ ਪਾਤਰ ਨਾਂਹ ਦੇ ਬਰਾਬਰ ਹੀ ਹਨ। ਜਦਕਿ ਹੋਰ ਗੁਆਂਢੀ ਪ੍ਰਾਂਤਾਂ ਵਿਚ ਹਿਰਨ ਹਿਰਨੀਆਂ ਦਾ ਵਿਛੋੜਾ ਆਦਿ ਗੀਤ ਬਹੁਤ ਮਸ਼ਹੂਰ ਹਨ। ਇਸੇ ਲਈ ਇਸ ਗੀਤ ਨੇ ਤੇ ਇਸ ਦੀ ਧੁਨ ਨੇ ਮੈਨੂੰ ਆਪਣੇ ਨਾਲ ਜੋੜ ਲਿਆ। 'ਬਈ ਓ' ਦਾ ਹਲਕਾ ਜਿਹਾ ਲਮਕਾਅ, ਧੀਮੀ ਸੁਰ ਬੜੀ ਮਨਮੋਹਕ ਸੀ।

ਏ ਜੀ ਕਿਹੜੇ ਬਣ ਦਾ ਤੂੰ ਘਾਹ ਕੱਖ ਚੁੱਗਣਾ,
ਕੇਹੜਿਆਂ ਤਾਲਾਂ ਦਾ ਪਾਣੀ ਬਈ ਓ।
ਏ ਜੀ ਬਿੰਦਰਾਬਣ ਦਾ ਮੈਂ ਘਾਹ ਕੱਖ ਚੁੱਗਣਾ,
ਰਾਜੇ ਦੇ ਤਾਲਾਂ ਦਾ ਪਾਣੀ ਬਈ ਓ।

ਪ੍ਰਸ਼ਨ ਕਰਤਾ ਕੌਣ ਹੈ, ਨਹੀਂ ਪਤਾ। ਜਵਾਬ ਦੇਣ ਵਾਲਾ ਵੀ ਗਾਇਬ ਹੈ। ਇਕ ਤਰ੍ਹਾਂ ਦਾ ਸੂਤਰਧਾਰ। 'ਬਿੰਦਰਾਬਣ' ਸ਼ਬਦ ਤੋਂ ਇਉਂ ਵੀ ਸੋਚਿਆ ਜਾ ਸਕਦਾ ਕਿ ਇਹ ਗੀਤ ਬਾਹਰੋਂ ਆਇਆ ਹੈ। ਪਰ ਜੇ ਆਇਆ ਵੀ ਹੋਵੇ ਤਾਂ ਬਹੁਤ ਚਿਰ ਪਹਿਲਾਂ ਦਾ ਹੀ ਹੋ ਸਕਦਾ ਹੈ ਕਿਉਂਕਿ ਪੰਜਾਬੀ ਰੂਪ ਵਿਚ ਭਾਸ਼ਾਈ ਰਲਾ ਕੋਈ ਨਹੀਂ ਹੈ। ਬ੍ਰਿਤਾਂਤ ਬੜਾ ਮਨੋਰੰਜਕ ਹੈ।

ਏ ਜੀ ਚੁਗਦੀ ਚੁਗੇਂਦੀ ਨੂੰ ਸ਼ੇਰ ਰਾਜਾ ਮਿਲਿਆ
ਬਾਤਾਂ ਹੋਈਆਂ ਛੇ ਤੇ ਚਚਾਰ ਬਈ ਓ।

ਲੱਗਦਾ ਸੀ ਕਿ ਬ੍ਰਿਤਾਂਤਕਾਰ ਕਿਸੇ ਵਿਚਾਰ ਦੀ ਪ੍ਰੋੜਤਾ ਕਰਨ ਲਈ ਕਹਾਣੀ ਘੜ ਰਿਹਾ ਸੀ। 'ਬਾਤਾਂ ਹੋਈਆਂ ਛੇ ਤੇ ਚਾਰ' ਨਵਾਂ ਹੀ ਮੁਹਾਵਰਾ ਸਿਰਜਿਆ ਜਾ ਰਿਹਾ ਸੀ।

ਪਹਿਲਾਂ ਕਪਲਾ ਤੇਰੇ ਬਛੜੇ ਨੂੰ ਖਾਵਾਂ
ਫੇਰ ਖਾਵਾਂ ਕਪਲਾ ਤੈਨੂੰ ਬਈ ਓ

ਸ਼ੇਰ ਇਹ ਨਾਂ ਵੀ ਕਹਿੰਦਾ ਤਾਂ ਉਸ ਦੀ ਪ੍ਰਵਿਰਤੀ ਦਾ ਪਤਾ ਹੀ ਹੈ। ਪਰ ਇਥੇ ਤਾਂ ਵਿਚਾਰਾਂ ਹੋ ਰਹੀਆਂ ਸਨ।

ਪਹਿਲੇ ਤਾਂ ਖਾਂ ਲੈ ਮੈਨੂੰ ਤੂੰ ਸ਼ੇਰਾ,
ਫੇਰ ਖਾਵੀਂ ਮੇਰੇ ਬਚੜੇ ਬਈ ਓ।

ਮਾਂ ਦਾ ਬੱਚਿਆਂ ਨਾਲ ਮੋਹ ਇਸ ਹੱਦ ਤਕ ਹੈ ਕਿ ਉਹ ਆਪਣੇ ਸਾਹਵੇਂ ਬੱਚਿਆਂ ਨੂੰ ਖਾਧੇ ਜਾਣਾ ਪ੍ਰਵਾਨ ਨਹੀਂ ਕਰਦੀ, ਪਹਿਲਾਂ ਆਪ ਮਰਨ ਲਈ ਤਿਆਰ ਹੁੰਦੀ ਹੈ। ਰਿਸ਼ਤਿਆਂ ਦੀ ਇਹ ਪ੍ਰਵਿਤਰਤਾ, ਇਨ੍ਹਾਂ ਦੀ ਗਹਿਰਾਈ ਨੂੰ ਹੀ ਪ੍ਰਗਟ ਕਰ ਰਿਹਾ ਸੀ ਇਹ ਗੀਤ।

ਤੂੰ ਤਾਂ ਕਪਲਾ ਮੇਰੇ ਧਰਮ ਦੀ ਭੈਣਾਂ
ਬਛੜਾ ਧਰਮ ਦਾ ਭਾਣਜਾ ਬਈ ਓ

ਇਸੇ ਲਈ ਸ਼ੇਰ (ਤਕੜੀ ਧਿਰ) ਵੀ ਪਸੀਜ ਗਈ ਸੀ ਤੇ ਉਸ ਨੇ ਆਪਣਾ ਰਿਸ਼ਤਾ ਵੀ ਜੋੜ ਲਿਆ ਸੀ। ਇਉਂ ਜਾਨਵਰਾਂ ਰਾਹੀਂ ਕਥਾ ਇਕ ਸੂਹਜ ਸਿਰਜ ਰਹੀ ਸੀ, ਰਿਸ਼ਤਿਆਂ ਦੀ ਗਹਿਰਾਈ ਸੂਹਜ ਨੂੰ ਦੁਗਣਾ ਕਰ ਰਹੀ ਸੀ। ਗੀਤ ਖਤਮ ਹੋ ਗਿਆ ਸੀ। ਔਰਤਾਂ /ਕੁੜੀਆਂ ਮੈਨੂੰ ਸੋਚੀਂ ਪਾ ਕੇ ਅਗਲੇ ਗੀਤ ਯਾਦ ਕਰ ਰਹੀਆਂ ਸਨ।

ਇਕ ਹੋਰ ਗੀਤ ਜਿਸ ਨੇ ਮੈਨੂੰ ਵਖਰੀ ਤਰ੍ਹਾਂ ਸੋਚਣ ਲਾ ਦਿਤਾ, ਉਹ ਸੀ ਇਕ ਪ੍ਰੇਮ ਗੀਤ, ਪਰ ਉਸ ਵਿਚ ਪੇਸ਼ ਹੁੰਦਾ ਸੀ ਜਾਤੀ ਤਾਣਾ ਬਾਣਾ। ਗੀਤ ਆਮ ਗੀਤਾਂ ਵਾਂਗ ਸ਼ੁਰੂ ਹੋਇਆ ਸੀ।

ਖੂਹ ਪਰ ਪਾਣੀ ਨੀਂ ਭਰੇਂਦੀਏ,
ਘੁੱਟ ਕੁ ਪਾਣੀ ਦਾ ਪਲਾ ਦੇ।
ਪਾਣੀ ਤੈਨੂੰ ਤਦ ਮੈਂ ਪਿਲਾਵਾਂਗੀ,
ਜੇ ਸਾਨੂੰ ਘੜਾ ਵੇ ਚਕਾਮੇ।

ਮੁਢਲੇ ਵਾਰਤਾਲਾਪ ਹੀ ਤਕਰਾਰ ਵਾਲੇ ਤੇ ਸ਼ਰਤਾਂ ਲਾਉਣ ਵਾਲੇ ਸਨ। ਆਮ ਤੌਰ 'ਤੇ ਅਜਿਹੇ ਗੀਤਾਂ ਵਿਚ ਰਾਜਾ ਪਾਣੀ ਭਰਦੀ ਔਰਤ ਨੂੰ ਨਾਲ ਚਲਣ ਲਈ ਕਹਿੰਦਾ ਹੈ, ਪਰ ਉਹ ਨੀਵੀਂ ਜਾਤ, ਘਰ ਪਤੀ, ਸੁਹਰੇ, ਸੱਸ, ਨਣਦ ਹੋਣ ਦਾ ਵਾਸਤਾ ਪਾਉਂਦੀ ਹੈ, ਪਰ ਰਾਜਾ ਘਰ ਦੇ ਜੀਆਂ ਨੂੰ ਨੌਕਰੀ ਦੁਆਉਂਦਾ, ਤੇ ਨੀਵੀਂ ਜਾਤ ਨੂੰ ਦਰ ਕਿਨਾਰ ਕਰਦਾ ਪ੍ਰੇਮ ਜਤਾਉਂਦਾ ਹੈ। ਪਰ ਇਹ ਗੀਤ ਵੱਖਰੀ ਤਰ੍ਹਾਂ ਦੇ ਵੇਰਵੇ ਸਿਰਜ ਰਿਹਾ ਸੀ।

ਘੜਾ ਤੈਨੂੰ ਤਦ ਮੈਂ ਚੁਕਾਮਾਗਾ,
ਜੇ ਸਾਡੇ ਨਾਲ ਚੱਲੇਂਗੀ।
ਨਾਲ ਤੇਰੇ ਤਦ ਮੈਂ ਚਲਾਂਗੀ,
ਜੇ ਘਰ ਸੱਸ ਨਾ ਹੋਵੇ।

ਇਥੇ ਉਹ ਸ਼ਰਤਾਂ ਆ ਰਹੀਆਂ ਹਨ, ਜਿਸ ਤਰ੍ਹਾਂ ਦੀਆਂ ਸ਼ਰਤਾਂ 'ਤੇ ਕੋਈ ਵੀ ਕੁੜੀ ਵਿਆਹ ਕਰਾਉਣਾ ਚਾਹੁੰਦੀ ਹੈ। ਇਸ ਲਈ ਮਨੋਇਛਤ ਯਥਾਰਥ ਪੇਸ਼ ਹੋ ਰਿਹਾ ਸੀ। ਜ਼ਾਹਿਰ ਹੈ ਕਿ ਦੂਸਰੀ ਧਿਰ ਵੀ ਕੁੜੀ ਦੇ ਮੁਤਾਬਕ ਬੋਲੇਗੀ।

ਬੁੱਢੀ ਸਾਡੀ ਮਰ ਮੁੱਕ ਗਈ ਨੀ,
ਜੰਦਾ ਕੁੰਜੀ ਤੇਰੇ ਹਵਾਲੇ।
ਨਾਲ ਤੇਰੇ ਮੈਂ ਤਦ ਚਲਾਂਗੀ,
ਜੇ ਘਰ ਭੈਣਾਂ ਨਾ ਹੋਵੇ।
ਭੈਣਾਂ ਸਾਡੀ ਸਹੁਰੇ ਤੁਰ ਗਈ ਨੀ,
ਜੰਦਾ ਕੁੰਜੀ ਤੇਰੇ ਹਵਾਲੇ।
ਜਦ ਆਪਣੇ ਸਹੁਰੇ ਮੈਂ ਗਈ ਵੇ,
ਮਾਤਾ ਤੇਰੀ ਤਾਨਾ ਵੇ ਤਣੇਂਦੀ।

ਸ਼ਰਤਾਂ ਮਨ ਲਈਆਂ ਗਈਆਂ। ਰਿਸ਼ਤਾ ਤੈਅ ਹੋ ਗਿਆ ਪਰ ਨਾਟਕ ਦਾ ਅਗਲਾ ਅੰਕ ਨਾਇਕ ਦੇ ਘਰ ਦਾ ਹੈ, ਜਿਥੇ ਉਹਦੀ ਮਾਂ ਤਾਣਾ ਤਣਦੀ ਹੈ। ਘਰ ਜੁਲਾਹਿਆਂ ਦਾ ਹੈ। ਸ਼ਾਇਦ ਇਹ ਨਾਇਕਾ ਨੂੰ ਮਨਜ਼ੂਰ ਨਹੀਂ ਹੋ ਸਕਦਾ। ਗੀਤ ਦੀ ਟੋਨ ਥੋੜੀ ਮਜ਼ਾਕੀਆ ਹੈ। ਜਿਸ ਘਰ ਇਹ ਗੀਤ ਗਾਇਆ ਜਾ ਰਿਹਾ ਸੀ, ਉਹ ਆਦਿ-ਧਰਮੀਆਂ ਦਾ ਸੀ। ਇਸ ਲਈ ਗੀਤ ਗਾਉਣ ਵਿਚ ਕੋਈ ਸੰਗ ਸੰਗਾ ਨਹੀਂ ਸੀ। ਆਪਣੀ ਜਾਤ ਤੋਂ ਬਾਹਰੀ ਜਾਤਾਂ ਨਾਲ ਜੁੜੇ ਗੀਤਾਂ ਨੂੰ ਗਾਉਣਾ ਸੁਆਦ ਲੈਣਾ ਹੈ। ਗੰਭੀਰਤਾ ਵਾਲੀ ਕੋਈ ਗੱਲ ਨਹੀਂ। ਪਰ ਮੇਰੇ ਵਰਗੇ ਸਰੋਤੇ ਲਈ ਇਹ ਸਮਝ ਸੀ ਕਿ ਗੀਤ ਜਾਤੀ ਜਮਾਤੀ ਸਮਾਜ ਵਿਚ ਹੀ ਪੈਦਾ ਹੋ ਸਕਦੇ ਹਨ। ਇਸੇ ਲਈ ਇਨ੍ਹਾਂ ਦਾ ਅਧਿਐਨ ਮੇਰੇ ਲਈ ਬਹੁਤ ਮਹੱਤਵਪੂਰਨ ਹੈ। ਕੁੜੀਆਂ/ਔਰਤਾਂ ਇਨ੍ਹਾਂ ਸਮੱਸਿਆਵਾਂ ਤੋਂ ਬੇਲਾਗ ਗੀਤ ਪੂਰਾ ਕਰ ਰਹੀਆਂ ਸਨ।

ਜਦ ਤੇਰੇ ਵਿਹੜੇ ਮੈਂ ਗਈ ਵੇ,
ਭੈਣਾਂ ਤੇਰੀ ਨੜ੍ਹੇ ਵੇ ਨੜੇਂਦੀ।
ਮੈਂ ਤੈਨੂੰ ਪੁਛਦੀ ਗੁਆਂਢਣੇ,
ਇਹ ਘਰ ਕਿਹਨਾਂ ਦਾ ਵਜਦਾ।

ਰਹਿੰਦੀ ਸ਼ੱਕ ਨਾਇਕਾ ਗੁਆਂਢਣ ਤੋਂ ਪੁੱਛਣਾ ਚਾਹੁੰਦੀ ਹੈ। ਜੋ ਕਦੇ ਝੂਠ ਨਹੀਂ ਬੋਲੇਗੀ।

ਮੈਂ ਤੈਨੂੰ ਦੱਸਦੀ ਗੁਆਂਢਣੇ,
ਇਹ ਘਰ ਜੁਲਾਹਿਆਂ ਦਾ ਵਜਦਾ।
ਪਰੇ ਹੋ ਕੇ ਮਰ ਵੇ ਜੁਲਾਹਿਆ,
ਤੈਂ ਸਾਡਾ ਦੀਨ ਵੇ ਗਵਾਇਆ।

ਉਚੀ ਜਾਤ ਦੀ ਨਾਇਕਾ ਦੇ ਮਿਹਣੇ ਨਾਲ ਗੀਤ ਖ਼ਤਮ ਹੋ ਗਿਆ। ਪਰ ਪਿੱਛੇ ਛੱਡ ਗਿਆ ਮੇਰੇ ਲਈ ਸੋਚਾਂ ਦੇ ਢੇਰ। ਗੀਤ ਤਾਂ ਹੋਰ ਵੀ ਜਾਤੀ ਵਿਰੋਧਤਾਈਆਂ ਦੇ ਮੈਂ ਸੁਣੇ ਹਨ ਪਰ ਪ੍ਰੇਮੀ ਪ੍ਰੇਮਿਕਾ ਨੂੰ ਇਸ ਹੱਦ ਤਕ ਜਾਤੀ ਅਭਿਮਾਨ ਕਰਦਿਆਂ ਕੋਈ ਗੀਤ ਨਹੀਂ ਮਿਲਦਾ। ਮੇਰੇ ਹਿਸਾਬ ਨਾਲ ਲੋਕ ਸਾਹਿਤ ਦਾ ਅਧਿਐਨ ਕਰਦਿਆਂ ਸਮਾਜ ਦੇ ਇਨ੍ਹਾਂ ਅੰਤਰ ਵਿਰੋਧਾਂ ਨੂੰ ਕਦੇ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

## ਸੁਖਨ ਸਾਜ



ਸੁਲੱਖਣ ਸਰਹੱਦੀ
94174-84337



ਡਾ. ਜਗਤਾਰ, ਸੁਰਜੀਤ ਸਖੀ ਨੂੰ 20ਵੀਂ ਸਦੀ ਦੀ ਸ਼ਾਇਰੀ ਦੀ ਸਭ ਤੋਂ ਵੱਡੀ ਪ੍ਰਾਪਤੀ ਕਹਿੰਦੇ ਸਨ। ਸਖੀ ਦੀ ਗ਼ਜ਼ਲ ਪੰਜਾਬੀ ਨਾਰੀ ਗ਼ਜ਼ਲਕਾਰਾਂ ਦੀ ਸਮੁੱਚੀ ਸ਼ਾਇਰੀ ਤੋਂ ਪਾਰ ਦੇਖਣ ਦੀ ਸਮਰਥਾ ਰਖੱਦੀ ਹੈ ਅਤੇ ਇਹ ਮਾਣ ਅਜੇ ਕਈ ਚਿਰ ਉਸੇ ਨੂੰ ਹਾਸਲ ਰਹੇਗਾ। ਉਹ ਪਹਿਲੀ ਸ਼ਾਇਰਾ ਹੈ ਜਿਸ ਨੇ ਰਵਾਇਤੀ ਹਰਫ਼ਾਂ ਨੂੰ ਉਨ੍ਹਾਂ ਦੇ ਰਵਾਇਤੀ ਮੁਕੱਰਰ ਖ਼ਾਨੇ 'ਚੋਂ ਕੱਢ ਕੇ ਨਵੇਂ ਅਰਥ ਪ੍ਰਦਾਨ ਕੀਤੇ। ਉਸ ਨੇ ਔਰਤ ਗ਼ਜ਼ਲਕਾਰ ਹੁੰਦਿਆਂ ਔਰਤ ਪਾਤਰ ਦਾ ਹੋਰ ਸ਼ਾਇਰਾਵਾਂ ਵਾਂਗ ਨਾਜਾਇਜ਼ ਲਾਭ ਨਹੀਂ ਉਠਾਇਆ। ਉਹ ਸ਼ਿਅਰਾਂ ਵਿਚ ਆਦਮੀ ਨੂੰ ਫਾਲਤੂ ਸੰਬੋਧਤ ਨਹੀਂ ਹੁੰਦੀ ਅਤੇ ਗ਼ਜ਼ਲੀ ਅਸ਼ਲੀਲਤਾ ਸਿਰਜ ਕੇ ਆਪਣੇ ਵੱਲ ਨੰਗੇ ਧਿਆਨ ਨਹੀਂ ਖਿਚਦੀ। ਉਹ ਫਿਲਾਸਫੀ ਦੀ ਸ਼ਾਇਰਾ ਹੈ ਪਰ ਔਰਤ ਜ਼ਾਤ ਦੇ ਵਲਵਲੇ ਭਰਪੂਰ ਪ੍ਰਸੰਗਾਂ ਨੂੰ ਜਦ ਉਹ ਸ਼ਿਅਰਾਂ ਵਿਚ ਢਾਲਦੀ ਹੈ ਤਾਂ ਮਰਦ ਨੂੰ ਲੋੜ ਜੋਗਾ ਸੰਬੋਧਨ ਵੀ ਹੁੰਦੀ ਹੈ। ਉਹ ਔਰਤ ਨੂੰ ਨਦੀ, ਘਟਾ, ਝੀਲ, ਧਰਤੀ, ਖੁਸ਼ਬੂ, ਪਿਆਸ, ਮੁਰਾਦ, ਚਾਨਣੀ, ਪੀਂਘ ਅਤੇ ਸ਼ਬਨਮ ਨਾਲ ਤੁਲਨਾਅ ਕੇ ਸ਼ਾਇਰੀ ਦੀ ਜ਼ੁਬਾਨ ਸਿਰਜਦੀ ਹੈ। 'ਸਖੀ' ਦੀ ਗ਼ਜ਼ਲ ਦੇ ਰੰਗ ਜ਼ਿੰਦਗੀ ਦੇ ਹਰ ਰੰਗ ਵਿਚ ਘੁਲੇ ਹੋਏ ਹਨ। ਆਪਣੀ ਜ਼ਾਤ ਨੂੰ ਉਹ ਔਰਤ ਜ਼ਾਤ ਨਾਲ ਮੇਚ ਕੇ ਪੇਸ਼ ਕਰਦੀ ਹੈ। ਪੈਰਾਂ ਵਾਲੀ ਜ਼ਮੀਨ ਤੋਂ ਲੈ ਕੇ ਕੁਲ ਜਹਾਨ ਤਕ ਉਸ ਦੇ ਸ਼ਿਅਰਾਂ ਦੀ ਪਹੁੰਚ ਹੈ। ਦੁਨੀਆ ਦਾ ਕੋਈ ਮਨੁੱਖਤਾ ਵਿਰੋਧੀ ਵਰਤਾਰਾ ਉਸ ਦੀ ਕਲਮ ਤੋਂ ਪਰ੍ਹੇ ਨਹੀਂ ਰਹਿੰਦਾ। ''ਮੈਂ ਸਿਕੰਦਰ ਨਹੀਂ'' ਉਸ ਦੇ ਗ਼ਜ਼ਲ ਸੰਗ੍ਰਹਿ ਨੇ ਉਸ ਨੂੰ ਪੰਜਾਬੀ ਗ਼ਜ਼ਲ ਦੀ ਸਿਖਰਤਾ ਪ੍ਰਦਾਨ ਕੀਤੀ। ਸਾਡੀ ਨਜ਼ਰ ਵਿਚ 'ਸਖੀ' ਦਾ ਪੰਜਾਬੀ ਗ਼ਜ਼ਲ ਦੇ ਆਕਾਸ਼ ਵਿਚ 'ਚੰਨ' ਜਿਹਾ ਮੁਕਾਮ ਹੈ। ਮੈਂ ਸਖੀ ਨੂੰ ਪੰਜਾਬੀ ਗ਼ਜ਼ਲ ਦੀ ਸ਼ਾਇਰਾਤ ਵਿਚੋਂ ਸਭ ਤੋਂ ਵੱਡੀ ਸ਼ਾਇਰਾ ਮੰਨਦਾ ਹਾਂ।

ਉਸ ਕਿਹਾ ਸੀ ਇਹੋ, ਸਰਦ ਹੰਝੂ ਮਿਰੇ,
ਸੁਲਘਦੇ ਹੱਥ 'ਤੇ ਧਰਦਿਆਂ ਧਰਦਿਆਂ।
ਨਾ ਹੰਢਾਉਣੀ ਪਵੇ, ਪਿਆਸ ਤੈਨੂੰ ਕਿਤੇ,
ਸੇਕ ਹਾਲਾਤ ਦਾ ਜਰਦਿਆਂ ਜਰਦਿਆਂ।

ਆਮ ਇਨਸਾਨ ਹਾਂ, ਮੈਂ ਸਿਕੰਦਰ ਨਹੀਂ,
ਨਾ ਸੀ ਦੁਨੀਆ ਨੂੰ ਜਿੱਤਣ ਦੀ ਖ਼ਾਹਿਸ਼ ਕੋਈ,
ਇਹ ਜ਼ਮਾਨਾ ਤਾਂ ਐਵੇਂ ਫ਼ਤਹਿ ਹੋ ਗਿਆ,
ਸਿਰਫ਼ ਤੈਨੂੰ ਫ਼ਤਹਿ ਕਰਦਿਆਂ ਕਰਦਿਆਂ।

ਲੈ ਲੈ ਵਾਪਸ ਤਿਲਿਸਮੀ ਘੜੀ ਵਸਲ ਦੀ,
ਮੈਨੂੰ ਫਿਰ ਤੋਂ ਉਹੀ ਫ਼ਾਸਲੇ ਮੋੜ ਦੇ,
ਕਰਨ ਦੇ ਪਾਰ ਦੀਵਾਨਗੀ ਦੀ ਨਦੀ,
ਡੁਬਦਿਆਂ ਡੁਬਦਿਆਂ, ਤਰਦਿਆਂ ਤਰਦਿਆਂ।

ਇਹ ਹੈ ਦਬੀ ਅਜੇ, ਪਰ ਬੁਝੀ ਤਾਂ ਨਹੀਂ,
ਤੂੰ ਨਾ ਫਿਰ ਏਸ ਅੱਗ ਨੂੰ, ਹਵਾ ਹੋਰ ਦੇਹ,
ਇਹ ਵੀ ਸੋਚੀਂ, ਕਿ ਕਦ ਤਕ ਜੀਏਗਾ ਕੋਈ,
ਸਹਿਮਿਆਂ ਸਹਿਮਿਆਂ, ਡਰਦਿਆਂ ਡਰਦਿਆਂ।
ਧੋ ਦਏਗੀ ਲਹੂ ਸਾਰਾ ਆਕਾਸ਼ 'ਚੋਂ,
ਜੋ ਸਵੇਰੇ ਦੇ ਨੈਣਾਂ 'ਚੋਂ ਸ਼ਬਨਮ ਕਿਰੀ,
ਰਾਤ ਢਲ ਜਾਏਗੀ, ਦਿਨ ਨਿਕਲ ਆਏਗਾ,
ਜ਼ਖ਼ਮ ਭਰ ਜਾਣਗੇ, ਭਰਦਿਆਂ ਭਰਦਿਆਂ।

---------

ਉਸਾਰੀ ਤਾਜ ਦੀ ਕਿਧਰੇ, ਕਿਤੇ ਕਿੱਸਾ ਤਬਾਹੀ ਦਾ।
ਨਜ਼ਰ ਕਿਸ ਕਿਸ ਤਰ੍ਹਾਂ ਆਏ ਨਸ਼ਾ ਜੋ ਬਾਦਸ਼ਾਹੀ ਦਾ।

ਚਮਨ ਵਿਚ, ਹਰ ਕਿਸੇ ਦੇ ਹੱਥ ਵਿਚ, ਕਲੀਆਂ ਦੇ ਗਜਰੇ ਨੇ,
ਬੜਾ ਚਰਚਾ ਸੀ ਏਥੇ, ਫੁੱਲ ਤੋੜਨ ਦੀ ਮਨਾਹੀ ਦਾ।

ਕਲਮ ਜੋ ਵੇਚ ਕੇ ਯਾਰੋ, ਅਸਾਂ ਹਥਿਆਰ ਲੈ ਆਂਦੇ,
ਕਿਵੇਂ ਇਤਿਹਾਸ ਲਿਖਾਂਗੇ, ਫਿਰ ਆਪਣੀ ਬੇਗੁਨਾਹੀ ਦਾ।

ਇਦ੍ਹੇ ਹੋਠਾਂ 'ਤੇ ਲੱਗੇ ਖੌਫ਼ ਦੇ ਤਾਲੇ ਜ਼ਰਾ ਵੇਖੋ,
ਪੜ੍ਹੋ ਖਾਂ ਮੁਨਸਿਫੋ! ਕੀ ਆਖਦੈ ਚਿਹਰਾ ਗਵਾਹੀ ਦਾ।
ਗ਼ਜ਼ਲ ਜਦ ਸੱਚ ਕਹਿੰਦੀ ਹੈ, ਤਾਂ ਰਬ ਦਾ ਰੂਪ ਲਗਦੀ ਹੈ,
ਇਬਾਦਤ ਵਾਂਗਰਾ ਲਗਦਾ ਹੈ ਫਿਰ, ਚਰਚਾ ਸੁਰਾਹੀ ਦਾ।

---------

ਇਹ ਚੌਕ ਚੁਬਾਰੇ ਨਹੀਂ ਰਹਿਣੇ, ਇਕ ਸਾਵਾਂ ਰਾਹ ਹੋ ਜਾਏਗਾ।
ਪਰਦੇ ਵਿਚ ਸੂਰਜ ਕੈਦ ਨਾ ਕਰ, ਪਰਦਾ ਹੀ ਫ਼ਨਾਹ ਹੋ ਜਾਏਗਾ।

ਚੱਲ ਯਾਰ! ਵਫ਼ਾ ਦੀ ਮਹਿਫਿਲ ਵਿਚ, ਸਿਰ ਤਲੀਆਂ ਉਤੇ ਲੈ ਚਲੀਏ,
ਇਕ ਤੇਰਾ ਗਵਾਹ ਹੋ ਜਾਏਗਾ, ਇਕ ਮੇਰਾ ਗਵਾਹ ਹੋ ਜਾਏਗਾ।

ਗੁਸਤਾਖ਼ ਹਵਾ ਜੇ ਤੇਜ਼ ਰਹੀ, ਤਾਂ ਐਸਾ ਲਗਦਾ ਹੈ ਇਕ ਦਿਨ,
ਜੀਣਾ ਵੀ ਗੁਨਾਹ ਹੋ ਜਾਏਗਾ, ਮਰਨਾ ਵੀ ਗੁਨਾਹ ਹੋ ਜਾਏਗਾ।

ਉਸਦੇ ਸਤਰੰਗੀ ਜਲਵੇ ਤਾਂ, ਫਿਰਕ ਹੋਰ ਵੀ ਕਾਤਿਲ ਹੋ ਜਾਣੇ,
ਜਦ ਆਪਣੇ ਹੁਸਨ ਸਵਾਲੀ ਤੋਂ, ਉਹ ਬੇਪਰਵਾਹ ਹੋ ਜਾਏਗਾ।

ਇਹ ਧਰਤੀ ਹੈ ਜ਼ਰਖੇਜ਼ ਬਹੁਤ, ਨਾ ਬੀਜੀਂ ਅਗ ਦੇ ਬੀ ਏਥੇ,
ਇਹ ਫ਼ਸਲਾਂ ਵਦਦਾ ਵਦਦਾ ਹੀ, ਸੰਸਾਰ ਤਬਾਹ ਹੋ ਜਾਏਗਾ।

# ਨਵੇਂ ਰਾਹ ਤਲਾਸ਼ਦੀ ਰਮਨ ਦੀ ਕਵਿਤਾ

ਸੁਭਾਸ਼ ਤਿਵਾੜੀ
98726-62197

‘ਇਕਤਾਰੇ ਤਾਂ ਚੁੱਪ ਹੋ ਗਏ’ ਕਾਵਿ ਸੰਗ੍ਰਹਿ ਵਿਚ ਰਮਨ ਦੇ ਪਹਿਲਾਂ ਪ੍ਰਕਾਸ਼ਿਤ ਕਾਵਿ-ਸੰਗ੍ਰਹਿ ‘ਮੋਰਚੇ ਤੋਂ ਬਾਹਰ’, ‘ਬੂੰਦ ਬੂੰਦ ਬਰਸਾਤ’, ‘ਪੁਲਾਂ ਦੇ ਟੁੱਟ ਜਾਣ ਮਗਰੋਂ’ ਅਤੇ ਨਵੇਂ ਕਾਵਿ-ਸੰਗ੍ਰਹਿ ‘ਤਾਲਾ’ ਦੀਆਂ ਸਮੁੱਚੀਆਂ ਕਵਿਤਾਵਾਂ ਹਨ।

ਰਮਨ ਦੀ ਕਵਿਤਾ ਮਨੁੱਖੀ ਮਨ ਦੇ ਵੇਗ, ਹੇਰਵੇ ਅਤੇ ਸੰਵੇਦਨਾਵਾਂ ਦੇ ਵਹਿਣ ਨੂੰ ਢੁੱਕਵੇਂ ਸ਼ਬਦਾਂ ਵਿਚ ਪਰੋ ਕੇ ਸਮੂਰਤ ਕਰਦੀ ਹੈ। ਇਹ ਸੰਭਾਵਨਾਵਾਂ ਭਰਪੂਰ ਕਵਿਤਾ ਜ਼ਿੰਦਗੀ ਨੂੰ ਨਾ ਸਿਰਫ ਮਾਨਣ ਲਈ ਪ੍ਰੇਰਿਤ ਕਰਦੀ ਹੈ ਸਗੋਂ ਜ਼ਿੰਦਗੀ ਦੇ ਹਰੇਕ ਚੰਗੇ-ਮਾੜੇ ਪਲਾਂ ਵਿਚੋਂ ਨਵੇਂ ਰਾਹ ਤਲਾਸ਼ਣ ਦੀ ਗੱਲ ਵੀ ਕਰਦੀ ਹੈ।

ਮੈਂ ਕਿਹਾ ਲੈ ਜਾ
ਹੁਣ ਇਹ ਕਿਸ ਕੰਮ?
ਪਰ-
ਕੀ ਕਰੇਂਗੀ ਤੂੰ ਇਹਨਾਂ ਦਾ।

ਇਹਨਾਂ ’ਚ ਬਾਬੂ ਜੀ
ਫਰਨੈਲ ਪਾਵਾਂਗੀ
ਹਾਰਪਿਕ ਪਾਵਾਂਗੀ
ਹੋਰ ਵੀ ਬਥੇਰੇ ਕੰਮ ਆਉਣਗੀਆਂ।

ਇਹ ਸਭ ਕਿਹਾ ਸਫ਼ਾਈ ਸੇਵਿਕਾ ਨੇ
ਤਾਂ ਮੈਨੂੰ
ਖ਼ਾਲੀ ਬੋਤਲਾਂ
ਖ਼ਾਲੀ ਨਾ ਲੱਗੀਆਂ
ਅਨੇਕਾਂ ਸੰਭਾਵਨਾਵਾਂ ਨਾਲ
ਭਰਪੂਰ ਜਾਪੀਆਂ

ਰਾਜਨੀਤੀ ’ਤੇ ਵਿਅੰਗ ਕਰਦੀ ਕਵਿਤਾ, ਆਮ ਮਨੁੱਖ ਨੂੰ ਰਾਜਨੀਤਿਕਾਂ ਦੀ ਅੰਦਰੂਨੀ ਸੋਚ ਨਾਲ ਜਾਣੂ ਕਰਵਾਉਂਦੀ ਹੈ। ਸਿਆਸੀ ਕਰਿੰਦੇ ਕਿਸ ਤਰ੍ਹਾਂ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਲੋਕਤੰਤਰ ਦਾ ਮਜਾਕ ਉਡਾਉਂਦੇ ਹਨ ਅਤੇ ਆਪਸੀ ਸਹਿਮਤੀ ਨਾਲ ਲੋਕਾਂ ਨੂੰ ਲਗਾਤਾਰ ਲੁੱਟਣ ਦਾ ਸਿਲਸਿਲਾ ਜਾਰੀ ਰੱਖਦੇ ਹਨ। ਇਥੋਂ ਤੱਕ ਕਿ ਲੋਕਰਾਜ ਨੂੰ ਸਹੀ ਢੰਗ ਨਾਲ ਚਲਾਉਣ ਵਾਲੇ ਅਧਿਕਾਰੀ ਵੀ ਰਾਜਨੀਤਿਕ ਪਾਰਟੀਆਂ ਨਾਲ ਮਿਲ ਕੇ ਲੋਕਾਂ ਦੀ ਲੁੱਟ ਬਰਕਬਾਰ ਰੱਖਦੇ ਹਨ।

ਲੋਕ ਰਾਜ ਕੋਲ
ਸ਼ਨਾਖਤੀ ਕਾਰਡ ਨਹੀਂ ਸੀ
ਵੋਟ ਪਾਉਣ ਤੋਂ ਜਵਾਬ ਮਿਲਿਆ ਤਾਂ ਉਹ-
ਚੋਣ ਅਧਿਕਾਰੀ ਅੱਗੇ
ਹੱਥ ਬੰਨ੍ਹ ਖਲੋ ਗਿਆ
ਗਿੜਗਿੜਾਇਆ;
ਮਾਪਿਓ, ਗਰੀਬ ਨਾਲ ਧੱਕਾ ਨਾ ਕਰੋ
ਚੋਣ ਅਧਿਕਾਰੀ ਨੇ ਸੋਚਿਆ;
ਚੋਣ ਸਭ ਲਈ ਬਰਾਬਰ
ਕੀ ਅਮੀਰ ਤੇ ਕੀ ਗਰੀਬ
ਫਿਰ ਉਸਦਾ ਮੱਥਾ ਠਣਕਿਆ
ਮਨ ਪਸੀਜ ਗਿਆ
ਚੋਣ ਅਧਿਕਾਰੀ ਨੇ
ਪਾਰਟੀ ਏਜੰਟਾਂ ਦੀ ਸਹਿਮਤੀ ਨਾਲ
ਲੋਕ ਰਾਜ ਨੂੰ




ਵੋਟ ਪਾਉਣ ਦੀ
ਇਜ਼ਾਜਤ ਦੇ ਦਿੱਤੀ

ਬਾਹਰ ਆਉਣ ’ਤੇ
ਸਿਆਸੀ ਕਰਿੰਦੇ ਨੇ
ਲੋਕ ਰਾਜ ਨੂੰ
ਅਦਾਇਗੀ ਕਰ ਦਿੱਤੀ।

‘ਜ਼ਰਾ ਆਂਖ ਮੇ ਭਰਲੋ ਪਾਨੀ’ ਨਾਮੀ ਕਵਿਤਾ ਸ਼ਹੀਦਾਂ ਦੇ ਉਡਾਏ ਜਾ ਰਹੇ ਮਜ਼ਾਕ ਦੀ ਵਿਆਖਿਆ ਕਰਦੀ ਹੈ। ਰਾਜਨੀਤਿਕ ਲੋਕ ਅਤੇ ਕਾਰਜਕਾਰੀ ਅਧਿਕਾਰੀ ਕਿਸ ਤਰ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਮਿੱਟੀ ’ਚ ਮਿਲਾਉਂਦੇ ਹੋਏ ਦੇਸ਼ ਦੇ ਮਾਹੌਲ ਨੂੰ ਰਾਜਨੀਤਿਕ ਤੌਰ ’ਤੇ ਗੰਧਲਾ ਕਰ ਰਹੇ ਹਨ।

ਫ਼ਿਜਾ ਅਜੇ ਤੀਕ ਬੇਰੰਗ ਹੈ

ਜ਼ਿਲ੍ਹੇ ਦਾ ਆਹਲਾ ਅਫ਼ਸਰ
ਸੈੱਲ ਫੋਨ ’ਤੇ ਗਰਜਿਆ
‘ਕਾਕਾ, ਤੇਰੀ ਡਿਊਟੀ ਲਾਈ ਸੀ ਪਰ
ਅਜੇ ਤੱਕ ਨਹੀਂ ਆਏ
ਪੰਦਰਾਂ ਮਿੰਟਾਂ ਦੇ ਅੰਦਰ ਅੰਦਰ
ਭਗਤ ਸਿੰਘ ਭੇਜ- ਨਹੀਂ ਤਾਂ-

ਇਨਚਾਰਜ ਨੇ
ਪੰਦਰਾਂ ਮਿੰਟਾਂ ਦੇ ਅੰਦਰ
ਭਗਤ ਸਿੰਘਾਂ ਦੀਆਂ ਭਰੀਆਂ ਗੱਡੀਆਂ
ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਮਾਗਮ ’ਚ ਆ ਉਤਾਰੀਆਂ।

ਘੱਟ ਗਿਣਤੀ ਅਤੇ ਬਹੁ ਗਿਣਤੀ ਦੇ ਆਪਸੀ ਸੰਬੰਧਾਂ ਦੇ ਅਹਿਸਾਸ ਤਾਂ ਸਾਰੀ ਦੁਨੀਆ ’ਚ ਇਕੋ ਜਿਹੇ ਹਨ। ਘੱਟ ਗਿਣਤੀ ਦੁਨੀਆ ਵਿਚ ਹਰ ਥਾਂ ’ਤੇ ਬਹੁ ਗਿਣਤੀ ਦੇ ਰਵੱਈਏ ਮੁਤਾਬਕ ਹੀ ਢਲਦੀ ਹੈ। ‘ਨੂਰਦੀਨ’ ਨਾਮਕ ਕਵਿਤਾ ਵਿਚ ਨੂਰਦੀਨ ਨੂੰ ਜਨਮ ਭੋਇੰ ਤੋਂ ਵਿਛੜਨ ਦਾ ਹੇਰਵਾ ਤਾਂ ਹੈ ਪਰ ਰੋਜ਼ਾਨਾ ਪਲ ਪਲ ਮਰਨ ਨਾਲੋਂ ਉਹ ਆਪਣਿਆਂ ਵਿਚ ਰਹਿ ਕੇ ਸੰਤੁਸ਼ਟੀ ਮਹਿਸੂਸ ਕਰਦਾ ਹੈ।

ਮੁੱਦਤ ਮਗਰੋਂ
ਏਧਰ ਆਪਣੇ ਪਿੰਡ ਆਇਆ ਨੂਰਦੀਨ
ਸ਼ਾਇਦ
ਆਪਣੇ ਵਡਾਰੂਆਂ ਦੀ ਮਿੱਟੀ ਨੂੰ
ਨਤ ਮਸਤਕ ਹੋਣ ਲਈ
ਜਾਂ ਸ਼ਾਇਦ
ਹੇਰਵਾ ਹਾਵੀ ਹੋ ਗਿਆ ਹੋਵੇ
ਆਪਣੀ ਜੰਮਣ ਭੋਇੰ ਦਾ

‘ਆਪਣਾ ਵਤਨ ਛੱਡਣ ਦਾ ਦੁੱਖ ਤਾਂ ਹੋਊ?’

‘ਕੋਈ ਦੁੱਖ ਨੀਂ ਸਰਦਾਰੋ।
ਆਪਣਿਆਂ ’ਚ ਰਹੀਦੈ
ਏਧਰ ਤਾਂ ਤੁਸੀਂ - ਮੇਰੀ ਕੌਮ ਤੋਂ
ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ
ਬਦਲਾ ਹੀ ਲਈ ਜਾਣਾ ਸੀ ... ਆਏ ਦਿਨ’

ਕਵਿਤਾ ਵਿਚਲੇ ਉਪਰੋਕਤ ਅਹਿਸਾਸ ਨੂੰ ਸਿਰਫ ਉਹ ਲੋਕ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਨੇ ਇਹ ਜ਼ਿੰਦਗੀ ਆਪ ਹੰਢਾਈ ਹੈ। ਰਮਨ ਦੀਆਂ ਕੁਝ ਕਵਿਤਾਵਾਂ ਨਿੱਜੀ ਯਾਦਾਂ ਦੇ ਸੂਖਮ ਅਹਿਸਾਸਾਂ ਨੂੰ ਪੇਸ਼ ਕਰਦੀਆਂ ਹਨ। ਇਸ ਤਰ੍ਹਾਂ ਲਗਦਾ ਹੈ ਕਿ ਰਮਨ ਦੀ ਕਵਿਤਾ ਦਾ ਹਰ ਸ਼ਬਦ ਉਸਦੇ ਨਿੱਜੀ ਪਲਾਂ ਦੀ ਦਾਸਤਾਨ ਪੇਸ਼ ਕਰਦਾ ਹੈ। ਆਮ ਪਾਠਕ ਦੇ ਨਾਤੇ ਉਸਦੀ ਕਵਿਤਾ ਦੀ ਥਾਹ ਪਾਉਣੀ ਸੰਭਵ ਨਹੀਂ ਜਾਪਦੀ ਕਿਉਂਕਿ ਉਸਦੀ ਕਵਿਤਾ ਦੇ ਸ਼ਬਦਾਂ ਪਿੱਛੇ ਅਨੰਤ, ਅਸੀਮਤ ਦਿਸ਼ਾਵਾਂ ਹਨ ਜਿਵੇਂ :

ਸਬੱਬ ਹੈ
ਬੰਦੀ ਖ਼ਾਨਿਆਂ ਦੀ ਕੋਈ ਥੁੜ ਨਹੀਂ
ਸਬੱਬ ਹੈ ਕਿ
ਅਪਣੱਤ ਦੀ ਵੱਖਰੀ-ਵੱਖਰੀ ਹੈ ਹਰ ਥਾਂ ਪਰਿਭਾਸ਼ਾ
ਸਬੱਬ ਹੈ ਕਿ-
ਤੇਰੇ ਗਿਰਦ
ਤੇਰੀ ‘ਤੂੰ’ ਵੀ ਤੈਨਾਤ ਰਹਿੰਦੀ ਹੈ ਸਦਾ
ਸਬੱਬ ਹੈ ਕਿ-
ਸਿਦਕ ਕੇਵਲ
ਠਿੱਠ ਹੋਣ ਦਾ ਮੁੱਦਾ ਬਣ ਰਹਿ ਗਿਆ ਹੈ
ਸ਼ਾਇਦ ਇਸ ਕਰਕੇ ਕਿ-
ਤੂੰ ਨਹੀਂ ਮੇਰੀ
ਅੱਖਾਂ ’ਚ ਛਲਕ ਆਉਂਦਾ ਸਮੁੰਦਰ ਮੇਰਾ ਹੈ।

‘ਬੇਬੋ’, ਜਿਸਦੀ ਜ਼ੁਬਾਨ ’ਤੇ ਆ ਕੇ ਹਰ ਸ਼ਬਦ ਕਵਿਤਾ ਬਣ ਜਾਂਦਾ ਹੈ, ਦੇ ਨਾਂ ਕੀਤੀ ਕਿਤਾਬ ਇਸ ਗੱਲ ਦਾ ਸੂਚਕ ਹੈ ਕਿ ਬੇਬੋ ਦੀ ਗੁੜ੍ਹਤੀ ਕਾਰਨ ਹੀ ਰਮਨ ਦੀ ਕਵਿਤਾ ਦਾ ਲਿਖਿਆ ਹਰ ਸ਼ਬਦ ਮਨੁੱਖੀ ਮਨ ਦੀ ਵੇਦਨਾ ਨੂੰ ਪ੍ਰਗਟ ਕਰਦਾ ਹੈ।

ਉਤਰੀ ਅਮਰੀਕਾ ਵਿਚ ਕਿਤਾਬ ਪ੍ਰਾਪਤੀ ਲਈ ਅਦਾਰਾ ‘ਨਵੀਂ ਦੁਨੀਆ’ ਨਾਲ ਹੇਠ ਲਿਖੇ ਪਤੇ ’ਤੇ ਸੰਪਰਕ ਕੀਤਾ ਜਾ ਸਕਦਾ ਹੈ :
**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

ਪੰਜਾਬੀ ਹੈਰੀਟੇਜ ਥਿਏਟਰ ਸੋਸਾਇਟੀ ਆਫ ਅਲਬਰਟਾ ਦੀ ਪੇਸ਼ਕਸ਼
ਰਾਤ ਬਾਕੀ ਹੈ...




ਪੰਜਾਬੀ ਰੰਗ ਮੰਚ ਦੇ ਬਾਬਾ ਬੋਹੜ
ਭਾਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ)
ਦੀ ਯਾਦ ਵਿੱਚ ਪੰਜਾਬੀ ਨਾਟਕਾਂ ਦਾ ਮੰਚਨ
ਕਿਵੁ ਕੂੜੇ ਤੁਟੇ ਪਾਲੁ
ਸੰਤਾਪ
ਨਵੰਬਰ 12, 2011 ਬਾਅਦ ਦੁਪਿਹਰ 2:00 ਵਜੇ
ਸਬ ਥਿਏਟਰ
(Myer Horowitz Theatre )
8900 - 114 Street, Edmonton, AB
Ticket $10.00
ਟਿਕਟ $10.00
For More information:
Parmjeet Gill 780.660.2900
Ashok Gangwani 780.267.4947
PUNJABI HERITAGE THEATRE SOCIETY OF ALBERTA
ਹੋਰ ਜਾਣਕਾਰੀ ਲਈ:
ਪਰਮਜੀਤ ਗਿੱਲ 780.660.2900
ਅਸ਼ੋਕ ਗੰਗਵਾਨੀ 780.267.4947

BeLL

STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary
Vancouver
Contact
780-951-7260

e-mail: dhaliwalsd@hotmail.com, www.acitylimousine.com

ਲੂ ਸ਼ੁਨ ਦੀ ਸ਼ਾਹਕਾਰ ਕਹਾਣੀ

# ਇਕ ਪਾਗ਼ਲ ਦੀ ਡਾਇਰੀ



ਅਨੁਵਾਦ :
ਜੈਨਿੰਦਰ ਚੌਹਾਨ
98884-76763

ਲੂ ਸ਼ੁਨ, ਚੋਊ ਸ਼ੂ-ਜ਼ੇਨ ਦਾ ਕਲਮੀ ਨਾਂ ਹੈ। ਉਹਨੂੰ ਅਜੋਕੇ ਚੀਨੀ ਸਾਹਿਤ ਦਾ ਪਿਤਾਮਾ ਕਿਹਾ ਜਾਂਦਾ ਹੈ ਅਤੇ ਚੀਨੀ ਸਭਿਆਚਾਰਕ ਇਨਕਲਾਬ ਲਈ ਉੱਚੇ ਮਾਪਦੰਡਾਂ ਦਾ ਸਥਾਪਕ ਵੀ। ਉਸਦਾ ਜਨਮ ਚੀਕਿਆਂਗ ਸੂਬੇ ਦੇ ਸ਼ਾਉਹਸਿੰਗ ਵਿਖੇ 1881 ਨੂੰ ਹੋਇਆ ਤੇ ਉਸ ਦੀ ਮੌਤ 1936 ਵਿਚ ਸ਼ਿੰਘਾਈ ਵਿਖੇ ਹੋਈ। ਬਹੁਤ ਪਹਿਲਾਂ 1918 ਵਿਚ "ਮੇਅ ਫੋਰਥ'' ਲਹਿਰ ਤੋਂ ਇਕ ਸਾਲ ਪਹਿਲਾਂ, ਉਸਨੇ ਅਪਣੀ ਇਕ ਕਹਾਣੀ "ਇਕ ਪਾਗ਼ਲ ਦੀ ਡਾਇਰੀ'' (A Madman's Diary) ਪ੍ਰਕਾਸ਼ਤ ਕੀਤੀ ਸੀ ਜਿਸ ਵਿਚ ਉਸ ਨੇ ਚੀਨੀ ਲੋਕਾਂ ਨੂੰ ਸਾਮੰਤਵਾਦੀ ਤਾਕਤਾਂ ਵਿਰੁੱਧ ਯੁੱਧ ਛੇੜਨ ਲਈ, ਖੜ੍ਹੇ ਹੋਣ ਪ੍ਰਤੀ ਜਾਗਰੂਕ ਕਰਨ ਲਈ, ਅਪਣੀ ਅਵਾਜ਼ ਬੁਲੰਦ ਕੀਤੀ ਸੀ। ਫੇਰ ਉਸ ਤੋਂ ਬਾਅਦ ਉਸਦੇ ਕੰਮ ਚੀਨੀ ਲੋਕਾਂ ਦੇ ਇਨਕਲਾਬ ਪ੍ਰਤੀ ਸਮਰਪਤ ਰਹੇ ਸਨ ਤੇ ਇਸ ਲਈ ਉਸਨੇ ਅਪਣੀ ਮੌਤ ਤੱਕ ਇਕ ਨਿਰੰਤਰ ਯੁੱਧ ਛੇੜੀ ਰੱਖਿਆ ਸੀ। ਬਾਅਦ ਦੇ ਸਾਲਾਂ ਵਿਚ (1927 ਤੋਂ ਬਾਅਦ) ਉਹ ਚੀਨੀ ਕਮਿਊਨਿਸਟ ਪਾਰਟੀ ਦੇ ਬਹੁਤ ਨਜ਼ਦੀਕ ਹੋ ਗਿਆ ਸੀ ਅਤੇ ਮਜ਼ਦੂਰ ਵਰਗ ਲਈ ਇਕ ਨਿਡਰ ਯੋਧਾ ਅਤੇ ਵਿਚਾਰਧਾਰਕ ਬਣ ਗਿਆ ਸੀ।

ਉਹ ਨਿਰੰਤਰ ਸਿਰਜਨਹਾਰ ਸੀ, ਉਸਨੇ ਤਿੰਨ ਕਹਾਣੀ ਸੰਗ੍ਰਹਿ "Call To The Arms'', "Wandering'' ਅਤੇ "Old Tales Retold'', ਨਿਬੰਧਾਂ ਦੇ ਸੋਲਾਂ ਸੰਗ੍ਰਹਿ, ਜਿਨ੍ਹਾਂ ਵਿਚ "Hot Air`` ਅਤੇ "The Grave'' ਵੀ ਸ਼ਾਮਲ ਹਨ, ਵੀ ਲਿਖੇ। ਉਸ ਵੱਲੋਂ ਦੂਜੀਆਂ ਭਾਸ਼ਾਵਾਂ ਵਿਚੋਂ ਕੀਤੇ ਅਨੁਵਾਦਾਂ ਵਿਚ ਫੈਰੇਡੇ ਦਾ "The Nineteen'' ਗੋਗੋਲ ਦਾ "Dead Souls'' ਅਤੇ ਪੈਂਟਾਲੀਵ ਦਾ "The Watch'' ਸ਼ਾਮਲ ਹਨ। ਲੂ ਸ਼ੁਨ ਨੇ ਚੀਨੀ ਗਲਪ ਦਾ ਸੰਖੇਪ ਇਤਿਹਾਸ ਵੀ ਲਿਖਿਆ ਹੈ।

ਦੋ ਭਰਾ ਸਨ, ਉਨ੍ਹਾਂ ਦੇ ਨਾਂ ਮੈਂ ਨਹੀਂ ਦੱਸਾਂਗਾ। ਉਹ ਮੇਰੇ ਸਕੂਲ ਸਮੇਂ ਦੇ ਦੋਸਤ ਸਨ। ਦੋਹਾਂ ਨਾਲ ਮੇਰੀ ਚੰਗੀ ਦੋਸਤੀ ਸੀ। ਪਰ ਕਈ ਸਾਲਾਂ ਤੋਂ ਸਾਡੀ ਕੋਈ ਮੁਲਾਕਾਤ ਨਾ ਹੋਈ ਅਤੇ ਸੰਪਰਕ ਟੁੱਟ ਗਿਆ। ਕੁੱਝ ਮਹੀਨੇ ਪਹਿਲਾਂ ਸੁਣਿਆ ਕਿ ਉਨ੍ਹਾਂ ਵਿੱਚੋਂ ਇਕ ਭਰਾ ਬਿਮਾਰ ਹੈ। ਮੈਂ ਅਪਣੇ ਪਿੰਡ ਜਾ ਰਿਹਾ ਸੀ, ਸੋਚਿਆ ਰਸਤੇ ਵਿਚ ਉਨ੍ਹਾਂ ਨੂੰ ਵੀ ਮਿਲਦਾ ਜਾਵਾਂ। ਉਨ੍ਹਾਂ ਦੇ ਘਰ ਗਿਆ ਤਾਂ ਇਕ ਭਰਾ ਨਾਲ ਹੀ

ਮੁਲਾਕਾਤ ਹੋ ਸਕੀ। ਉਸਨੇ ਦੱਸਿਆ ਕਿ ਛੋਟਾ ਭਰਾ ਬਿਮਾਰ ਸੀ।

ਦੋਸਤ ਨੇ ਕਿਹਾ,"ਤੇਰੇ ਦਿਲ ਵਿਚ ਸਾਡੇ ਲਈ ਕਿੰਨਾਂ ਪਿਆਰ ਹੈ। ਸਾਡਾ ਖ਼ਿਆਲ ਕਰਕੇ ਤੂੰ ਸਾਨੂੰ ਕਿੰਨੀ ਦੂਰੋਂ ਮਿਲਣ ਆਇਐਂ। ਛੋਟਾ ਭਰਾ ਹੁਣ ਠੀਕ ਹੈ। ਉਸਨੂੰ ਸਰਕਾਰੀ ਨੌਕਰੀ ਮਿਲ ਗਈ ਹੈ, ਉਹ ਉਥੇ ਹੀ ਗਿਆ ਹੈ''। ਵੱਡੇ ਭਰਾ ਨੇ ਦੋ ਮੋਟੀਆਂ ਡਾਇਰੀਆਂ ਮੈਨੂੰ ਦਿਖਾਈਆਂ ਤੇ ਕਿਹਾ ਕਿ ਜੇ ਕੋਈ ਇਨ੍ਹਾਂ ਨੂੰ ਪੜ੍ਹ ਲਵੇ ਤਾਂ ਭਰਾ ਦੀ ਬਿਮਾਰੀ ਦਾ ਰਹੱਸ ਲੱਭ ਜਾਏਗਾ ਤੇ ਅਪਣੇ ਪੁਰਾਣੇ ਦੋਸਤ ਨੂੰ ਇਹ ਦਿਖਾਉਣ ਵਿਚ ਕੀ ਹਰਜ਼ ਹੈ। ਮੈਂ ਡਾਇਰੀਆਂ ਲੈ ਆਇਆ ਅਤੇ ਪੜ੍ਹ ਲਈਆਂ। ਮੈਂ ਸਮਝ ਗਿਆ ਕਿ ਉਹ ਨੌਜਵਾਨ ਅਜੀਬ ਜਿਹੀ ਦਹਿਸ਼ਤ ਅਤੇ ਮਾਨਸਿਕ ਬਿਮਾਰੀ ਨਾਲ ਪੀੜਤ ਸੀ। ਲਿਖਾਈ ਬੜੀ ਉਲਝੀ ਹੋਈ ਸੀ ਅਤੇ ਸਾਫ਼ ਵੀ ਨਹੀਂ ਸੀ। ਕਈ ਬਿਨਾਂ ਸਿਰ-ਪੈਰ ਦੇ ਦੋਸ਼ ਵੀ ਸਨ। ਪੰਨਿਆਂ 'ਤੇ ਤਰੀਕਾਂ ਨਹੀਂ ਸਨ। ਸਿਆਹੀ ਦੇ ਵੱਖ ਵੱਖ ਰੰਗਾਂ ਤੋਂ ਪਤਾ ਲੱਗਦਾ ਸੀ ਕਿ ਇਹ ਅੱਗੇ ਪਿੱਛੇ ਲਿਖੀਆਂ ਗਈਆਂ ਲਿਖਤਾਂ ਹੋਣਗੀਆਂ। ਕੁੱਝ ਗੱਲਾਂ ਸਪਸ਼ਟ ਵੀ ਸਨ ਤੇ ਸਮਝ ਆ ਜਾਂਦੀਆਂ ਸਨ। ਸਿਹਤ

ਵਿਗਿਆਨ ਵਿਚ ਖੋਜ ਦੀ ਦ੍ਰਿਸ਼ਟੀ ਤੋਂ ਉਪਯੋਗੀ ਹੋ ਸਕਣ ਵਾਲੇ ਕੁੱਝ ਪੰਨਿਆਂ ਨੂੰ ਮੈਂ ਨਕਲ ਕਰ ਲਿਆ। ਡਾਇਰੀਆਂ ਦੀ ਇਕ ਵੀ ਬੇਤੁਕੀ ਗੱਲ ਨੂੰ ਮੈਂ ਨਹੀਂ ਬਦਲਿਆ, ਬਸ ਨਾਂ ਬਦਲ ਦਿੱਤੇ ਹਨ। ਹਾਲਾਂਕਿ ਦੂਰ ਪਿੰਡ ਵਸਦੇ ਉਨ੍ਹਾਂ ਲੋਕਾਂ ਨੂੰ ਜਾਣਦਾ ਵੀ ਕੌਣ ਹੈ। ਸਿਰਲੇਖ ਵੀ ਲੇਖਕ ਨੇ ਹੀ ਦਿੱਤਾ ਹੋਇਆ ਹੈ। ਜ਼ਾਹਿਰ ਹੈ ਦਿਮਾਗ਼ ਠਿਕਾਣੇ ਆਉਣ 'ਤੇ ਹੀ ਦਿੱਤਾ ਹੋਵੇਗਾ। ਮੈਂ ਉਸ ਨੂੰ ਵੀ ਨਹੀਂ ਬਦਲਿਆ।

1

ਅੱਜ ਚੰਦਰਮਾ ਬੜਾ ਚਮਕਦਾਰ ਅਤੇ ਸਾਫ਼ ਹੈ। ਤੀਹ ਸਾਲਾਂ ਤੋਂ ਚੰਦਰਮਾ ਨਹੀਂ ਸੀ ਦੇਖਿਆ। ਇਸ ਲਈ ਅੱਜ ਦੀ ਚੰਨ ਚਾਨਣੀ ਰਾਤ ਵਿਚ ਮਨ ਅੰਦਰ ਇਕ ਅਜੀਬ ਜਿਹਾ ਉਤਸ਼ਾਹ ਉਮ੍ਹੜ ਰਿਹਾ ਹੈ। ਲੱਗਦਾ ਹੈ ਕਿ ਲੰਘ ਗਏ ਤੀਹ ਸਾਲ ਐਵੇਂ ਹੀ ਅੰਧਕਾਰ ਵਿਚ ਬਿਤਾ ਦਿੱਤੇ। ਪਰ ਹੁਣ ਹੁਸ਼ਿਆਰ ਰਹਿਣਾ ਹੋਏਗਾ। ਕੋਈ ਗੱਲ ਤਾਂ ਜ਼ਰੂਰ ਹੈ। ਨਹੀਂ ਤਾਂ ਚਾਓ ਪਰਿਵਾਰ ਦਾ ਕੁੱਤਾ ਮੈਨੂੰ ਦੋ ਵਾਰ ਕਿਉਂ ਘੂਰਦਾ।

ਹਾਂ, ਮੈਂ ਸਮਝਦਾ ਹਾਂ, ਮੇਰੀ ਸ਼ੰਕਾ ਬੇਮਤਲਬ ਨਹੀਂ ਹੈ।

2

ਅੱਜ ਹਨੇਰੀ ਰਾਤ ਹੈ। ਚੰਦਰਮਾ ਦਾ ਕੁੱਝ ਪਤਾ ਨਹੀਂ। ਲੱਛਣ ਸ਼ੁਭ ਨਹੀਂ ਲੱਗਦੇ। ਅੱਜ ਸਵੇਰੇ ਬਾਹਰ ਗਿਆ ਤਾਂ ਮੈਂ ਬਹੁਤ ਸਾਵਧਾਨ ਸੀ। ਮਿਸਟਰ ਚਾਓ ਨੇ ਮੈਨੂੰ ਇਉਂ ਦੇਖਿਆ ਜਿਵੇਂ ਮੈਨੂੰ ਦੇਖ ਕੇ ਡਰ ਗਏ ਹੋਣ। ਜਿਵੇਂ ਮੇਰਾ ਖ਼ੂਨ ਕਰ ਦੇਣਾ ਚਾਹੁੰਦੇ ਹੋਣ। ਸੱਤ ਅੱਠ ਹੋਰ ਬੰਦੇ ਵੀ ਮੇਰੀਆਂ ਨਜ਼ਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦਿਆਂ ਮੇਰੇ ਬਾਰੇ ਕਾਨਾਫੂਸੀ ਕਰ ਰਹੇ ਸਨ। ਜਿੰਨੇ ਵੀ ਬੰਦੇ ਮਿਲੇ ਸਾਰਿਆਂ ਦਾ ਇਹੋ ਹਾਲ ਸੀ। ਉਨ੍ਹਾਂ ਵਿੱਚੋਂ ਜਿਹੜਾ ਸਭ ਤੋਂ ਡਰਾਉਣਾ ਸੀ, ਮੈਨੂੰ ਦੇਖਦੇ ਹੀ ਦੰਦ ਕੱਢਣ ਲੱਗਿਆ। ਮੈਂ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਮੈਂ ਸਮਝ ਗਿਆ ਇਨ੍ਹਾਂ ਨੇ ਸਾਰੀ ਤਿਆਰੀ ਕਰ ਲਈ ਹੈ।

ਮੈਂ ਡਰਿਆ ਨਹੀਂ, ਅਪਣੀ ਰਾਹ ਚਲਦਾ ਗਿਆ। ਕੁੱਝ ਬੱਚੇ ਅੱਗੇ ਅੱਗੇ ਜਾ ਰਹੇ ਸਨ। ਉਹ ਵੀ ਮੇਰੀ ਹੀ ਗੱਲ ਕਰ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵੀ ਮਿਸਟਰ ਚਾਓ ਵਾਂਗ ਹੀ ਸਨ ਤੇ ਚਿਹਰੇ ਡਰ ਨਾਲ ਭੂਕ ਪੀਲੇ। ਸੋਚ ਰਿਹਾ ਸੀ ਕਿ ਮੈਂ ਇਨ੍ਹਾਂ ਲੜਕਿਆਂ ਦਾ ਕੀ ਵਿਗਾੜਿਆ ਹੈ। ਇਹ ਮੇਰੇ ਨਾਲ ਨਰਾਜ਼ ਕਿਉਂ ਨੇ। ਰਿਹਾ ਨਾ ਗਿਆ ਤਾਂ ਮੈਂ ਪੁੱਛ ਹੀ ਲਿਆ,"ਕਿਉਂ ਕੀ ਗੱਲ ਹੈ?'' ਪਰ ਉਹ ਸਾਰੇ ਦੌੜ ਗਏ।

ਕੁਝ ਸਮਝ ਨਹੀਂ ਲੱਗਦਾ ਕਿ ਮਿਸਟਰ ਚਾਓ ਨਾਲ ਆਖ਼ਰ ਮੇਰਾ ਝਗੜਾ ਹੈ ਕੀ? ਰਾਹ ਜਾਂਦੇ ਲੋਕਾਂ ਦਾ ਮੈਂ ਕੀ ਵਿਗਾੜਿਆ ਹੈ? ਬਸ ਏਨਾ ਯਾਦ ਹੈ ਕਿ ਵੀਹ ਸਾਲ ਪਹਿਲਾਂ ਮਿਸਟਰ ਕੂ ਚਿ ਉ। ਦੀ ਸਾਲਾਂ ਪੁਰਾਣੀ ਬਹੀ 'ਤੇ ਮੇਰਾ ਪੈਰ ਟਿਕ ਗਿਆ ਸੀ ਤੇ ਮਿਸਟਰ ਕੂ ਬਹੁਤ ਨਰਾਜ਼ ਹੋ ਗਏ ਸਨ। ਪਰ ਕੂ ਦਾ ਚਾਓ ਨਾਲ ਕੀ ਸੰਬੰਧ? ਇਕ ਦੂਜੇ ਨੂੰ ਜਾਣਦੇ ਵੀ ਨਹੀਂ, ਹੋ ਸਕਦੈ ਚਾਓ ਨੇ ਇਸ ਬਾਰੇ ਸੁਣ ਲਿਆ ਹੋਵੇ ਤੇ ਮੈਥੋਂ ਇਸ ਦਾ ਬਦਲਾ ਲੈਣ ਦੀ ਠਾਣ ਲਈ ਹੋਵੇ ਤੇ ਉਹ ਰਾਹ ਚਲਦੇ ਲੋਕਾਂ ਨੂੰ ਵੀ ਮੇਰੇ ਖ਼ਿਲਾਫ਼ ਭੜਕਾ ਰਹੇ ਹੋਣ। ਪਰ ਇਨ੍ਹਾਂ ਬੱਚਿਆਂ ਨੇ ਇਸ ਸਭ ਤੋਂ ਕੀ ਲੈਣਾ ਹੈ। ਇਹ ਤਾਂ ਉਦੋਂ ਪੈਦਾ ਵੀ ਨਹੀਂ ਸੀ ਹੋਏ। ਇਹ ਲੋਕ ਮੈਨੂੰ ਘੂਰ ਘੂਰ ਕੇ ਕਿਉਂ ਦੇਖ ਰਹੇ ਨੇ ਜਿਵੇਂ ਮੈਥੋਂ ਡਰੇ ਹੋਏ ਹੋਣ। ਮੇਰਾ ਖ਼ੂਨ ਕਰ ਦੇਣ ਲਈ ਮੌਕਾ ਤਾੜ ਰਹੇ ਹੋਣ। ਬਹੁਤ ਘਬਰਾਹਟ ਹੁੰਦੀ ਹੈ, ਕੀ ਕਰਾਂ? ਅਜੀਬ ਪ੍ਰੇਸ਼ਾਨੀ ਹੈ।

ਮੈਨੂੰ ਲੱਗਦੈ ਇਹ ਸਭ ਇਨ੍ਹਾਂ ਨੇ ਅਪਣੇ ਮਾਂ-ਬਾਪ ਤੋਂ ਸਿੱਖ ਲਿਆ ਹੋਣੈ?

3

ਰਾਤ ਨੂੰ ਨੀਂਦ ਨਹੀਂ ਆਉਂਦੀ, ਬਿਨਾਂ ਸੋਚੇ ਵਿਚਾਰੇ ਕੋਈ ਗੱਲ ਸਮਝ ਨਹੀਂ ਲੱਗ ਸਕਦੀ।

ਇਨ੍ਹਾਂ ਲੋਕਾਂ ਨੂੰ ਦੇਖੋ। ਇਹ ਕਈਆਂ ਨੂੰ ਮੈਜਿਸਟਰੇਟ ਹਵਾਲਾਤ ਵਿਚ ਬੰਦ ਕਰਵਾ ਚੁਕਿਆ ਹੈ, ਬਹੁਤ ਲੋਕਾਂ ਨੇ ਅਮੀਰ ਜਗੀਰਦਾਰਾਂ ਤੋਂ ਕੁੱਟ ਖਾਧੀ ਹੈ, ਬਹੁਤਿਆਂ ਦੀਆਂ ਘਰ ਵਾਲੀਆਂ ਨੂੰ ਸਰਕਾਰੀ ਅਮਲੇ ਦੇ ਲੋਕ ਚੁੱਕ ਕੇ ਲੈ ਗਏ ਨੇ; ਕਈਆਂ ਦੇ ਮਾਂ-ਬਾਪ ਸ਼ਾਹੂਕਾਰਾਂ ਤੋਂ ਪ੍ਰੇਸ਼ਾਨ ਹੋ ਕੇ ਗਲ 'ਚ ਫਾਂਸੀ ਲਗਾ ਕੇ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਪਰ ਇਨ੍ਹਾਂ ਸਾਰੀਆ ਗੱਲਾਂ ਨੂੰ ਯਾਦ ਕਰਕੇ ਵੀ ਇਨ੍ਹਾਂ ਲੋਕਾਂ ਦੀਆਂ ਅੱਖਾਂ 'ਚ ਕਦੇ ਐਨਾ ਖ਼ੂਨ ਨਹੀਂ ਉਤਰਿਆ ਹੋਏਗਾ, ਕਦੇ ਐਨਾ ਗੁੱਸਾ ਨਹੀਂ ਆਇਆ ਹੋਏਗਾ ਜਿੰਨਾ ਕਿ ਕੱਲ੍ਹ ਦੇਖਣ ਨੂੰ ਮਿਲਿਆ।

ਉਸ ਜਨਾਨੀ ਨੂੰ ਕੀ ਕਹਾਂ? ਕੱਲ ਗਲੀ 'ਚ ਅਪਣੇ ਮੁੰਡੇ ਨੂੰ ਕੁੱਟਦਿਆਂ ਚੀਖ਼ ਰਹੀ ਸੀ,"ਬਦਮਾਸ਼ ਕਿਤੇ ਦਾ! ਤੇਰੀ ਚਮੜੀ ਉਧੇੜ ਦਿਆਂਗੀ! ਬੋਟੀ ਬੋਟੀ ਕਰ ਦਿਆਂਗੀ ਤੇਰੀ! ਤੂੰ ਮੇਰਾ ਕਾਲਜਾ ਸਾੜਿਆ ਹੈ।'' ਉਹ ਵਾਰ ਵਾਰ ਮੇਰੇ ਵੱਲ ਦੇਖਣ ਲੱਗਦੀ। ਮੈਂ ਕੰਬ ਗਿਆ। ਬਹੁਤ ਘਬਰਾਹਟ ਹੋਈ। ਕਰੂਰ ਚਿਹਰੇ ਤੇ ਲੰਬੇ ਲੰਬੇ ਦੰਦਾਂ ਵਾਲੇ ਲੋਕ ਹੱਸਣ ਲੱਗੇ। ਬੁੱਢਾ ਛੇਨ ਝੱਟ ਪੱਟ ਅੱਗੇ ਆਇਆ ਅਤੇ ਮੈਨੂੰ ਬਾਂਹੋਂ ਫੜ੍ਹ ਕੇ ਘਰ ਲੈ ਆਇਆ। ਛੇਨ ਮੈਨੂੰ ਘਰ ਲੈ ਆਇਆ ਸੀ। ਸਭ ਲੋਕ ਐਦਾਂ ਦੇ ਬਣ ਗਏ ਸਨ ਜਿਵੇਂ ਮੈਨੂੰ ਪਛਾਣਦੇ ਹੀ ਨਾ ਹੋਣ। ਮੈਂ ਉਨ੍ਹਾਂ ਦੀਆਂ ਅੱਖਾਂ ਪਛਾਣੀਆਂ। ਉਨ੍ਹਾਂ ਦੀਆਂ ਅੱਖਾਂ ਵਿਚ ਵੀ ਉਹੀ ਗਲੀ ਵਾਲੇ ਲੋਕਾਂ ਵਾਲੀ ਹੀ ਗੱਲ ਸੀ। ਜਿਉਂ ਹੀ ਮੈਂ ਪੜ੍ਹਨ ਵਾਲੇ ਕਮਰੇ ਵਿਚ ਆਇਆ, ਉਨ੍ਹਾਂ ਨੇ ਇਕਦਮ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਕੁੰਡੀ ਲਗਾ ਦਿੱਤੀ। ਜਿਵੇਂ ਕਿਸੇ ਮੁਰਗੇ ਜਾਂ ਬਤਖ਼ ਨੂੰ ਖੁੱਡੇ ਵਿਚ ਬੰਦ ਕਰ ਦਿੱਤਾ ਜਾਵੇ। ਮੈਂ ਹੋਰ ਵੀ ਪ੍ਰੇਸ਼ਾਨ ਹੋ ਗਿਆ।

ਕੁੱਝ ਦਿਨ ਪਹਿਲਾਂ ਦੀ ਗੱਲ ਹੈ, ਭੇੜੀਏ ਦੇ ਬੱਚੇ ਵਾਲੇ ਪਿੰਡੋਂ ਸਾਡਾ ਇੱਕ ਸੀਰੀ ਫਸਲ ਖ਼ਰਾਬ ਹੋਣ ਦੀ ਖ਼ਬਰ ਦੇਣ ਆਇਆ ਸੀ। ਉਸ ਨੇ ਮੇਰੇ ਵੱਡੇ ਭਰਾ ਨੂੰ ਦੱਸਿਆ ਕਿ ਪਿੰਡ ਵਾਲਿਆਂ ਨੇ ਪਿੰਡ ਦੇ ਇਕ ਬਦਨਾਮ ਗੁੰਡੇ ਨੂੰ ਘੇਰ ਲਿਆ ਅਤੇ ਕੁੱਟ ਕੁੱਟ ਕੇ ਮਾਰ ਦਿੱਤਾ। ਕੰਮ ਤਮਾਮ ਕਰਨ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਛਾਤੀ ਪਾੜ ਕੇ ਕਲੇਜਾ ਅਤੇ ਦਿਲ ਬਾਹਰ ਕੱਢ ਲਿਆ, ਉਸ ਨੂੰ ਤੇਲ ਵਿਚ ਭੁੰਨ ਕੇ ਵੰਡ ਕੇ, ਖਾ ਗਏ, ਤਾਂ ਕਿ ਉਹ ਵੀ ਉਸ ਗੁੰਡੇ ਦੀ ਤਰ੍ਹਾਂ ਦਲੇਰ ਬਣ ਜਾਣ। ਮੈਥੋਂ ਰਿਹਾ ਨਾ ਗਿਆ, ਮੈਂ ਉਸ ਨੂੰ ਟੋਕ ਦਿੱਤਾ। ਮੇਰਾ ਭਰਾ ਤੇ ਉਹ ਬੰਦਾ ਮੈਨੂੰ ਘੂਰਨ ਲੱਗੇ। ਬਿਲਕੁਲ ਉਸੇ ਤਰ੍ਹਾਂ ਘੂਰ ਰਹੇ ਸਨ ਜਿਵੇਂ ਅੱਜ ਸੜਕ ਉਤੇ ਲੋਕਾਂ ਦੀਆਂ ਨਜ਼ਰਾਂ।

ਇਹ ਸੋਚ ਕੇ ਸਿਰ ਤੋਂ ਪੈਰਾਂ ਤੱਕ ਸਾਰਾ ਸਰੀਰ ਕੰਬਣ ਲੱਗਦਾ ਹੈ ਕਿ ਇਹ ਲੋਕ ਆਦਮਖ਼ੋਰ ਨੇ। ਇਹ ਮੈਨੂੰ ਵੀ ਖਾ ਸਕਦੇ ਨੇ। ਯਾਦ ਆ ਰਿਹਾ ਹੈ ਉਹ ਜਨਾਨੀ ਵੀ ਇਹੀ ਕਹਿ ਰਹੀ ਸੀ "ਤੇਰੀਆਂ ਬੋਟੀਆਂ ਕਰ ਦਿਆਂਗੀ।'' ਕਰੂਰ ਚਿਹਰੇ ਤੇ ਲੰਬੇ ਦੰਦਾਂ ਵਾਲੇ ਲੋਕ ਹੱਸ ਰਹੇ ਸਨ। ਤੇ ਉਸ ਆਦਮੀ ਨੇ ਜੋ ਕਹਾਣੀ ਸੁਣਾਈ... ... ... ਇਹ ਸਭ ਗੁੱਝੇ ਜਿਹੇ ਇਸ਼ਾਰੇ ਹਨ। ਇਨ੍ਹਾਂ ਲੋਕਾਂ ਦੀਆਂ ਗੱਲਾਂ ਕਿੰਨੀਆਂ ਜ਼ਹਿਰੀਲੀਆਂ ਨੇ। ਇਨ੍ਹਾਂ ਦਾ ਹਾਸਾ ਖੰਜਰ ਦੀ ਧਾਰ ਦੀ ਤਰ੍ਹਾਂ ਕੱਟਦਾ ਹੈ। ਇਨ੍ਹਾਂ ਦੇ ਲੰਬੇ ਚਿੱਟੇ ਦੰਦ ਆਦਮੀਆਂ ਦਾ ਹੱਡ-ਮਾਸ ਖਾ ਖਾ ਕੇ ਚਮਕ ਗਏ ਹਨ। ਇਹ ਸਾਰੇ ਆਦਮਖ਼ੋਰ ਨੇ।

ਮੈਂ ਜਾਣਦਾ ਹਾਂ ਕਿ ਭਾਵੇਂ ਮੈਂ ਕੋਈ ਬੁਰਾ ਆਦਮੀ ਨਹੀਂ ਪਰ ਜਦੋਂ ਤੋਂ ਮਿਸਟਰ ਕੂ ਚੀ ਦੀ ਬਹੀ 'ਤੇ ਮੇਰਾ ਪੈਰ ਟਿਕਿਆ ਹੈ ਲੋਕ ਮੇਰੇ ਪਿੱਛੇ ਪੈ ਗਏ ਹਨ। ਇਨ੍ਹਾਂ ਲੋਕਾਂ ਦੇ ਮਨ ਵਿਚ ਐਸੀ ਗੰਢ ਪੈ ਗਈ ਹੈ ਕਿ ਮੈਂ ਕੁਝ ਵੀ ਨਹੀਂ ਕਰ ਸਕਦਾ। ਇਹ ਲੋਕ ਜਦੋਂ ਕਿਸੇ ਨਾਲ ਵਿਗੜ ਜਾਣ ਤਾਂ ਉਸ ਨੂੰ ਬਦਮਾਸ਼ ਸਮਝਣ ਲੱਗਦੇ ਨੇ। ਚੰਗੀ ਤਰ੍ਹਾਂ ਯਾਦ ਹੈ ਵੱਡਾ ਭਰਾ ਮੈਨੂੰ ਲੇਖ ਲਿਖਣੇ ਸਿਖਾਉਂਦਾ ਹੁੰਦਾ ਸੀ। ਕੋਈ ਆਦਮੀ ਕਿੰਨਾ ਵੀ ਚੰਗਾ ਹੋਵੇ ਜੇ ਮੈਂ ਉਸ ਵਿਚ ਕੋਈ ਨੁਕਸ ਕੱਢਦਾ ਤਾਂ ਉਸ ਨੂੰ ਚੰਗਾ ਲਗਦਾ। ਜੇ ਮੈਂ ਕਿਸੇ ਦੇ ਦੋਸ਼ਾਂ 'ਤੇ ਪਰਦਾ ਪਾਉਂਦਾ ਤਾਂ ਉਹ ਕਹਿੰਦਾ,"ਬਹੁਤ ਚੰਗਾ! ਇਹ ਤੇਰੀ ਨਵੀਂ ਸਮਝ ਹੈ!'' ਇਨ੍ਹਾਂ ਲੋਕਾਂ ਦੇ ਮਨ ਦੀ ਥਾਹ ਮੈਂ ਕਿਵੇਂ ਪਾ ਸਕਦਾ ਹਾਂ, ਖ਼ਾਸਕਰ ਜਦੋਂ ਇਹ ਕਿਸੇ ਨੂੰ ਖਾ ਜਾਣ ਦੀ ਗੱਲ ਸੋਚ ਰਹੇ ਹੋਣ।

ਬਹੁਤ ਡੂੰਘਾਈ ਨਾਲ ਸੋਚ ਵਿਚਾਰ ਕੀਤੇ ਬਿਨਾਂ ਕੁੱਝ ਸਮਝਣਾ ਮੁਸ਼ਕਲ ਹੈ। ਯਾਦ ਆਉਂਦੈ ਕਿ ਆਦਿ ਵਾਸੀ ਸ਼ਾਇਦ ਨਰ-ਮਾਸ ਖਾਂਦੇ ਸਨ। ਪਰ ਚੰਗੀ ਤਰ੍ਹਾਂ ਯਾਦ ਨਹੀਂ ਆ ਰਿਹਾ। ਇਸ ਸਬੰਧ ਵਿਚ ਇਤਿਹਾਸ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਦਾ ਯਤਨ ਵੀ ਕੀਤਾ। ਕਿਤੇ ਵੀ ਲੜੀਵਾਰ ਇਤਿਹਾਸ ਨਹੀਂ ਮਿਲਿਆ। 'ਚੰਗਾ ਗੁਣ ਅਤੇ ਚੰਗਾ ਵਿਹਾਰ' ਬਸ ਇਹੀ ਸ਼ਬਦ ਸਾਰੇ ਪੰਨਿਆਂ 'ਤੇ ਸਨ। ਕਿਵੇਂ ਵੀ ਨੀਂਦ ਨਹੀਂ ਸੀ ਆ ਰਹੀ। ਇਸ ਲਈ ਬਹੁਤ ਧਿਆਨ ਨਾਲ ਅੱਧੀ ਰਾਤ ਤੱਕ ਪੜ੍ਹਦਾ ਰਿਹਾ। ਕਿਤੇ ਕਿਤੇ ਹੁਣ ਅਸਲ ਭਾਵ ਸਮਝ ਆਉਣ ਲੱਗ ਪਏ। ਸਾਰੀ ਕਿਤਾਬ ਵਿਚ ਹਰ ਥਾਂ ਇਹੀ ਲਿਖਿਆ ਸੀ ,"ਆਦਮੀ ਨੂੰ ਖਾ ਜਾਓ।'' ਕਿਤਾਬ 'ਚ ਲਿਖੀਆਂ ਸਾਰੀਆਂ ਗੱਲਾਂ ਤੇ ਪਿੰਡੋਂ ਆਏ ਸੀਰੀ ਦੀਆਂ ਸਾਰੀਆਂ ਗੱਲਾਂ ਜਿਵੇਂ ਮੈਨੂੰ ਮਿੰਨ੍ਹੀ ਜਿਹੀ ਮੁਸਕਰਾਹਟ ਨਾਲ ਘੂਰ ਰਹੀਆਂ ਹੋਣ।

ਮੈਂ ਵੀ ਤਾਂ ਆਦਮੀ ਹਾਂ ਤੇ ਇਹ ਲੋਕ ਮੈਨੂੰ ਵੀ ਖਾ ਜਾਣਾ ਚਾਹੁੰਦੇ ਨੇ!

4

ਸਵੇਰੇ ਕੁਝ ਸਮੇਂ ਤੋਂ ਚੁੱਪ ਚਾਪ ਬੈਠਾ ਸੀ। ਛੇਨ ਖਾਣਾ ਲੈ ਕੇ ਕਮਰੇ ਵਿਚ ਆਇਆ, ਇਕ ਕੌਲੀ 'ਚ ਸ਼ਬਜ਼ੀ ਸੀ, ਦੂਜੀ ਵਿਚ ਭਾਫ਼ ਨਾਲ ਪਕਾਈ ਹੋਈ ਮੱਛੀ। ਮੱਛੀ ਦੀ ਸਫੇਦ ਅੱਖ ਪਥਰਾਈ ਹੋਈ ਸੀ, ਮੂੰਹ ਖੁੱਲ੍ਹਾ ਸੀ। ਜਿਵੇਂ ਕੋਈ ਭੁੱਖਾ ਆਦਮਖ਼ੋਰ ਮੂੰਹ ਖੋਲ੍ਹੇ ਹੋਵੇ। ਮੈਂ ਖਾਣ ਲੱਗਿਆ, ਮੈਂ ਬੁਰਕੀਆਂ ਅੰਦਰ ਸੁੱਟ ਰਿਹਾ ਸੀ ਲੱਗਿਆ ਮੱਛੀ ਨਹੀਂ ਨਰ-ਮਾਸ ਖਾ ਰਿਹਾ ਹਾਂ ਸਭ ਬਾਹਰ ਨਿਕਲ ਗਿਆ।

ਮੈਂ ਛੇਨ ਨੂੰ ਕਿਹਾ,"ਛੇਨ ਭਾਈ, ਭਰਾ ਨੂੰ ਕਹਿ ਕਿ ਇਸ ਕੋਠੜੀ 'ਚ ਮੇਰਾ ਦਮ ਘੁਟਦੈ, ਜ਼ਰਾ ਵਿਹੜੇ ਵਿਚ ਘੁੰਮਾਂਗਾ।'' ਛੇਨ ਚੁੱਪ ਚਾਪ ਚਲਾ ਗਿਆ। ਥੋੜ੍ਹੀ ਦੇਰ ਬਾਅਦ ਪਰਤਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ।

ਮੈਂ ਕੋਠੜੀ ਵਿਚ ਹੀ ਬੈਠਾ ਰਿਹਾ, ਉਠਿਆ ਨਹੀਂ। ਸੋਚ ਰਿਹਾ ਸੀ ਕਿ ਇਹ ਲੋਕ ਹੁਣ ਕੀ ਕਰਨਗੇ? ਇਹ ਤਾਂ ਪਤੈ ਕਿ ਮੈਨੂੰ ਹੱਥੋਂ ਨਿਕਲਣ ਨਹੀਂ ਦੇਣਗੇ। ਇਹ ਤਾਂ ਪੱਕਾ ਸੀ। ਭਰਾ ਹੌਲੇ ਕਦਮੀਂ ਇਕ ਬੁੱਢੇ ਨੂੰ ਨਾਲ ਲਈਂ ਆ ਪਹੁੰਚਿਆ। ਬੁੱਢੇ ਦੀਆਂ ਖ਼ੂਨ ਦੀਆਂ ਪਿਆਸੀਆਂ ਅੱਖਾਂ ਵਿਚ ਕਟਾਰ ਵਰਗੀ ਚਮਕ ਸੀ। ਉਹ ਮੇਰੇ ਨਾਲ ਅੱਖਾਂ ਮਿਲਾਉਣ ਤੋਂ ਕਤਰਾਉਂਦਾ ਸੀ ਕਿ ਕਿਤੇ ਮੈਂ ਤਾੜ ਨਾ ਲਵਾਂ, ਇਸ ਲਈ ਉਸ ਨੇ ਗਰਦਨ ਝੁਕਾਈ ਹੋਈ ਸੀ। ਐਨਕ ਅੰਦਰੋਂ ਕਨਖੀਆਂ ਨਾਲ ਮੈਨੂੰ ਦੇਖ ਲੈਂਦਾ ਸੀ।

"ਅੱਜ ਤਾਂ ਤੇਰੀ ਤਬੀਅਤ ਕਾਫ਼ੀ ਠੀਕ ਲੱਗ ਰਹੀ ਹੈ।'' ਭਰਾ ਬੋਲਿਆ। ਮੈਂ ਵੀ ਹਾਮੀ ਭਰੀ।

"ਤੈਨੂੰ ਦਿਖਾਉਣ ਲਈ ਮਿਸਟਰ ਹੋ ਨੂੰ ਬੁਲਾਇਆ ਹੈ।'' ਭਰਾ ਨੇ ਕਿਹਾ।

"ਠੀਕ ਹੈ'' ਮੈਂ ਕਿਹਾ। ਪਰ ਸਮਝ ਗਿਆ ਸੀ ਕਿ ਇਹ ਬੁੱਢਾ ਇਕ ਜਲਾਦ ਹੈ ਜੋ ਵੈਦ ਬਣਕੇ ਆਇਆ ਹੈ। ਮੇਰੀ ਨਬਜ਼ ਦੇਖਣ ਦੇ ਬਹਾਨੇ ਮੈਨੂੰ ਟਟੋਲ ਕੇ ਮਾਸ ਦਾ ਅੰਦਾਜ਼ਾ ਲੈਣ ਲਈ। ਇਸ ਕੰਮ ਲਈ ਉਸ ਨੂੰ ਵੀ ਮੇਰੇ ਮਾਸ ਦਾ ਹਿੱਸਾ ਮਿਲਣ ਦੀ ਉਮੀਦ ਸੀ। ਫੇਰ ਵੀ ਮੈਂ ਡਰਿਆ ਨਹੀਂ। ਮੈਂ ਆਦਮਖ਼ੋਰ ਨਹੀਂ ਪਰ ਫੇਰ ਵੀ ਮੈਂ ਉਨ੍ਹਾਂ ਤੋਂ ਜ਼ਿਆਦਾ ਦਲੇਰ ਹਾਂ। ਮੈਂ ਅਪਣੀਆਂ ਦੋਵੇਂ ਕਲਾਈਆਂ ਅੱਗੇ ਵਧਾ ਦਿੱਤੀਆਂ ਕਿ ਦੇਖਾਂ ਇਹ ਬੁੱਢਾ ਕੀ ਕਰਦਾ ਹੈ। ਬੁੱਢਾ ਇਕ ਚੌਂਕੀ 'ਤੇ ਬੈਠ ਗਿਆ ਤੇ ਅੱਖਾਂ ਬੰਦ ਕਰਕੇ ਮੇਰੀ ਨਬਜ਼ ਟਟੋਲਦਾ ਰਿਹਾ। ਕੁਝ ਦੇਰ ਮੌਨ ਰਿਹਾ, ਫੇਰ ਅੱਖਾਂ ਖੋਲ੍ਹ ਕੇ ਬੋਲਿਆ। "ਅਪਣੇ ਵਿਚਾਰਾਂ ਨੂੰ ਭਟਕਣ ਨਾ ਦੇਈਂ, ਫਿਕਰ ਬਿਲਕੁਲ ਨਾ ਕਰੀਂ, ਕੁਝ ਦਿਨ ਬਿਲਕੁਲ ਆਰਾਮ ਕਰ। ਚੈਨ ਨਾਲ ਰਹਿ, ਤੇਰੀ ਸਿਹਤ ਬਿਲਕੁਲ ਠੀਕ ਹੋ ਜਾਏਗੀ''।

ਅਪਣੇ ਵਿਚਾਰਾਂ ਨੂੰ ਭਟਕਣ ਨਾ ਦਿਓ! ਬਿਲਕੁਲ ਫਿਕਰ ਨਾ ਕਰੋ! ਕੁਝ ਦਿਨ ਪੂਰਾ ਅਰਾਮ ਕਰੋ! ਚੈਨ ਨਾਲ ਰਹੋ! ਹਾਂ ਤੇ ਜਦੋਂ ਮੈਂ ਚੰਗਾ ਮੋਟਾ ਤਾਜ਼ਾ ਹੋ ਜਾਵਾਂਗਾ ਤਾਂ ਇਹਨਾਂ ਨੂੰ ਖ਼ੂਬ ਮਾਸ ਮਿਲੇਗਾ। ਪਰ ਮੈਨੂੰ ਇਸ ਨਾਲ ਕੀ ਮਿਲੇਗਾ? ਕੀ ਇਹੀ ਸਿਹਤ ਠੀਕ ਹੋਣਾ ਹੈ? ਇਹ ਸਭ ਇਨ੍ਹਾਂ ਆਦਮਖ਼ੋਰਾਂ ਦਾ ਨਰ-ਮਾਸ ਲਈ ਲਾਲਚ ਅਤੇ ਨਾਲ ਹੀ ਭਲੇ ਮਾਣਸ ਹੋਣ ਦਾ ਦਿਖਾਵਾ ਹੈ। ਪਰ ਡਰਪੋਕ ਹੋਣ ਕਾਰਨ ਇਹ ਲੋਕ ਤੁਰੰਤ ਕੁਝ ਨਹੀਂ ਕਰ ਸਕਦੇ, ਇਹ ਸੋਚਕੇ ਹਾਸੇ ਦੇ ਮਾਰੇ ਮੇਰੇ ਪੇਟ ਵਿਚ ਵਲ ਪੈਣ ਲੱਗੇ। ਮੈਂ ਹਾਸਾ ਨਾ ਰੋਕ ਸਕਿਆ ਤੇ ਜ਼ੋਰ ਨਾਲ ਹੱਸਣ ਲੱਗਿਆ। ਬਹੁਤ ਮਜ਼ਾ ਆਇਆ। ਮੈਨੂੰ ਪਤਾ ਸੀ ਕਿ ਇਸ ਹਾਸੇ ਵਿਚ ਮੇਰੀ ਨਿਡਰਤਾ ਅਤੇ ਸੱਚੀ ਨਿਸ਼ਠਾ ਲੁਕੀ ਹੋਈ ਹੈ। ਮੇਰੇ ਭਰਾ ਅਤੇ ਬੁੱਢੇ ਹਕੀਮ ਦੇ ਚਿਹਰੇ ਪੀਲੇ ਪੈ ਗਏ। ਇਹ ਲੋਕ ਮੇਰੀ ਨਿਡਰਤਾ ਅਤੇ ਸੱਚੀ ਨਿਸ਼ਠਾ ਦੇਖ ਕੇ ਡਰ ਗਏ ਸਨ।

ਮੈਂ ਨਿਡਰ ਹਾਂ ਇਸੇ ਲਈ ਇਹ ਲੋਕ ਮੈਨੂੰ ਖਾਣ 'ਤੇ ਐਨੇ ਤੁਲੇ ਹੋਏ ਹਨ, ਤਾਂ ਕਿ ਮੇਰਾ ਹੌਸਲੇ ਵਾਲਾ ਕਲੇਜਾ ਖਾ ਕੇ ਇਨ੍ਹਾਂ ਦਾ ਹੌਸਲਾ ਵੀ ਵਧੇ। ਬੁੱਢਾ ਹਕੀਮ ਉਠ ਕੇ ਚਲਾ ਗਿਆ। ਜਾਂਦਿਆਂ ਮੇਰੇ ਭਰਾ ਦੇ ਕੰਨਾਂ ਵਿਚ ਕਹਿ ਰਿਹਾ ਸੀ,"ਇਸ ਨੂੰ ਹੁਣੇ ਖਾਣੈ?'' ਭਰਾ ਨੇ ਸਿਰ ਝੁਕਾ ਕੇ ਹਾਮੀ ਭਰੀ। ਹੁਣ ਸਮਝ ਆਈ! ਲੁਕਿਆ ਰਹੱਸ ਖੁੱਲ੍ਹ ਗਿਆ, ਦਿਲ ਨੂੰ ਠੇਸ ਲੱਗੀ, ਪਰ ਇਹ ਤਾਂ ਹੋਣਾ ਹੀ ਸੀ। ਮੈਨੂੰ ਪਤਾ ਸੀ, ਮੇਰਾ ਅਪਣਾ ਭਰਾ ਮੈਨੂੰ ਖਾ ਜਾਣ ਦੀ ਸਾਜਿਸ਼ 'ਚ ਸ਼ਾਮਲ ਹੈ।

ਇਹ ਆਦਮਖ਼ੋਰ ਮੇਰਾ ਅਪਣਾ ਹੀ ਵੱਡਾ ਭਰਾ ਹੈ!

ਮੈਂ ਇਕ ਆਦਮਖ਼ੋਰ ਦਾ ਛੋਟਾ ਭਰਾ ਹਾਂ।

ਭਾਵੇਂ ਮੈਨੂੰ ਹੋਰ ਲੋਕ ਖਾ ਜਾਣ, ਪਰ ਫੇਰ ਵੀ ਮੈਂ ਇਕ ਆਦਮਖ਼ੋਰ ਦਾ ਛੋਟਾ ਭਰਾ ਹਾਂ।

5

ਕੁਝ ਦਿਨ ਤੋਂ ਇਕ ਹੋਰ ਵਿਚਾਰ ਮਨ ਵਿਚ ਆ ਰਿਹਾ ਹੈ। ਇਹ ਹੋ ਸਕਦੈ ਹਕੀਮ ਦੇ ਭੇਸ ਵਿਚ ਉਹ ਬੁੱਢਾ ਜਲਾਦ ਨਾ ਹੋਵੇ, ਹਕੀਮ ਹੀ ਹੋਵੇ, ਜੇ ਐਦਾਂ ਹੈ ਵੀ ਤਾਂ ਵੀ ਉਹ ਆਦਮਖ਼ੋਰ ਹੀ ਤਾਂ ਹੈ। ਵੈਦਾਂ ਦੇ ਪੁਰਖੇ ਲੀ ਸ਼ੀ ਚਨ2 ਦੀ ਨੁਸਖਿਆਂ ਵਾਲੀ ਕਿਤਾਬ ਵਿਚ ਸਾਫ ਲਿਖਿਆ ਹੈ ਕਿ ਨਰ-ਮਾਸ ਨੂੰ ਉਬਾਲ ਕੇ ਖਾਇਆ ਜਾ ਸਕਦਾ ਹੈ, ਤਾਂ ਫੇਰ ਉਹ ਹਕੀਮ ਆਦਮਖ਼ੋਰ ਨਹੀਂ ਤਾਂ ਹੋਰ ਕੀ ਹੈ?

ਵੱਡੇ ਭਰਾ ਦੀ ਤਾਂ ਗੱਲ ਹੀ ਛੱਡੋ, ਉਹ ਤਾਂ ਆਦਮਖ਼ੋਰ ਹੈ ਹੀ। ਜਦੋਂ ਮੈਨੂੰ ਪੜ੍ਹਾਉਂਦਾ ਹੁੰਦਾ ਸੀ ਤਾਂ ਕਹਿੰਦਾ ਸੀ,"ਲੋਕ

ਅਪਣੇ ਬੱਚਿਆਂ ਨੂੰ ਇਕ ਦੂਜੇ ਨਾਲ ਬਦਲ ਕੇ ਖਾ ਜਾਂਦੇ ਸਨ'' ਤੇ ਇਕ ਵਾਰ ਇਕ ਬਦਮਾਸ਼ ਬਾਰੇ ਉਸ ਨੇ ਕਿਹਾ ਸੀ ਕਿ ਉਸ ਨੂੰ ਮਾਰਨ ਨਾਲ ਕੀ ਹੋਏਗਾ, ਉਸ ਦਾ ਮਾਸ ਖਾ ਜਾਓ ਅਤੇ ਉਸਦੀ ਖੱਲ੍ਹ ਦਾ ਵਿਛੌਣਾ ਬਣਾਓ3। ਉਦੋਂ ਮੈਂ ਕੱਚੀ ਉਮਰ ਦਾ ਸੀ। ਸੁਣ ਕੇ ਦਿਲ ਦੇਰ ਤੱਕ ਧੜਕਦਾ ਰਿਹਾ। ਜਦੋਂ ਭੇੜੀਏ ਦੇ ਬੱਚੇ ਵਾਲੇ ਪਿੰਡੋਂ ਆਏ ਸੀਰੀ ਨੇ ਬਦਮਾਸ਼ ਦਾ ਕਲੇਜਾ ਕੱਢ ਕੇ ਖਾ ਜਾਣ ਦੀ ਗੱਲ ਕਹੀ ਸੀ ਤਾਂ ਵੀ ਭਰਾ ਨੂੰ ਕੁੱਝ ਬੁਰਾ ਨਹੀਂ ਸੀ ਲੱਗਿਆ। ਸੁਣ ਕੇ ਬੱਸ ਚੁੱਪ ਚਾਪ ਸਿਰ ਹਿਲਾਉਂਦਾ ਰਿਹਾ ਸੀ, ਜਿਵੇਂ ਠੀਕ ਹੀ ਹੋਵੇ। ਮੈਥੋਂ ਕੀ ਲੁਕਿਐ, ਉਹ ਤਾਂ ਪਹਿਲਾਂ ਵਰਗਾ ਹੀ ਖੂੰਖਾਰ ਹੈ। ਜੇ 'ਬੱਚਿਆਂ ਨੂੰ ਇਕ ਦੂਜੇ ਨਾਲ ਬਦਲ ਕੇ ਖਾ ਜਾਣਾ' ਸੰਭਵ ਹੈ ਤਾਂ ਫੇਰ ਹਰ ਚੀਜ਼ ਨੂੰ ਬਦਲਿਆ ਜਾ ਸਕਦੈ, ਹਰ ਕਿਸੇ ਨੂੰ ਖਾਇਆ ਜਾ ਸਕਦੈ। ਉਨ੍ਹਾਂ ਦਿਨਾਂ ਵਿਚ ਭਰਾ ਜਦੋਂ ਐਦਾਂ ਦੀਆਂ ਗੱਲਾਂ ਦਸਦਾ ਸੀ ਤਾਂ ਮੈਂ ਸੁਣ ਲੈਂਦਾ ਸੀ, ਸੋਚਦਾ ਨਹੀਂ ਸੀ ਪਰ ਹੁਣ ਪੂਰੀ ਤਰ੍ਹਾਂ ਸਮਝ ਆ ਰਿਹੈ ਕਿ ਐਦਾਂ ਦੀਆਂ ਗੱਲਾਂ ਕਰਦੇ ਸਮੇਂ ਉਸਦੇ ਮੂੰਹ ਵਿਚ ਨਰ-ਮਾਸ ਦਾ ਸਵਾਦ ਭਰ ਜਾਂਦਾ ਹੋਏਗਾ। ਤੇ ਉਸਦਾ ਦਿਲ ਆਦਮੀ ਨੂੰ ਖਾਣ ਲਈ ਵਿਆਕੁਲ ਹੁੰਦਾ ਹੋਏਗਾ।

6

ਡੂੰਘਾ ਹਨੇਰਾ ਹੈ। ਪਤਾ ਨਹੀਂ ਦਿਨ ਹੈ ਕਿ ਰਾਤ। ਚਾਓ ਪਰਿਵਾਰ ਦਾ ਕੁੱਤਾ ਫੇਰ ਭੌਂਕ ਰਿਹਾ ਹੈ।

ਬੱਬਰ ਸ਼ੇਰ ਜਿੰਨਾ ਖੂੰਖਾਰ, ਸੇਹ ਦੇ ਤੱਕਲੇ ਵਰਗਾ ਤਿੱਖਾ ਤੇ ਲੂੰਬੜੀ ਵਰਗਾ ਮੱਕਾਰ... ...

7

ਮੈਂ ਉਨ੍ਹਾਂ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦਾਂ। ਕਿਸੇ ਨੂੰ ਯਕਦਮ ਮਾਰ ਦੇਣ ਲਈ ਇਹ ਤਿਆਰ ਨਹੀਂ ਹੁੰਦੇ। ਏਦਾਂ ਕਰਨ ਦੀ ਹਿੰਮਤ ਹੀ ਨਹੀਂ ਹੈ ਇਨ੍ਹਾਂ ਲੋਕਾਂ ਵਿਚ। ਨਤੀਜੇ ਦੇ ਡਰ ਨਾਲ ਹੀ ਇਨ੍ਹਾਂ ਦੀ ਜਾਨ ਨਿਕਲਦੀ ਹੈ, ਇਸ ਲਈ ਇਹ ਲੋਕ ਸਾਜਿਸ਼ ਨਾਲ ਜਾਲ ਵਿਛਾ ਰਹੇ ਨੇ। ਮੈਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰ ਰਹੇ ਨੇ। ਕਈ ਦਿਨਾਂ ਤੋਂ ਗਲੀ ਦੇ ਬੰਦਿਆਂ ਅਤੇ ਜਨਾਨੀਆਂ ਦਾ ਵਿਹਾਰ ਦੇਖ ਰਿਹਾਂ ਤੇ ਅਪਣੇ ਭਰਾ ਦੇ ਰੰਗ-ਢੰਗ ਵੀ। ਸਭ ਸਮਝਦਾ ਮੈਂ। ਇਹ ਲੋਕ ਚਾਹੁੰਦੇ ਨੇ ਕਿ ਕੋਈ ਘਰ ਵਿਚ ਹੀ ਛੱਤ ਦੀ ਖੂੰਟੀ ਨਾਲ ਫਾਹਾ ਲੈ ਕੇ ਇਨ੍ਹਾਂ ਲਈ ਮਰ ਜਾਵੇ। ਕਤਲ ਲਈ ਇਨ੍ਹਾਂ 'ਤੇ ਕੋਈ ਉਂਗਲੀ ਤੱਕ ਨਾ ਉਠਾਵੇ ਤੇ ਇਹ ਲੋਕ ਰੱਜ ਕੇ ਖਾਣ। ਇਹ ਲੋਕ ਏਦਾਂ ਦੇ ਖਿਆਲਾਂ ਵਿਚ ਹੀ ਖੁਸ਼ ਰਹਿੰਦੇ ਨੇ। ਚਾਹੇ ਕੋਈ ਆਦਮੀ ਚਿੰਤਾ ਅਤੇ ਦੁੱਖ ਨਾਲ ਸੁੱਕ ਕੇ ਮਰ ਜਾਏ, ਆਤਮ ਹੱਤਿਆ ਕਰ ਲਵੇ ਤੇ ਉਸ ਦੇ ਸਰੀਰ ਵਿਚ ਖੂਨ ਤੇ ਮਾਸ ਨਾ ਵੀ ਰਹੇ, ਇਹ ਲੋਕ ਤਾਂ ਉਸ ਨੂੰ ਵੀ ਖਾਣ ਲਈ ਤਿਆਰ ਬਰ ਤਿਆਰ ਰਹਿੰਦੇ ਨੇ।

ਇਹ ਲੋਕ ਬਸ ਮਰੇ ਹੋਇਆਂ ਦਾ ਮਾਸ ਹੀ ਖਾਂਦੇ ਨੇ। ਇਕ ਘਿਰਣਿਤ ਜਾਨਵਰ ਦੀ ਯਾਦ ਆਉਂਦੀ ਹੈ। ਉਸ ਬਾਰੇ ਪੜ੍ਹਿਆ ਸੀ। ਉਸ ਦੀਆਂ ਅੱਖਾਂ ਬਹੁਤ ਡਰਾਉਣੀਆਂ ਹੁੰਦੀਆਂ ਨੇ। ਹਾਂ, ਉਸ ਨੂੰ ਲੱਕੜਬੱਘਾ ਕਹਿੰਦੇ ਨੇ। ਲੱਕੜਬੱਘਾ ਹਮੇਸ਼ਾ ਮਰੇ ਹੋਇਆਂ ਦਾ ਮਾਸ ਹੀ ਖਾਂਦਾ ਹੈ। ਮੋਟੀ ਤੋਂ ਮੋਟੀ ਹੱਡੀ ਨੂੰ ਚੱਬ ਕੇ ਨਿਗਲ ਜਾਂਦਾ ਹੈ। ਖ਼ਿਆਲ ਆਉਂਦਿਆਂ ਹੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ। ਲੱਕੜਬੱਘਾ ਭੇੜੀਏ ਦੀ ਨਸਲ 'ਚੋਂ ਹੀ ਹੈ ਤੇ ਭੇੜੀਆ ਕੁੱਤੇ ਦੀ ਨਸਲ 'ਚੋਂ। ਉਸ ਦਿਨ ਚਾਓ ਪਰਿਵਾਰ ਦਾ ਕੁੱਤਾ ਬਾਰ ਬਾਰ ਮੇਰੇ ਵੱਲ ਵੇਖ ਰਿਹਾ ਸੀ। ਲਗਦਾ ਹੈ ਕਿ ਇਹ ਕੁੱਤਾ ਵੀ ਸਾਜ਼ਿਸ਼ ਵਿਚ ਸ਼ਾਮਲ ਹੈ। ਬੁੱਢੇ ਹਕੀਮ ਨੇ ਅੱਖਾਂ ਝੁਕਾਈਆਂ ਹੋਈਆਂ ਸਨ। ਪਰ ਮੈਂ ਤਾਂ ਤਾੜ ਗਿਆ ਸੀ।

ਸਭ ਤੋਂ ਜ਼ਿਆਦਾ ਦੁੱਖ ਤਾਂ ਮੈਨੂੰ ਅਪਣੇ ਵੱਡੇ ਭਰਾ ਦਾ ਹੈ। ਉਹ ਵੀ ਤਾਂ ਆਦਮੀ ਹੈ, ਉਸਨੂੰ ਡਰ ਕਿਉਂ ਨਹੀਂ ਲੱਗਦਾ? ਮੈਨੂੰ ਖਾ ਜਾਣ ਲਈ ਉਹ ਦੂਸਰਿਆਂ ਨਾਲ ਕਿਉਂ ਰਲ ਗਿਆ ਹੈ! ਸ਼ਾਇਦ ਜੋ ਸਦੀਆਂ ਤੋਂ ਹੁੰਦਾ ਚੱਲਿਆ ਆ ਰਿਹਾ ਹੈ ਉਸ ਨੂੰ ਕਰਨ 'ਚ ਲੋਕ ਕੋਈ ਅਪਰਾਧ ਜਾਂ ਪਾਪ ਨਹੀਂ ਸਮਝਦੇ। ਮੇਰਾ ਭਰਾ ਇਹ ਜਾਣਦਾ ਹੈ ਕਿ ਇਹ ਅਪਰਾਧ ਹੈ, ਪਾਪ ਹੈ, ਪਰ ਪਾਪ ਕਰਨ ਲਈ ਉਸਨੇ ਅਪਣਾ ਦਿਲ ਪੱਥਰ ਦਾ ਬਣਾ ਲਿਆ ਹੈ।

ਸਭ ਤੋਂ ਪਹਿਲਾਂ ਤਾਂ ਮੈਂ ਇਸੇ ਆਦਮਖ਼ੋਰ ਦਾ ਭਾਂਡਾ ਭੰਨਾਂਗਾ। ਸਭ ਤੋਂ ਪਹਿਲਾਂ ਇਸੇ ਨੂੰ ਹੀ ਪਾਪ ਤੋਂ ਵਰਜਾਂਗਾ।

8

ਵਾਸਤਵ ਵਿਚ ਤਾਂ ਇਹ ਤਰਕ ਪਹਿਲਾਂ ਹੀ ਪਰਵਾਨ ਕਰ ਲਿਆ ਜਾਣਾ ਚਾਹੀਦਾ ਸੀ...।

ਅਚਾਨਕ ਕੋਈ ਅੰਦਰ ਆ ਗਿਆ। ਇਹੀ ਕੋਈ ਵੀਹ ਕੁ ਸਾਲਾਂ ਦਾ ਹੋਏਗਾ। ਉਸ ਦਾ ਚਿਹਰਾ ਠੀਕ ਤਰ੍ਹਾਂ ਨਹੀਂ ਸੀ ਦਿਖ ਰਿਹਾ। ਉਸਦੇ ਚਿਹਰੇ 'ਤੇ ਮੁਸਕਰਾਹਟ ਖੇਡ ਰਹੀ ਸੀ। ਜਦੋਂ ਝੁਕ ਕੇ ਮੈਨੂੰ ਨਮਸਕਾਰ ਕੀਤਾ ਤਾਂ ਮੈਂ ਦੇਖਿਆ, ਉਸ ਦੀ ਮੁਸਕਰਾਹਟ ਨਕਲੀ ਜਿਹੀ ਸੀ। ਮੈਂ ਪੁੱਛ ਹੀ ਲਿਆ,"ਦੱਸ ਨਰ-ਮਾਸ ਖਾਣਾ ਠੀਕ ਹੈ?''

ਉਹ ਮੁਸਕਰਾਉਂਦਿਆ ਬੋਲਿਆ,"ਕਿਉਂ ਕੋਈ ਅਕਾਲ ਪੈ ਗਿਆ ਹੈ, ਕੋਈ ਨਰ-ਮਾਸ ਕਿਉਂ ਖਾਏਗਾ?''

ਮੈਂ ਸਮਝ ਗਿਆ ਕਿ ਇਹ ਵੀ ਉਨ੍ਹਾਂ ਨਾਲ ਰਲਿਆ ਹੋਇਆ ਹੈ। ਮੈਂ ਕੁਝ ਸਾਹਸ ਕਰਦਿਆਂ ਫੇਰ ਕਿਹਾ,"ਮੇਰੀ ਗੱਲ ਦਾ ਜਵਾਬ ਦੇ।''

''ਆਖ਼ਰ ਇਸ ਸਵਾਲ ਦਾ ਮਤਲਬ ਕੀ ਹੈ? ਕੀ ਮਜ਼ਾਕ ਕਰ ਰਿਹੈਂ?... ਕਿੰਨਾ ਸੋਹਣਾ ਮੌਸਮ ਹੈ!'' ਉਹ ਬੋਲਿਆ।

"ਹਾਂ ਮੌਸਮ ਤਾਂ ਚੰਗੈ, ਚਾਨਣੀ ਵੀ ਖਿਲੀ ਹੋਈ ਹੈ। ਪਰ ਤੂੰ ਮੇਰੀ ਗੱਲ ਦਾ ਜੁਆਬ ਦੇ, ਕੀ ਇਹ ਠੀਕ ਹੈ?''

ਉਹ ਕੁਝ ਪ੍ਰੇਸ਼ਾਨ ਹੋ ਗਿਆ ਤੇ ਕਿਹਾ,"ਨਹੀਂ...।''

"ਨਹੀਂ'? ਤਾਂ ਫੇਰ ਲੋਕ ਇਸ ਤਰ੍ਹਾਂ ਕਿਉਂ ਕਰਦੇ ਨੇ?''

"ਮਤਲਬ ਕੀ ਹੈ ਤੇਰਾ?'' ਉਸ ਨੇ ਪੁੱਛਿਆ।

"ਮੇਰਾ ਮਤਲਬ? ਭੇੜੀਏ ਦੇ ਬੱਚੇ ਵਾਲੇ ਪਿੰਡ ਲੋਕ ਨਰ-ਮਾਸ ਖਾ ਰਹੇ ਨੇ। ਤੂੰ ਕੋਈ ਕਿਤਾਬ ਕੋਈ ਵੀ ਗ੍ਰੰਥ ਚੁੱਕ ਕੇ ਦੇਖ ਲੈ ਸਭ ਜਗ੍ਹਾ ਏਦਾਂ ਹੀ ਲਿਖਿਆ ਹੈ, ਸੱਜਰੇ ਲਾਲ ਲਾਲ ਅੱਖਰਾਂ ਵਿਚ।''

ਉਹ ਸਹਿਮ ਗਿਆ। ਉਸਦਾ ਰੰਗ ਪੀਲਾ ਪੈ ਗਿਆ। ਮੇਰੇ ਵੱਲ ਦੇਖ ਕੇ ਬੋਲਿਆ,"ਹੋਏਗਾ, ਹਮੇਸ਼ਾ ਤੋਂ ਹੀ ਹੁੰਦਾ ਆਇਐ।''

"ਹਮੇਸ਼ਾ ਤੋਂ ਹੁੰਦਾ ਆਇਐ, ਇਸੇ ਲਈ ਠੀਕ ਹੈ?'' ਮੈਂ ਫੇਰ ਪੁੱਛਿਆ।

"ਮੈਂ ਇਸ ਫਜ਼ੂਲ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ। ਤੈਨੂੰ ਵੀ ਇਸ ਫਜ਼ੂਲ ਦੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ। ਐਦਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।'' ਉਹ ਬੋਲਿਆ।

ਮੈਂ ਇਕਦਮ ਉਛਲਿਆ, ਅੱਖਾਂ ਫਾੜ ਕੇ ਇਧਰ-ਉਧਰ ਦੇਖਿਆ, ਉਹ ਆਦਮੀ ਗਾਇਬ ਹੋ ਗਿਆ ਸੀ। ਮੈਂ ਪਸੀਨੋ-ਪਸੀਨੀ ਹੋ ਗਿਆ। ਉਸ ਨੌਜੁਆਨ ਦੀ ਉਮਰ ਮੇਰੇ ਭਰਾ ਤੋਂ ਕਾਫ਼ੀ ਘੱਟ ਸੀ। ਪਰ ਉਹ ਵੀ ਉਨ੍ਹਾਂ ਨਾਲ ਰਲਿਆ ਹੋਇਆ ਸੀ। ਸ਼ਾਇਦ ਅਪਣੇ ਮਾਂ-ਬਾਪ ਤੋਂ ਸਭ ਕੁਝ ਸਿੱਖ ਲਿਆ ਹੈ ਉਸ ਨੇ। ਰੱਬ ਜਾਣੇ ਅਪਣੇ ਬੇਟੇ ਨੂੰ ਵੀ ਸਭ ਸਿਖਾ ਚੁਕਿਆ ਹੋਵੇਗਾ। ਤਾਹੀਂ ਤਾਂ ਇਹ ਛੋਟੇ ਛੋਟੇ ਬੱਚੇ ਮੈਨੂੰ ਏਦਾਂ ਘੂਰ ਘੂਰ ਕੇ ਦੇਖਦੇ ਨੇ।

9



ਦੂਸਰਿਆਂ ਨੂੰ ਖਾ ਜਾਣ ਦਾ ਲਾਲਚ, ਪਰ ਆਪ ਕਿਸੇ ਦੀ ਖੁਰਾਕ ਬਣ ਜਾਣ ਦਾ ਡਰ। ਸਭ ਨੂੰ ਦੂਸਰਿਆਂ 'ਤੇ ਸ਼ੱਕ ਹੈ। ਸਭ ਦੂਸਰਿਆਂ ਦੇ ਸ਼ੱਕ ਦਾ ਕੇਂਦਰ ਨੇ... ...

ਜੇ ਕਿਤੇ ਲੋਕਾਂ ਨੂੰ ਇਕ ਦੂਜੇ ਦੇ ਡਰ ਤੋਂ ਮੁਕਤੀ ਮਿਲ ਜਾਵੇ ਤਾਂ ਸਭ ਬਿਨਾਂ ਡਰੇ ਅਪਣਾ ਅਪਣਾ ਕੰਮ ਕਰ ਸਕਦੇ ਨੇ, ਘੁੰਮ ਫਿਰ ਸਕਦੇ ਨੇ, ਖਾ ਪੀ ਸਕਦੇ ਨੇ, ਚੈਨ ਦੀ ਨੀਂਦ ਸੌਂ ਸਕਦੇ ਨੇ। ਪਰ ਪਤਾ ਨਹੀਂ ਲੋਕ ਇਹ ਕਿਉਂ ਨਹੀਂ ਕਰ ਪਾਉਂਦੇ, ਪਿਓ-ਪੁੱਤ, ਪਤੀ-ਪਤਨੀ, ਭਰਾ-ਭਰਾ, ਦੋਸਤ, ਗੁਰੂ-ਸ਼ਿਸ਼, ਸਭ ਇਕ ਦੂਜੇ ਦੇ ਜਾਨੀ ਦੁਸ਼ਮਣ, ਤੇ ਇੱਥੋਂ ਤੱਕ ਕਿ ਅਜਨਬੀ ਲੋਕ ਵੀ ਇਕ ਦੂਜੇ ਨੂੰ ਖਾ ਜਾਣ ਦੀ ਸਾਜ਼ਿਸ਼ ਵਿਚ ਸ਼ਾਮਲ ਨੇ। ਦੂਸਰਿਆਂ ਨੂੰ ਵੀ ਇਸ ਵਿਚ ਘਸੀਟ ਰਹੇ ਨੇ। ਤੇ ਇਸ ਚੱਕਰਵਿਊ ਵਿੱਚੋਂ ਨਿਕਲ ਜਾਣ ਲਈ ਕੋਈ ਵੀ ਤਿਆਰ ਨਹੀਂ।

10

ਅੱਜ ਸਵੇਰੇ ਵੱਡੇ ਭਰਾ ਨੂੰ ਮਿਲਣ ਗਿਆ ਤਾਂ ਉਹ ਬਾਹਰ ਡਿਉਢੀ ਦੇ ਸਾਹਮਣੇ ਖੜ੍ਹਾ ਅਸਮਾਨ ਵੱਲ ਦੇਖ ਰਿਹਾ ਸੀ। ਮੈਂ ਉਸਦੇ ਪਿੱਛੇ, ਦਰਵਾਜ਼ੇ ਅਤੇ ਉਸਦੇ ਵਿਚਕਾਰ ਖੜ੍ਹ ਗਿਆ। ਮੈਂ ਬੜੀ

ਨਿਮਰਤਾ ਨਾਲ ਆਖਿਆ :

"ਭਾਅ ਜੀ, ਮੈਂ ਕੁਝ ਕਹਿਣਾ ਹੈ''

"ਹਾਂ ਦੱਸ ਕੀ ਗੱਲ ਹੈ?'' ਉਸ ਨੇ ਉਸੇ ਵਕਤ ਸਿਰ ਘੁੰਮਾ ਕੇ ਪੁੱਛਿਆ।

"ਗੱਲ ਤਾਂ ਕੋਈ ਖ਼ਾਸ ਨਹੀਂ ਪਰ ਕਹੀ ਨਹੀਂ ਜਾਂਦੀ। ਭਾਅ ਜੀ ਆਦਿ ਕਾਲ ਵਿਚ ਤਾਂ ਸਾਰੇ ਥੋੜ੍ਹਾ ਬਹੁਤ ਨਰ-ਮਾਸ ਖਾ ਲੈਂਦੇ ਹੋਣਗੇ ਪਰ ਜਦੋਂ ਬੰਦੇ ਦਾ ਜੀਵਨ ਬਦਲਿਆ, ਉਸਦੇ ਵਿਚਾਰ ਬਦਲੇ, ਤਾਂ ਉਸ ਨੇ ਨਰ-ਮਾਸ ਤਿਆਗ ਦਿੱਤਾ। ਲੋਕ ਅਪਣਾ ਜੀਵਨ ਸੁਧਾਰਨਾ ਚਾਹੁੰਦੇ ਸੀ, ਇਸ ਲਈ ਉਨ੍ਹਾਂ ਨੇ ਸੱਭਿਆ ਜੀਵਨ ਸ਼ੈਲੀ ਅਪਨਾ ਲਈ। ਉਨ੍ਹਾਂ ਵਿਚ ਇਨਸਾਨੀਅਤ ਆ ਗਈ ਪਰ ਕੁਝ ਲੋਕ ਹੁਣ ਵੀ ਖਾਈ ਜਾ ਰਹੇ ਨੇ-ਮਗਰਮੱਛਾਂ ਦੀ ਤਰ੍ਹਾਂ। ਕਹਿੰਦੇ ਨੇ ਜੀਵਾਂ ਦਾ ਵਿਕਾਸ ਹੁੰਦਾ ਹੈ। ਇਕ ਜੀਵ ਤੋਂ ਦੂਸਰਾ ਜੀਵ ਬਣ ਜਾਂਦਾ ਹੈ। ਕੁਝ ਜੀਵ ਵਿਕਸਤ ਹੋ ਕੇ ਮੱਛੀ ਰੂਪ ਵਿਚ ਆ ਗਏ, ਪੰਛੀ ਬਣ ਗਏ, ਬਾਂਦਰ ਬਣ ਗਏ। ਐਦਾਂ ਹੀ ਆਦਮੀ ਬਣ ਗਿਆ। ਪਰ ਕਈ ਜੀਵਾਂ 'ਚ ਵਿਕਸਤ ਹੋਣ ਦੀ ਇੱਛਾ ਹੀ ਨਹੀਂ ਹੁੰਦੀ। ਉਨ੍ਹਾਂ ਦਾ ਵਿਕਾਸ ਨਹੀਂ ਹੁੰਦਾ, ਉਹ ਸੁਧਰਦੇ ਹੀ ਨਹੀਂ ਬਸ ਰੀਂਗਣ ਵਾਲੇ ਜਾਨਵਰ ਹੀ ਬਣੇ ਰਹਿੰਦੇ ਨੇ। ਨਰ-ਮਾਸ ਖਾਣ ਵਾਲੇ ਅਸੱਭਿਆ ਲੋਕ ਨਰ-ਮਾਸ ਨਾ ਖਾਣ ਵਾਲੇ ਆਦਮੀਆਂ ਦੀ ਤੁਲਨਾ ਵਿਚ ਅਪਣੇ ਆਪ ਨੂੰ ਕਿੰਨਾ ਨੀਚ ਅਤੇ ਅਪਮਾਨਤ ਮਹਿਸੂਸ ਕਰਦੇ ਹੋਣਗੇ। ਬਾਂਦਰ ਸਾਹਮਣੇ ਰੀਂਗਣ ਵਾਲੇ ਜਾਨਵਰ ਕਿੰਨੇ ਨੀਚ ਨੇ, ਪਰ ਨਰ-ਮਾਸ ਨਾ ਖਾਣ ਵਾਲਿਆਂ ਦੀ ਤੁਲਨਾ ਵਿਚ ਨਰ-ਮਾਸ ਖਾਣ ਵਾਲੇ ਉਸ ਤੋਂ ਵੀ ਨੀਚ।

"ਪੁਰਾਣੇ ਸਮਿਆਂ ਦੀ ਗੱਲ ਹੈ, ਈ ਯਾ ਨੇ ਅਪਣੇ ਬੇਟੇ ਨੂੰ ਉਬਾਲ ਕੇ ਚਏ ਅਤੇ ਚਓ ਦੇ ਸਾਹਮਣੇ ਪਰੋਸ ਦਿੱਤਾ ਸੀ।4 ਇਸ ਤੋਂ ਪਹਿਲਾਂ ਵੀ ਜਿਸ ਦਿਨ ਫ਼ਾਨ ਕੂ ਨੇ ਅਸਮਾਨ ਤੇ ਧਰਤੀ ਬਣਾਏ ਸੀ ਤੇ ਈ ਯਾ ਦੇ ਬੇਟੇ ਦੇ ਜ਼ਮਾਨੇ ਤੋਂ ਲੈ ਕੇ ਸ਼ਵੀ ਸ਼ੀ-ਲਿਨ ਦੇ ਜ਼ਮਾਨੇ ਤੱਕ5 ਆਦਮੀ ਇਕ ਦੂਸਰੇ ਨੂੰ ਖਾਂਦੇ ਆ ਰਹੇ ਨੇ। ਸ਼ਵੀ ਸ਼ੀ-ਲਿਨ ਦੇ ਜ਼ਮਾਨੇ ਤੋਂ ਲੈ ਕੇ ਭੇੜੀਏ ਦੇ ਬੱਚੇ ਵਾਲੇ ਪਿੰਡ ਵਿਚ ਫੜ੍ਹੇ ਗਏ ਆਦਮੀ ਦੇ ਜ਼ਮਾਨੇ ਤੱਕ ਇਹੀ ਹੁੰਦਾ ਆ ਰਿਹਾ ਹੈ। ਪਿਛਲੇ ਸਾਲ ਸ਼ਹਿਰ ਵਿਚ ਇਕ ਆਦਮੀ ਦਾ ਸਿਰ ਕਲਮ ਕਰ ਦਿੱਤਾ ਗਿਆ ਸੀ। ਖ਼ੂਨ ਵਗਦਾ ਵੇਖ ਕੇ ਇਕ ਤਪੇਦਿਕ ਦੇ ਮਰੀਜ਼ ਨੇ ਉਸ ਵਿਚ ਰੋਟੀ ਭਿਓਂ ਕੇ ਖਾ ਲਈ ਸੀ।

"ਇਹ ਲੋਕ ਮੈਨੂੰ ਖਾ ਜਾਣਾ ਚਾਹੁੰਦੇ ਨੇ। ਇਨ੍ਹਾਂ ਸਾਰਿਆਂ ਨੂੰ ਰੋਕਣਾ ਤੁਹਾਡੇ ਇਕੱਲਿਆਂ ਦੇ ਬਸ ਵਿਚ ਨਹੀਂ, ਪਰ ਤੁਸੀਂ ਉਨ੍ਹਾਂ ਨਾਲ ਕਿਉਂ ਰਲ ਗਏ ਹੋ? ਇਹ ਲੋਕ ਆਦਮਖ਼ੋਰ ਨੇ, ਮੈਨੂੰ ਖਾ ਜਾਣਗੇ। ਉਸ ਤੋਂ ਬਾਅਦ ਤੁਹਾਡੀ ਵਾਰੀ ਆਏਗੀ। ਫਿਰ ਇਹ ਲੋਕ ਆਪਸ ਵਿਚ ਵੀ ਇਕ ਦੂਜੇ ਨੂੰ ਨਹੀਂ ਛੱਡਣਗੇ। ਭਾਅ ਜੀ, ਜੇ ਤੁਸੀਂ ਲੋਕ ਅੱਜ ਹੀ ਇਹ ਰਸਤਾ ਛੱਡ ਦਿਓ ਤਾਂ ਸਾਰਿਆਂ ਨੂੰ ਚੈਨ ਮਿਲੇਗਾ। ਮੈਂ ਮੰਨਦਾ ਕਿ ਯੁੱਗਾਂ ਤੋਂ ਇਹੀ ਚਲਿਆ ਆ ਰਿਹਾ ਹੈ। ਆਦਮੀ ਆਦਮੀ ਨੂੰ ਖਾਂਦਾ ਆ ਰਿਹਾ ਹੈ। ਪਰ ਹੁਣ ਖ਼ਾਸ ਕਰਕੇ ਅੱਜਕੱਲ ਦੇ ਸੱਭਿਆ ਜ਼ਮਾਨੇ ਵਿਚ ਤਾਂ ਅਸੀਂ ਲੋਕ ਆਪਸ ਵਿਚ ਇਕ ਦੂਸਰੇ 'ਤੇ ਰਹਿਮ ਕਰ ਸਕਦੇ ਹਾਂ। ਤੇ ਕਹਿ ਸਕਦੇ ਹਾਂ ਕਿ ਹੁਣ ਏਦਾਂ ਨਹੀਂ ਹੋਏਗਾ। ਭਾਅ ਜੀ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਹੁਣ ਵੀ ਇਹੀ ਕਹੋਗੇ। ਕੁਝ ਦਿਨ ਪਹਿਲਾਂ ਜਦੋਂ ਉਹ ਆਦਮੀ ਲਗਾਨ ਘਟਾਉਣ ਲਈ ਕਹਿ ਰਿਹਾ ਸੀ ਤਾਂ ਵੀ ਤੁਸੀਂ ਇਹੀ ਕਿਹਾ ਸੀ, "ਇਹ ਨਹੀਂ ਹੋ ਸਕਦਾ।''

ਮੇਰਾ ਭਰਾ ਪਹਿਲਾਂ ਤਾਂ ਬੇਪਰਵਾਹੀ ਦਿਖਾਉਣ ਲਈ ਮੁਸਕਰਾਉਂਦਾ ਰਿਹਾ, ਫੇਰ ਉਸ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਪਰ ਮੈਂ ਉਸਦਾ ਭਾਂਡਾ ਭੰਨ ਦਿੱਤਾ ਸੀ। ਉਸਦੇ ਚਿਹਰੇ ਦਾ ਰੰਗ ਪੀਲਾ ਪੈ ਗਿਆ। ਡਿਉਢੀ ਦੇ ਬਾਹਰ ਕਈ ਲੋਕ ਜਮ੍ਹਾਂ ਹੋ ਗਏ ਸਨ। ਚਾਓ ਵੀ ਅਪਣਾ ਕੁੱਤਾ ਲਈ ਖੜ੍ਹਾ ਸੀ। ਸਾਰੇ ਅਪਣੀਆਂ ਗਰਦਨਾਂ ਵਧਾ ਵਧਾ ਕੇ ਅੰਦਰ ਦੇਖਣ ਦੀ ਕੋਸ਼ਿਸ਼ ਕਰ ਰਹੇ ਸਨ। ਕਈਆਂ ਨੇ ਅਪਣੇ ਚਿਹਰੇ ਕੱਪੜੇ ਨਾਲ ਢਕੇ ਹੋਏ ਸਨ। ਕਈਆ ਦੇ ਚਿਹਰੇ ਪੀਲੇ ਅਤੇ ਡਰਾਉਣੇ ਲੱਗ ਰਹੇ ਸਨ। ਕਈ ਅਪਣੇ ਹਾਸੇ ਨੂੰ ਰੋਕੀ ਖੜ੍ਹੇ ਸਨ। ਮੈਨੂੰ ਪਤਾ ਸੀ ਕਿ ਇਹ ਸਾਰੇ ਆਦਮਖ਼ੋਰ ਨੇ। ਆਪਸ ਵਿਚ ਰਲੇ ਹੋਏ ਨੇ, ਪਰ ਉਨ੍ਹਾਂ ਵਿਚ ਆਪਸੀ ਮੇਲ ਵੀ ਕਿੱਥੇ ਸੀ। ਕਈਆਂ ਦਾ ਖਿਆਲ ਸੀ ਕਿ ਆਦਮਖ਼ੋਰੀ ਸਦੀਆਂ ਤੋਂ ਹੁੰਦੀ ਆਈ ਹੈ ਅਤੇ ਇਸ ਵਿਚ ਕੋਈ ਬੁਰੀ ਗੱਲ ਨਹੀਂ। ਕਈ ਮੰਨਦੇ ਸਨ ਕਿ ਇਹ ਅੱਤਿਆਚਾਰ ਹੈ ਪਰ ਅਪਣੇ ਲਾਲਚ 'ਤੇ ਕਾਬੂ ਨਹੀਂ ਸੀ ਪਾ ਸਕਦੇ। ਚਾਹੁੰਦੇ ਸਨ ਕਿ ਉਨ੍ਹਾਂ ਦਾ ਭੇਦ ਨਾ ਖੁੱਲ੍ਹੇ ਇਸ ਲਈ ਮੇਰੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਗੁੱਸਾ ਆ ਗਿਆ ਪਰ ਅਪਣੇ ਗੁੱਸੇ 'ਤੇ ਕਾਬੂ ਪਾਈ ਉਹ ਮੁਸਕਰਾਉਂਦੇ ਰਹੇ।

ਮੇਰੇ ਭਰਾ ਨੂੰ ਗੁੱਸਾ ਆ ਗਿਆ ਅਤੇ ਉਹ ਇਕਦਮ ਚੀਕਿਆ,"ਚਲੇ ਜਾਓ ਇੱਥੋਂ, ਦਫ਼ਾ ਹੋ ਜਾਓ! ਇਕ ਬੰਦੇ ਦਾ ਦਿਮਾਗ਼ ਫਿਰ ਗਿਆ ਹੈ ਤੇ ਤੁਸੀਂ ਉਸ ਦਾ ਤਮਾਸ਼ਾ ਦੇਖਣ ਆਏ ਹੋ!''

ਮੈਂ ਉਨ੍ਹਾਂ ਲੋਕਾਂ ਦੀ ਚਾਲ ਭਾਂਪ ਗਿਆ ਸੀ, ਇਹ ਲੋਕ ਟਲਣ ਵਾਲੇ ਨਹੀਂ। ਇਨ੍ਹਾਂ ਨੇ ਪੂਰੀ ਸਾਜ਼ਿਸ਼ ਰਚ ਲਈ ਹੈ। ਸਾਰਿਆਂ ਨੇ ਰਲ ਕੇ ਮੈਨੂੰ ਪਾਗ਼ਲ ਸਮਝ ਲਿਆ ਹੈ। ਇਹ ਲੋਕ ਮੈਨੂੰ ਖ਼ਤਮ ਕਰ ਦੇਣਗੇ ਅਤੇ ਕੋਈ ਕੁਝ ਵੀ ਨਹੀਂ ਕਹੇਗਾ। ਸਭ ਲੋਕ ਇਹੀ ਕਹਿਣਗੇ ਕਿ ਪਾਗਲ ਸੀ, ਨਿਪਟਾ ਦਿੱਤਾ। ਠੀਕ ਕੀਤਾ। ਜਦੋਂ ਭੇੜੀਏ ਦੇ ਬੱਚੇ ਵਾਲੇ ਪਿੰਡੋਂ ਆਏ ਸੀਰੀ ਨੇ ਇਕ ਬਦਮਾਸ਼ ਨੂੰ ਮਾਰ ਕੇ ਖਾ ਜਾਣ ਦੀ ਗੱਲ ਕੀਤੀ ਸੀ ਤਾਂ ਵੀ ਕੋਈ ਨਹੀਂ ਸੀ ਬੋਲਿਆ। ਉਦੋਂ ਵੀ ਇਨ੍ਹਾਂ ਨੇ ਇਹੀ ਚਾਲ ਚੱਲੀ ਸੀ। ਇਹ ਇਨ੍ਹਾਂ ਲੋਕਾਂ ਦੀ ਪੁਰਾਣੀ ਚਾਲ ਹੈ।

ਛੈਨ ਵੀ ਅੰਦਰ ਆ ਗਿਆ। ਉਹ ਵੀ ਬਹੁਤ ਗੁੱਸੇ ਵਿਚ ਸੀ। ਪਰ ਇਹ ਲੋਕ ਮੇਰਾ ਮੂੰਹ ਬੰਦ ਨਹੀਂ ਕਰਵਾ ਸਕੇ। ਮੈਂ ਵੀ ਬੋਲੀ ਗਿਆ:

"ਇਹ ਠੀਕ ਨਹੀਂ ਹੈ, ਏਦਾਂ ਨਾ ਕਰੋ। ਤੁਹਾਨੂੰ ਅਪਨਾ ਮਨ ਬਦਲਨਾ ਪਏਗਾ।'' ਮੈਂ ਕਿਹਾ,"ਇਹ ਅਨਿਆਏ ਹੁਣ ਨਹੀਂ ਚੱਲੇਗਾ। ਆਉਣ ਵਾਲੇ ਸਮੇਂ ਵਿਚ ਆਦਮਖ਼ੋਰੀ ਨਹੀਂ ਚੱਲੇਗੀ।

"ਜੇ ਆਦਮਖ਼ੋਰੀ ਨਹੀਂ ਛੱਡੋਗੇ ਤਾਂ ਤੁਸੀਂ ਸਾਰੇ ਖ਼ਤਮ ਹੋ ਜਾਓਗੇ। ਇਕ ਦੂਸਰੇ ਨੂੰ ਖਾ ਜਾਓਗੇ। ਤੁਹਾਡੇ ਘਰਾਂ ਵਿਚ ਭਾਵੇਂ ਕਿੰਨੇ ਵੀ ਬੱਚੇ ਪੈਦਾ ਹੋਣ ਸੱਭਿਆ ਲੋਕ ਉਨ੍ਹਾਂ ਨੂੰ ਮਾਰ ਮੁਕਾਉਣਗੇ। ਜਿਵੇਂ ਜੰਗਲ ਵਿਚ ਸ਼ਿਕਾਰੀ, ਭੇੜੀਏ ਨੂੰ ਮਾਰ ਦਿੰਦੇ ਨੇ, ਜਿਵੇਂ ਲੋਕ ਸੱਪਾਂ ਨੂੰ ਖ਼ਤਮ ਕਰ ਦਿੰਦੇ ਨੇ।''

ਛੈਨ ਨੇ ਸਭ ਲੋਕਾਂ ਨੂੰ ਭਜਾ ਦਿੱਤਾ। ਭਰਾ ਵੀ ਚਲਾ ਗਿਆ। ਛੈਨ ਨੇ ਮੈਨੂੰ ਕਮਰੇ ਵਿਚ ਜਾਣ ਲਈ ਕਿਹਾ। ਕਮਰੇ ਵਿਚ ਘੁੱਪ ਹਨੇਰਾ ਸੀ। ਸਿਰ ਉਪਰਲੀ ਛੱਤ ਦੇ ਸ਼ਤੀਰ ਅਤੇ ਬਾਲੇ ਜਿਵੇਂ ਕੰਬ ਰਹੇ ਹੋਣ। ਜਿਵੇਂ ਉਨ੍ਹਾਂ ਦਾ ਆਕਾਰ ਵਧਦਾ ਜਾ ਰਿਹਾ ਹੋਵੇ। ਕੁਝ ਦੇਰ ਦੀ ਖੜ-ਖੜ ਤੋਂ ਬਾਅਦ ਜਿਵੇਂ ਛੱਤ ਮੇਰੇ ਉੱਪਰ ਆ ਗਿਰੀ ਹੋਵੇ।

ਛੱਤ ਦੇ ਭਾਰ ਹੇਠਾਂ ਮੇਰਾ ਹਿੱਲਣਾ ਸੰਭਵ ਨਹੀਂ ਸੀ। ਉਹ ਲੋਕ ਤਾਂ ਚਾਹੁੰਦੇ ਹੀ ਸਨ ਕਿ ਮੈਂ ਮਰ ਜਾਵਾਂ। ਪਰ ਮੈਨੂੰ ਪਤਾ ਸੀ, ਇਹ ਤਾਂ ਬਸ ਖਿਆਲੀ ਬੋਝ ਹੈ। ਇਸ ਲਈ ਹਿੰਮਤ ਕੀਤੀ, ਮੋਢੇ ਨਾਲ ਭਾਰ ਚੁਕਿਆ ਅਤੇ ਬਾਹਰ ਨਿਕਲ ਆਇਆ। ਮੈਂ ਪਸੀਨੇ ਨਾਲ ਤਰ ਸੀ, ਪਰ ਫੇਰ ਵੀ ਬੋਲੇ ਬਿਨਾਂ ਨਾ ਰਹਿ ਸਕਿਆ:

"ਤੁਹਾਨੂੰ ਬਦਲਨਾ ਪਏਗਾ! ਅਪਣਾ ਮਨ ਬਦਲਨਾ ਹੋਏਗਾ! ਯਾਦ ਰਹੇ ਇਹ ਆਦਮਖ਼ੋਰੀ ਨਹੀਂ ਚੱਲ ਸਕੇਗੀ... ...''।

11

ਕੋਠੜੀ ਦਾ ਦਰਵਾਜ਼ਾ ਬੰਦ ਰਹਿੰਦਾ ਹੈ। ਕਦੇ ਵੀ ਧੁੱਪ ਨਹੀਂ ਦਿਖਦੀ। ਦਿਨ 'ਚ ਦੋ ਵਾਰ ਖਾਣਾ ਮਿਲ ਜਾਂਦਾ ਹੈ।

ਮੈਂ ਖਾਣ ਲਈ ਬਾਂਸ ਦੀ ਚਿਮਟੀ ਚੁੱਕੀ ਤਾਂ ਭਰਾ ਦਾ ਖ਼ਿਆਲ ਆ ਗਿਆ। ਅਪਣੀ ਛੋਟੀ ਭੈਣ ਦੀ ਮੌਤ ਦੀ ਘਟਨਾ ਯਾਦ ਆ ਗਈ। ਉਹ ਵੀ ਭਰਾ ਦੀ ਹੀ ਕਰਤੂਤ ਸੀ। ਉਦੋਂ ਮੇਰੀ ਭੈਣ ਬਸ ਪੰਜ ਕੁ ਸਾਲਾਂ ਦੀ ਸੀ। ਕਿੰਨੀ ਪਿਆਰੀ ਅਤੇ ਸੋਹਣੀ ਸੀ ਉਹ! ਯਾਦ ਆਉਂਦੀ ਹੈ ਤਾਂ ਚਿਹਰਾ ਅੱਖਾਂ ਮੂਹਰੇ ਘੁੰਮਣ ਲੱਗਦਾ ਹੈ। ਮਾਂ ਰੋ-ਰੋ ਕੇ ਬੇਹਾਲ ਸੀ। ਭਰਾ ਮਾਂ ਨੂੰ ਦਿਲਾਸਾ ਦਿੰਦਾ ਰਿਹਾ। ਸਮਝਾਉਂਦਾ ਰਿਹਾ। ਪਰ ਮੈਨੂੰ ਲਗਦਾ ਸੀ ਕਿ ਉਹ ਆਪ ਹੀ ਉਸ ਨੂੰ ਖਾ ਗਿਆ ਸੀ। ਇਸ ਲਈ ਮਾਂ ਨੂੰ ਰੋਂਦੇ ਦੇਖ ਉਸਨੂੰ ਸ਼ਰਮ ਆ ਰਹੀ ਸੀ। ਜੇ ਉਸ ਵਿਚ ਸ਼ਰਮ ਹੁੰਦੀ... ...

ਭਰਾ ਮੇਰੀ ਭੈਣ ਨੂੰ ਖਾ ਗਿਆ ਸੀ, ਪਤਾ ਨਹੀਂ ਮਾਂ ਨੂੰ ਇਸ ਗੱਲ ਦਾ ਭੇਤ ਸੀ ਕਿ ਨਹੀਂ।

ਮੇਰਾ ਤਾਂ ਖਿਆਲ ਹੈ ਕਿ ਮਾਂ ਨੂੰ ਸਭ ਪਤਾ ਸੀ। ਪਰ ਜਦੋਂ ਮਾਂ ਰੋ ਰਹੀ ਸੀ ਤਾਂ ਉਸਨੇ ਸਾਫ਼ ਸਾਫ਼ ਕੁਝ ਵੀ ਨਹੀਂ ਸੀ ਕਿਹਾ। ਸ਼ਾਇਦ ਇਸ ਲਈ ਚੁੱਪ ਰਹੀ ਕਿ ਇਹ ਕਹਿਣ ਦੀ ਗੱਲ ਨਹੀਂ। ਇਕ ਹੋਰ ਘਟਨਾ ਯਾਦ ਹੈ। ਉਦੋਂ ਮੇਰੀ ਉਮਰ ਮਸਾਂ ਚਾਰ-ਪੰਜ ਸਾਲਾਂ ਦੀ ਹੀ ਸੀ। ਮੈਂ ਵਿਹੜੇ ਵਿਚ ਬੈਠਾ ਸੀ। ਭਰਾ ਨੇ ਕਿਹਾ ਸੀ- ਇਹ ਚੰਗੀ ਔਲਾਦ ਦਾ ਫਰਜ਼ ਹੈ ਕਿ ਮਾਂ-ਬਾਪ ਦੇ ਬਿਮਾਰ ਹੋਣ 'ਤੇ ਬਿਮਾਰੀ ਦੇ ਇਲਾਜ ਲਈ ਜੇ ਜ਼ਰੂਰਤ ਹੋਵੇ ਤਾਂ ਅਪਣੇ ਸਰੀਰ ਦਾ ਮਾਸ ਕੱਟ ਕੇ, ਉਬਾਲ ਕੇ, ਪੇਸ਼ ਕਰੇ। ਮਾਂ ਉਸਦੀ ਗੱਲ ਸੁਣਕੇ ਚੁੱਪ ਰਹੀ ਸੀ। ਜਿਵੇਂ ਉਸ ਨਾਲ ਸਹਿਮਤ ਹੋਵੇ। ਉਸ ਨੇ ਕੋਈ ਵਿਰੋਧ ਨਹੀਂ ਸੀ ਕੀਤਾ। ਜੇ ਨਰ-ਮਾਸ ਦਾ ਇਕ ਟੁਕੜਾ ਖਾਧਾ ਜਾ ਸਕਦਾ ਹੈ ਤਾਂ ਫ਼ਿਰ ਪੂਰੇ ਆਦਮੀ ਨੂੰ ਵੀ ਖਾਧਾ ਜਾ ਸਕਦਾ ਹੈ। ਤੇ ਜਦੋਂ ਮਾਂ ਦੇ ਰੁਦਨ ਦੀ ਯਾਦ ਆਉਂਦੀ ਹੈ ਤਾਂ ਕਲੇਜਾ ਟੁਕੜੇ ਟੁਕੜੇ ਹੋਣ ਲੱਗਦੈ। ਕਿੰਨੇ ਨਿਰਾਲੇ ਢੰਗ ਨੇ ਇਨ੍ਹਾਂ ਲੋਕਾਂ ਦੇ!

12

ਉਸ ਨੂੰ ਯਾਦ ਕਰਦਿਆਂ, ਸੋਚਦਿਆਂ ਹੀ ਰੌਂਗਟੇ ਖੜ੍ਹੇ ਹੋ ਜਾਂਦੇ ਨੇ। ਸਿਰ ਨੂੰ ਘੁੰਮੇਰ ਆਉਣ ਲਗਦੀ ਹੈ।

ਆਖ਼ਰ ਇਹ ਗੱਲ ਸਮਝ ਆ ਗਈ ਹੈ ਕਿ ਉਮਰ ਭਰ ਤੋਂ ਉਨ੍ਹਾਂ ਲੋਕਾਂ ਵਿਚਕਾਰ ਹੀ ਰਹਿ ਰਿਹਾ ਹਾਂ, ਜਿਹੜੇ ਚਾਰ ਹਜ਼ਾਰ ਸਾਲਾਂ ਤੋਂ ਨਰ-ਮਾਸ ਖਾਂਦੇ ਆ ਰਹੇ ਨੇ। ਵੱਡੇ ਭਰਾ ਨੇ ਹਾਲੇ ਘਰ ਸੰਭਾਲਿਆ ਹੀ ਸੀ ਕਿ ਥੋੜ੍ਹੇ ਦਿਨਾਂ ਬਾਅਦ ਹੀ ਛੋਟੀ ਭੈਣ ਦੀ ਮੌਤ ਹੋ ਗਈ। ਉਨ੍ਹਾਂ ਲੋਕਾਂ ਨੇ ਉਸ ਦੇ ਮਾਸ ਦਾ ਇਸਤੇਮਾਲ ਤਾਂ ਕੀਤਾ ਹੀ ਹੋਏਗਾ। ਸ਼ਾਇਦ ਪੁਲਾਓ ਵਿਚ ਜਾਂ ਕਿਵੇਂ ਹੋਰ। ਬਿਨਾਂ ਜਾਣੇ ਬੇਖ਼ਬਰ ਅਸੀਂ ਵੀ ਖਾ ਗਏ ਹੋਵਾਂਗੇ। ਇਹ ਵੀ ਸੰਭਵ ਹੈ ਕਿ ਅਣਜਾਣੇ ਵਿਚ ਮੈਂ ਵੀ ਅਪਣੀ ਭੈਣ ਦੇ ਮਾਸ ਦੇ ਕਈ ਟੁਕੜੇ ਖਾ ਗਿਆ ਹੋਵਾਂਗਾ, ਤੇ ਹੁਣ ਮੇਰੀ ਵਾਰੀ ਹੈ।

ਮੈਂ ਭਾਵੇਂ ਬੇਖ਼ਬਰ ਰਿਹਾ ਹਾਂ, ਪਰ ਮੇਰੇ ਪੁਰਖੇ ਚਾਰ ਹਜ਼ਾਰ ਸਾਲਾਂ ਤੋਂ ਆਦਮਖ਼ੋਰ ਰਹੇ ਨੇ, ਮੇਰੇ ਵਰਗਾ ਆਦਮੀ ਕਿਸੇ ਸੱਭਿਆ ਅਤੇ ਸੱਚੇ ਇਨਸਾਨ ਨੂੰ ਅਪਣਾ ਮੂੰਹ ਕਿਵੇਂ ਦਿਖਾ ਸਕਦਾ ਹੈ?

13

ਸੰਭਵ ਹੈ ਕਿ ਨਵੀਂ ਪੀੜ੍ਹੀ ਦੇ ਛੋਟੇ ਬੱਚਿਆਂ ਨੇ ਹਾਲੇ ਤੱਕ ਨਰ-ਮਾਸ ਨਾ ਖਾਇਆ ਹੋਵੇ। ਇਨ੍ਹਾਂ ਬੱਚਿਆਂ ਨੂੰ ਤਾਂ ਬਚਾ ਲਓ... ...।

---

1. ਕੂ ਚਿ ਉ ਦਾ ਮਤਲਬ 'ਪੁਰਾਣੇ ਸਮੇਂ' ਤੋਂ ਹੈ। ਲੂ ਸ਼ੁਨ ਦਾ ਇਸ਼ਾਰਾ ਏਥੇ ਸਾਮੰਤਵਾਦੀ ਜਬਰ ਦੇ ਪੁਰਾਣੇ ਇਤਿਹਾਸ ਤੋਂ ਹੈ। 2. ਇਕ ਪ੍ਰਸਿੱਧ ਚੀਨੀ ਵੈਦ (1518-1563) ਜਿਸਨੇ 'ਪਨਛਾਓਕਾਦਮੂ' ਨਾਮੀ ਆਯੁਰਵੈਦਿਕ ਗ੍ਰੰਥ ਦੀ ਰਚਨਾ ਕੀਤੀ, 3. ਇਕ ਪੁਰਾਣਿਕ ਚੀਨੀ ਗ੍ਰੰਥ 'ਸੋ ਚੁਆਨ' ਵਿਚੋਂ ਇਕ ਹਵਾਲਾ। 4. ਪੁਰਾਣਿਕ ਲਿਖਤਾਂ ਮੁਤਾਬਿਕ ਈ ਯਾ ਨੇ ਅਪਣੇ ਬੇਟੇ ਦਾ ਮਾਸ ਛੀ ਰਾਜ-ਘਰਾਣੇ ਦੇ ਰਾਜਾ ਹਵਾਨ ਦੇ ਸਾਹਮਣੇ ਪਰੋਸਿਆ ਸੀ, ਜਿਸ ਨੇ ਈਸਾ ਪੂਰਵ 685-643 ਤੱਕ ਰਾਜ ਕੀਤਾ। ਚਏ ਅਤੇ ਚਓ ਇਸ ਤੋਂ ਵੀ ਪਹਿਲਾਂ ਹੋਏ ਹਨ। ਪਾਗ਼ਲ ਆਦਮੀ ਨੇ ਗਲਤੀ ਨਾਲ ਇਹ ਹਵਾਲਾ ਦੇ ਦਿੱਤਾ ਹੈ। 5. ਚਿੰਗ ਰਾਜਸ਼ਾਹੀ (1644-1911) ਦੇ ਆਖ਼ਰੀ ਸਾਲਾਂ ਵਿਚ ਇੱਕ ਕ੍ਰਾਂਤੀਕਾਰੀ ਸ਼ਵੀ ਸ਼ੀ-ਲਿਨ ਨੂੰ 1907 ਵਿਚ ਇੱਕ ਚਿੰਗ ਅਫ਼ਸਰ ਦੀ ਹੱਤਿਆ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ। ਉਸ ਦੇ ਦਿਲ ਅਤੇ ਕਲੇਜੇ ਦਾ ਮਾਸ ਖਾਧਾ ਗਿਆ ਸੀ।



# ਅੰਦਰ ਦੇ ਗਗਨ ਦੀਆਂ ਉਡਾਰੀਆਂ

## ਜਸਵੰਤ ਸਿੰਘ ਨੇਕੀ

ਮੁਲਾਕਾਤੀ : ਅਵਤਾਰ ਜੰਡਿਆਲਵੀ

ਡਾ. ਜਸਵੰਤ ਸਿੰਘ ਨੇਕੀ ਪੰਜਾਬੀ ਦੇ ਉੱਚ ਕੋਟੀ ਦੇ ਕਵੀ ਅਤੇ ਸੰਸਾਰ ਪ੍ਰਸਿੱਧ ਮਨੋਵਿਗਿਆਨੀ ਹਨ। ਉਨ੍ਹਾਂ ਦੇ ਪੰਜਾਬੀ ਵਿੱਚ ਦਸ ਕਾਵਿ ਸੰਗ੍ਰਹਿ ਛੱਪ ਚੁੱਕੇ ਹਨ। ਜਿਨ੍ਹਾਂ ਦੇ ਨਾਲ ਉਨ੍ਹਾਂ ਨੇ ਵਾਰਤਕ ਦੀਆਂ ਵੀ ਕਈ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਦਾ ਜਨਮ 1925 ਵਿੱਚ ਲਹਿੰਦੇ ਪੰਜਾਬ ਵਿੱਚ ਹੋਇਆ ਸੀ। ਉਹ ਸ਼ੁਰੂ ਤੋਂ ਹੀ ਬੇਹਦ ਮਿਹਨਤੀ ਸੁਭਾਅ ਦੇ ਰਹੇ ਹਨ।

ਉਨ੍ਹਾਂ ਨੇ ਮੈਡੀਕਲ ਖੇਤਰ ਅੰਦਰ ਏਨਾ ਨਾਮਣਾ ਖੱਟਿਆ ਕਿ ਉਨ੍ਹਾਂ ਦਾ ਨਾਮ ਬੁੱਧੀਜੀਵੀਆਂ ਦੀ ਸੰਸਾਰ ਪ੍ਰਸਿੱਧ ਡਾਇਰੈਕਟਰੀ (Who is Who) ਵਿੱਚ ਆਉਂਦਾ ਹੈ। ਸਮੇਂ ਸਮੇਂ ਉਹ ਜਨੀਵਾ, ਲੰਡਨ, ਆਸਟ੍ਰੇਲੀਆ ਵਿੱਚ ਮਨੋਵਿਗਿਆਨ ਨਾਲ ਸੰਬੰਧਤ ਉੱਚੇ ਅਹੁਦਿਆਂ ਤੇ ਨਿਯੁਕਤ ਰਹੇ। ਗੁਰਮਤਿ ਤੇ ਗੁਰਬਾਣੀ ਬਾਰੇ ਉਨ੍ਹਾਂ ਨੇ ਕਈ ਪੁਸਤਕਾਂ ਅੰਗ੍ਰੇਜ਼ੀ ਵਿੱਚ ਵੀ ਲਿਖੀਆਂ।

ਭਾਰਤੀ ਸਾਹਿਤ ਅਕਾਦਮੀ ਦਿੱਲੀ ਤੋਂ ਲੈ ਕੇ ਉਨ੍ਹਾਂ ਨੂੰ ਸਾਹਿਤ ਸ਼੍ਰੋਮਣੀ ਅਵਾਰਡ, ਵਾਰਿਸ-ਸ਼ਾਹ ਅਵਾਰਡ, ਸਰਬੋਤਮ ਸਾਹਿਤਕਾਰ ਅਵਾਰਡ ਤੇ ਭਾਈ ਵੀਰ ਸਿੰਘ ਅਵਾਰਡ ਵਰਗੇ ਵਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਜਾ ਚੁੱਕਾ ਹੈ। ਅੱਜ ਕਲ੍ਹ ਉਹ ਦਿੱਲੀ ਰਹਿੰਦੇ ਹਨ ਤੇ 84 ਸਾਲ ਦੀ ਉਮਰ ਭੋਗਣ ਬਾਅਦ ਵੀ ਨਿਰੰਤਰ ਰਚਨਾ ਅਤੇ ਖੋਜ ਦੇ ਕੰਮ ਵਿੱਚ ਜੁੱਟੇ ਹੋਏ ਹਨ।

### ਮੁਤਲਾਸ਼ੀ ਤੋਂ ਨੇਕੀ

? ਸੁਣਿਆ ਹੈ ਕਿ ਤੁਹਾਡਾ ਉਪਨਾਮ 'ਨੇਕੀ' ਤੁਸੀਂ ਆਪ ਨਹੀਂ ਸੀ ਚੁਣਿਆ, ਇਹਨੇ ਤੁਹਾਨੂੰ ਚੁਣਿਆ ਸੀ। ਇਹ ਕਿਵੇਂ ਹੋਇਆ?

- : ਗਿਆਨੀ ਨਰਿੰਦਰ ਸਿੰਘ ਜੀ 'ਸੋਚ' ਸਾਨੂੰ ਧਾਰਮਕ ਪੜ੍ਹਾਇਆ ਕਰਦੇ ਸਨ। ਇਕ ਦਿਨ ਕਲਾਸ ਵਿਚ ਕਹਿਣ ਲੱਗੇ, "ਬੱਚਿਓ ਨੇਕੀ ਕਰਿਆ ਕਰੋ!" ਪਤਾ ਨਹੀਂ ਮੇਰੇ ਮਨ ਵਿਚ ਕੀ ਆਇਆ, ਮੈਂ ਪੁੱਛ ਬੈਠਾ, "ਗਿਆਨੀ ਜੀ, ਨੇਕੀ ਕੀ ਹੁੰਦੀ ਏ?" ਕਲਾਸ ਸਾਰੀ ਹੱਸ ਪਈ। ਕਲਾਸ ਮੁੱਕੀ, ਤਾਂ ਸਾਰੇ ਮੈਨੂੰ ਛੇੜਨ ਲੱਗੇ, "ਨੇਕੀ ਕੀ ਹੁੰਦੀ ਏ? ਨੇਕੀ ਕੀ ਹੁੰਦੀ ਏ?" ਹੌਲੀ-ਹੌਲੀ ਇਹ ਛੇੜ ਸੁੰਗੜ ਕੇ 'ਨੇਕੀ' ਹੋ ਗਈ ਤੇ ਮੁੰਡੇ ਮੈਨੂੰ ਬੁਲਾਉਣ 'ਓਏ ਨੇਕੀ ਗੱਲ ਸੁਣ!' ਮੈਨੂੰ ਬਹੁਤ ਬੁਰਾ ਲੱਗੇ। ਮੈਂ 'ਸੋਚ' ਜੀ ਕੋਲ ਆਪਣਾ ਦੁੱਖੜਾ ਜਾ ਰੋਇਆ। ਉਹ ਸੁਣ ਕੇ ਹੱਸ ਪਏ ਦੇ ਕਹਿਣ ਲੱਗੇ, "ਇਉਂ ਕਰ ਆਪਣਾ ਉਪਨਾਮ 'ਨੇਕੀ' ਰੱਖ ਲੈ। ਫਿਰ ਛੇੜ ਹਟ ਜਾਵੇਗੀ! ਮੇਰਾ ਨਾਮ 'ਸੋਚ' ਵੀ ਇਸੇ ਤਰ੍ਹਾਂ ਬਣਿਆ।" ਮੈਨੂੰ ਗੱਲ ਚੰਗੀ ਲੱਗੀ ਤੇ ਮੈਂ ਓਦੋਂ ਜੋ ਤਖ਼ੱਲਸ 'ਮੁਤਲਾਸ਼ੀ' ਰੱਖਿਆ ਹੋਇਆ ਸੀ, ਛੋੜ ਕੇ 'ਨੇਕੀ' ਰੱਖ ਲਿਆ।" ਓਦੋਂ ਮੈਨੂੰ ਖ਼ਿਆਲ ਨਾ ਆਇਆ ਕਿ ਇਹ ਉਪਨਾਮ ਰੱਖ ਕੇ ਮੈਨੂੰ ਇਸ ਦੇ ਯੋਗ ਹੋਣਾ ਪਵੇਗਾ। ਹੁਣ ਸੋਚਦਾ ਹਾਂ ਕਿ ਇਹ ਉਪਨਾਮ ਨਾ ਰੱਖਦਾ, ਤਾਂ ਦੰਭ ਤੋਂ ਬਚਿਆ ਰਹਿੰਦਾ।

? ਅੱਠ ਤੋਂ ਵਧ ਦਹਾਕੇ ਹੋ ਗਏ ਹਨ ਤੁਹਾਨੂੰ ਬਚਪਨ ਦੀ ਦਹਿਲੀਜ਼ ਟੱਪਿਆਂ। ਜਦੋਂ ਪਿੱਛੇ ਮੁੜ ਦੇਖਦੇ ਹੋ, ਤਾਂ ਕੀ ਕੁਝ ਯਾਦ ਆਉਂਦਾ ਹੈ?

- ਦਾਦਾ ਜੀ ਮੇਰੇ ਕਈ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਉਨ੍ਹਾਂ ਪਾਸੋਂ ਮੈਂ ਬ੍ਰਜੀ, ਹਿੰਦੀ, ਫ਼ਾਰਸੀ ਤੇ ਸਿੰਧੀ ਬੋਲੀਆਂ ਬਚਪਨ ਵਿਚ ਹੀ ਸਿੱਖ ਲਈਆਂ ਸਨ। ਪੰਜਾਬੀ ਤਾਂ ਮਾਤ ਭਾਸ਼ਾ ਹੈ ਹੀ ਸੀ। ਉਰਦੂ ਤੇ ਅੰਗਰੇਜ਼ੀ ਸਕੂਲ ਵਿਚ ਸਿੱਖੀਆਂ। ਸੋ ਛੇ ਬੋਲੀਆਂ ਤੋਂ ਬਚਪਨ ਵਿਚ ਹੀ ਜਾਣੂ ਹੋ ਗਿਆ। ਇਹ ਛੇ ਬੋਲੀਆਂ ਛੇ ਮੈਂ ਹੁਣ ਵੀ ਚੰਗੀਆਂ ਵਰਤ ਸਕਦਾ ਹਾਂ। ਮਗਰੋਂ ਮੈਂ ਕੰਨੜ, ਜਰਮਨ, ਯੋਰੂਬਾ ਸਿੱਖੀਆਂ, ਪਰ ਉਹ ਮਗਰੋਂ ਵਰਤਣ ਦਾ ਮੌਕਾ ਨਾ ਮਿਲਣ ਕਰਕੇ ਵਿਸਰ ਗਈਆਂ।

ਨਾਨਾ ਜੀ ਮੇਰੇ ਹੈੱਡਮਾਸਟਰ ਸਨ। ਉਨ੍ਹਾਂ ਦਾ ਬੜਾ ਰੁਅਬ ਸੀ। ਉਨ੍ਹਾਂ ਦੇ ਸਾਹਮਣੇ ਹੋਣਾ ਬੜਾ ਔਖਾ ਸੀ। ਸੋ ਉਨ੍ਹਾਂ ਪਾਸੋਂ ਜੋ ਕੁਝ ਪ੍ਰਾਪਤ ਹੋ ਵੀ ਸਕਦਾ ਸੀ, ਤਾਂ ਵੀ ਨਹੀਂ ਹੋਇਆ। ਵੈਸੇ ਉਹ ਗੁਜ਼ਰ ਵੀ ਜਲਦੀ ਗਏ ਸਨ।

ਦਾਦੀ ਜੀ ਮੇਰੇ ਨਿੱਪਟ ਉੱਮੀ ਸਨ। ਅੰਗੂਠਾ ਲਾਉਣਾ ਹੀ ਜਾਣਦੇ ਸਨ। ਪਰ ਬੇਸ਼ੁਮਾਰ ਕਹਾਣੀਆਂ ਤੇ ਸਾਖੀਆਂ ਉਨ੍ਹਾਂ ਨੂੰ ਯਾਦ ਸਨ। ਸਾਹਿਤ ਵੱਲ ਮੇਰਾ ਰੁਜਹਾਨ ਆਪਣੀ ਅਨਪੜ੍ਹ ਦਾਦੀ ਜੀ ਪਾਸੋਂ ਕਹਾਣੀਆਂ ਸੁਣਦਿਆਂ ਪੈਦਾ ਹੋਇਆ।

ਪਿਤਾ ਜੀ ਮੇਰੇ ਅਧਿਆਪਕ ਸਨ। ਬੱਚਿਆਂ ਨੂੰ ਬੜਾ ਪਿਆਰਦੇ, ਦੁਲਾਰਦੇ ਸਨ; ਪਰ ਹੈ ਸਨ ਬੜੇ ਸਖ਼ਤ ਸੁਭਾ ਵਾਲੇ। ਉਹ ਜਦੋਂ ਘਰ ਆਉਂਦੇ ਸਨ, ਤਾਂ ਅਸੀਂ ਲੁਕਦੇ ਫਿਰਦੇ ਹੋਂਦੇ ਸਾਂ। ਹੱਥ ਵਿਚ ਉਨ੍ਹਾਂ ਦੇ ਸਿਮਰਨਾ ਹੋਂਦਾ ਤੇ ਜਾਪ ਚੱਲਦਾ ਹੀ ਰਹਿੰਦਾ ਸੀ। ਮਾਤਾ ਜੀ ਮੇਰੇ ਬੇਅੰਤ ਸ਼ਾਂਤ ਸੁਭਾ ਵਾਲੇ ਸਨ। ਹਸੂੰ ਹਸੂੰ ਕਰਦਾ ਚਿਹਰਾ। ਸਾਰੇ ਟੱਬਰ ਦੀ ਦੇਖਭਾਲ ਕਰਦੇ। ਰਸੋਈ ਦਾ ਕੰਮ ਕਰਦਿਆਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ, ਜੋ ਉਨ੍ਹਾਂ ਨੂੰ ਕੰਠ ਸੀ। ਮੇਰੇ ਦਾਦਾ ਜੀ ਉਨ੍ਹਾਂ ਦੇ ਪਕਾਏ ਹੋਏ ਖਾਣੇ ਨੂੰ 'ਅਮ੍ਰਿਤ' ਆਖਦੇ ਹੁੰਦੇ।

? ਤੁਸੀ ਨਾਨੀ ਜੀ ਬਾਰੇ ਕੁਝ ਨਹੀਂ ਦੱਸਿਆ?

- ਨਾਨੀ ਜੀ ਬਾਰੇ ਮੈਨੂੰ ਇਤਨਾ ਹੀ ਯਾਦ ਹੈ ਕਿ ਉਨ੍ਹਾਂ ਦਾ ਸਿਰ ਬੜਾ ਹਿਲਦਾ ਰਹਿੰਦਾ ਸੀ। ਸੋ ਕੋਈ ਵੀ ਗੱਲ ਪੁੱਛੋ ਹਿਲਦਾ ਸਿਰ 'ਨਾਂਹ' ਵਿਚ ਜਵਾਬ ਦੇ ਦੇਂਦਾ ਸੀ।

? ਤੇ ਭੈਣ ਭਰਾ?

- ਮੈਂ ਪਲੇਠੀ ਦਾ ਸਾਂ, ਮੈਥੋਂ ਨਿੱਕਾ ਭਰਾ ਪਰਕਾਸ਼ ਸਿੰਘ ਮੈਥੋਂ ਦੋ ਵਰ੍ਹੇ ਛੋਟਾ ਸੀ। ਪਰ ਅਧਿਆਤਮਕ ਪੱਧਰ 'ਤੇ ਮੈਥੋਂ ਵੱਡਾ ਸੀ। ਉਹ ਮੇਰਾ ਭਰਾ ਤਾਂ ਹੈ ਹੀ ਸੀ, ਮਿੱਤਰ ਵੀ ਸੀ, ਹਮਰਾਜ਼ ਵੀ ਸੀ।

? ਇੱਕੋ ਭਰਾ ਸੀ ਤੁਹਾਡਾ?

- ਨਹੀਂ, ਅਸੀਂ ਸਾਰੇ ਦਸ ਭੈਣ ਭਰਾ ਸਾਂ, ਚਾਰ ਭੈਣਾਂ ਤੇ ਛੇ ਉਨ੍ਹਾਂ ਦੇ ਭਰਾ। ਪਰ ਬਚਪਨ ਦੇ ਸੰਦਰਭ ਵਿਚ ਗੱਲ ਹੋ ਰਹੀ ਸੀ। ਓਦੋਂ ਉਹ ਇੱਕੋ ਵੀਰ ਸੀ ਮੇਰਾ!

### ਗੁਰੂਦੱਖਣਾ

? ਕੋਇਟੇ ਦੇ ਭੂਚਾਲ ਵੇਲੇ ਤੁਹਾਡੀ ਉਮਰ ਕਿੰਨੀ ਸੀ? ਉਹਦਾ ਤੁਹਾਡੇ ਉੱਪਰ ਕੀ ਅਸਰ ਹੋਇਆ?

- ਮੇਰੀ ਉਮਰ ਓਦੋਂ ਸਾਢੇ ਕੁ ਨੌਂ ਵਰ੍ਹਿਆਂ ਦੀ ਸੀ। ਮੈਂ ਮਲਬੇ ਹੇਠ ਦੱਬਿਆ ਗਿਆ ਸਾਂ ਤੇ ਕੋਈ ਛੇ ਕੁ ਘੰਟੇ ਬਾਅਦ ਨਿਕਾਲਿਆ ਗਿਆ। ਹੇਠਾਂ ਦੱਬੇ ਹੋਏ ਨੂੰ ਆਪਣੀ ਜਾਨ ਖ਼ਤਰੇ ਵਿਚ ਜਾਪਦੀ ਸੀ। ਬਾਹਰ ਨਿਕਲ ਕੇ ਹਜ਼ਾਰਾਂ ਲੋਕਾਂ ਦੀ ਹਾਹਾਕਾਰ ਸੁਣੀ, ਤਾਂ ਸਰੀਰ ਸਿਥਲ ਜਿਹਾ ਹੋ ਗਿਆ। ਇਤਨਾ ਦੁੱਖ ਨਾ ਮੈਂ ਕਦੇ ਪਹਿਲਾਂ ਵੇਖਿਆ ਸੀ ਨਾ ਬਾਅਦ ਵਿਚ। ਮਲਬੇ ਹੇਠੋਂ ਆਪਣਾ ਜੀਊਂਦੇ ਨਿਕਲ ਆਉਣਾ ਤਾਂ ਅਚੰਭਾ ਲਗਦਾ ਹੀ ਸੀ, ਪਰ ਆਪਣੇ ਬਚ ਰਹਿਣ ਕਾਰਨ ਏਨਾ ਵਿਆਪਕ ਦੁੱਖ ਵੇਖ ਕੇ ਬਚ ਰਹਿਣਾ ਚੰਗਾ ਨਹੀਂ ਸੀ ਲਗਦਾ। ਖ਼ਾਸ ਕਰ ਓਦੋਂ ਜਦੋਂ ਸਾਡੇ ਸਕੂਲ ਮਾਸਟਰ ਜੀ ਨੇ ਆ ਕੇ ਦੱਸਿਆ ਕਿ ਸਕੂਲ ਦੇ ਹੋਸਟਲ ਵਿਚ ਰਹਿੰਦੇ ਬੱਚਿਆਂ 'ਚੋਂ ਕੋਈ ਵੀ ਨਹੀਂ ਸੀ ਬਚਿਆ। ਮੇਰਾ ਜਿਗਰੀ ਦੋਸਤ ਵੀ ਉਨ੍ਹਾਂ ਵਿਚ ਹੀ ਸੀ। ਮੈਂ ਉਹਦਾ ਨਾਮ ਲੈ ਕੇ ਪੁੱਛਿਆ, "ਮਾਸਟਰ ਜੀ, ਉਹ ਵੀ ਨਹੀਂ?" ਤਾਂ ਮਾਸਟਰ ਜੀ ਜ਼ਾਰ-ਜ਼ਾਰ ਰੋ ਪਏ। ਕੋਈ ਉੱਤਰ ਨਾ ਦੇ ਸਕੇ।

? ਤੁਸੀਂ ਭੁਚਾਲ ਤੋਂ ਬਾਅਦ ਕੋਇਟਾ ਛੱਡ ਕੇ ਕਿੱਥੇ ਗਏ ਸੀ?

- ਮੈਂ ਤੇ ਮੇਰਾ ਛੋਟਾ ਭਰਾ ਪਰਕਾਸ਼ ਸਿੰਘ ਨਾਨਕਿਆਂ ਦੇ ਘਰ 'ਮੱਛ ਨਗਰ' ਚਲੇ ਗਏ। ਉੱਥੇ ਰੋਜ਼ ਕੋਇਟੇ ਤੋਂ ਦੁਖੀਆਂ ਦੀਆਂ ਭਰੀਆਂ ਰੇਲ ਗੱਡੀਆਂ ਲੰਘਦੀਆਂ ਤੇ ਅਸੀਂ ਦੋਵੇਂ ਮੁਸਾਫ਼ਿਰਾਂ ਨੂੰ ਪਾਣੀ ਪਿਆਉਂਦੇ ਤੇ ਭੁੱਜੇ ਹੋਏ ਛੋਲੇ ਵੰਡਦੇ।

ਇਕ ਦਿਨ ਗੱਡੀ ਵਿਚ ਮੇਰੇ ਉਨ੍ਹਾਂ ਮਾਸਟਰ ਜੀ ਦਾ ਟੱਬਰ ਆਇਆ, ਜਿਨ੍ਹਾਂ ਮੈਨੂੰ ਵਿਸ਼ੇਸ਼ ਵਿੱਦਿਆ ਵੀ ਦਿੱਤੀ ਤੇ ਜੀਣ ਦਾ ਢੰਗ ਵੀ ਸਿਖਾਇਆ। ਉਨ੍ਹਾਂ ਮੈਨੂੰ ਚੌਥੀ ਜਮਾਤ ਵਿਚ ਹੀ ਗਣਿਤ ਵਿਚ ਇਤਨਾ ਨਿਪੁੰਨ ਕਰ ਦਿੱਤਾ ਸੀ ਕਿ ਮੈਂ ਦਸਵੀਂ ਜਮਾਤ ਦੇ ਸੁਆਲ ਕੱਢ ਲੈਂਦਾ ਸਾਂ। ਉਰਦੂ ਇਤਨਾ ਪੜ੍ਹਾ ਦਿੱਤਾ ਸੀ ਕਿ ਉਸਦੇ ਬਲਬੂਤੇ 'ਤੇ ਮੈਂ ਉਰਦੂ ਅਖ਼ਬਾਰ 'ਪ੍ਰਭਾਤ' ਦੀ ਐਡੀਟਰੀ ਕੀਤੀ। ਮਿਹਨਤ ਉਨ੍ਹਾਂ ਸਿਖਾਈ। ਪਰਉਪਕਾਰ ਉਨ੍ਹਾਂ ਸਿਖਾਇਆ। ਵਿੱਦਿਆ ਵੰਡਣ ਦੀ ਵਿਧੀ ਉਨ੍ਹਾਂ ਦਰਸਾਈ। ਮਾਸਟਰ ਜੀ ਆਪ ਫੱਟੜ ਹੋਏ ਬੇਸੁਰਤ ਪਏ ਸਨ। ਉਨ੍ਹਾਂ ਨੂੰ ਇੰਜ ਵੇਖ ਕੇ ਮੇਰੇ ਹੋਸ਼ ਹਵਾਸ ਹੀ ਉਡ ਗਏ ਤੇ ਮੈਂ ਸਿਥਲ ਜਿਹਾ ਹੋ ਗਿਆ। ਪਰ ਝੱਟ ਹੀ ਗੱਡੀ ਤੁਰ ਪਈ ਤੇ ਮੈਂ ਹੇਠਾਂ ਉਤਰ ਆਇਆ। ਕਈ ਦਿਨ ਉਹ ਨਜ਼ਾਰਾ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਿਹਾ। ਮੈਂ ਆਪਣੀ ਸਾਹਿਤਕ ਸ੍ਵੈ-ਜੀਵਨੀ ਵਿਚ ਉਨ੍ਹਾਂ ਬਾਰੇ ਲਿਖਿਆ ਤੇ ਉਨ੍ਹਾਂ ਪ੍ਰਤੀ ਆਪਣਾ ਰਿਣ ਦਰਸਾਇਆ। ਇਹ ਪੁਸਤਕ ਕਿਸੇ ਨੇ ਉਨ੍ਹਾਂ ਦੇ ਬੇਟੇ ਨੂੰ ਕੈਨੇਡਾ ਵਿਚ ਜਾ ਦਿੱਤੀ। ਉਨ੍ਹਾਂ ਆਪਣੇ ਪਿਤਾ ਜੀ ਦੀ ਤਸਵੀਰ ਮੈਨੂੰ ਭੇਜਣ ਦਾ ਉਪਕਾਰ ਕੀਤਾ। ਮੈਂ ਉਹ ਤਸਵੀਰ ਮੜ੍ਹਵਾ ਕੇ ਆਪਣੇ ਘਰ ਸਜਾ ਦਿੱਤੀ ਤੇ ਰੋਜ਼ ਸਵੇਰੇ ਗੁਰੂ ਨੂੰ ਚੇਤੇ ਕਰਨ ਮਗਰੋਂ ਇਨ੍ਹਾਂ ਨੂੰ ਸਨਿਮਰ ਪ੍ਰਣਾਮ ਕਰਦਾ ਹਾਂ। ਇਹੀ ਮੇਰੀ ਗੁਰੂਦੱਖਣਾ ਹੈ।

ਉਹੋ ਜਿਹਾ ਅਧਿਆਪਕ ਤਾਂ ਉਦੋਂ ਵੀ ਹੋਰ ਕੋਈ ਨਹੀਂ ਸੀ, ਅੱਜ ਤਾਂ ਕੋਈ ਹੋਣਾ ਹੀ ਨਹੀਂ!

ਉਨ੍ਹਾਂ ਮੈਨੂੰ ਵਜ਼ੀਫ਼ੇ ਦੇ ਇਮਤਿਹਾਨ ਲਈ ਤਿਆਰ ਕਰਾਇਆ ਸੀ। ਇਮਤਿਹਾਨ ਦਾ ਨਤੀਜਾ ਵੀ ਕੋਇਟੇ ਭੁਚਾਲ ਕਾਰਨ ਮਲਬੇ ਹੇਠ ਦੱਬਿਆ ਗਿਆ ਸੀ। ਛੇ ਮਹੀਨੇ ਮਗਰੋਂ ਜਦ ਉੱਥੇ ਖ਼ੁਦਵਾਈ ਹੋਈ ਤਾਂ ਨਿਕਲਿਆ, ਤਾਂ ਮੈਨੂੰ ਬਾਰਾਂ ਰੁਪਏ ਮਹੀਨੇ ਦੇ ਹਿਸਾਬ ਬਹੱਤਰ ਰੁਪਏ ਵਜ਼ੀਫ਼ੇ ਦੇ ਪਹਿਲੀ ਕਿਸ਼ਤ ਮਿਲੀ। ਮੇਰੇ ਦਾਦਾ ਜੀ ਨੇ ਇਹ ਰਕਮ ਮਾਸਟਰ ਜੀ ਨੂੰ ਮਨੀ ਆਰਡਰ ਕਰਵਾ ਦਿੱਤੀ। ਉਨ੍ਹਾਂ ਦਾ ਉਤਰ ਆਇਆ, "ਇਹ ਬਹੱਤਰ ਰੁਪਏ ਮੈਨੂੰ ਬਹੱਤਰ ਹਜ਼ਾਰ ਵਰਗੇ ਲੱਗੇ ਹਨ। ਇਕ ਤਾਂ ਇਸ ਕਰਕੇ ਕਿ ਜਸਵੰਤ ਸਿੰਘ ਅੱਵਲ ਆਇਆ ਹੈ ਤੇ ਵਾਹਿਗੁਰੂ ਨੇ ਉਸਦੀ ਮਿਹਨਤ ਸਫਲ ਕੀਤੀ ਹੈ ਤੇ ਦੂਜੇ ਇਸ ਲਈ ਕਿ ਮੈਂ ਇਸ ਵੇਲੇ ਬੀਮਾਰ ਪਿਆ ਹਾਂ ਤੇ ਇਹ ਰਕਮ ਮੇਰੇ ਇਲਾਜ ਦੇ ਕੰਮ ਆਵੇਗੀ।" ਪਰ ਉਸ ਤੋਂ ਥੋੜ੍ਹੇ ਚਿਰ ਮਗਰੋਂ ਹੀ ਉਹ ਅਕਾਲ ਚਲਾਣਾ ਕਰ ਗਏ।

### ਜ਼ਿੰਦਗੀ ਤੇ ਮੌਤ

? ਡਾਕਟਰੀ ਦੇ ਕਿੱਤੇ ਵਿਚ ਤੁਹਾਡੀ ਦਿਲ ਹਿਲਾ ਦੇਣ ਵਾਲੀ ਯਾਦ ਪਹਿਲੀ ਵਾਰ ਕਿਸੇ ਤੀਵੀਂ ਦੇ ਨੰਗੇ ਮੁਰਦਾ ਸਰੀਰ ਦੀ ਚੀਰ-ਫਾੜ ਕਰਨ ਦੀ ਹੈ। ਉਸ ਬਾਰੇ ਹੁਣ ਕਿਵੇਂ ਚੇਤੇ ਕਰਦੇ ਹੋ?

- ਉਦੋਂ ਮੈਂ ਸੋਚਿਆ ਸੀ, ਇਹ ਔਰਤ ਜਿਸ ਦਾ ਸਰੀਰ ਖ਼ੁਸ਼ਬੋਈਆਂ ਮਾਣਦਾ ਰਿਹਾ ਹੋਣਾ ਹੈ, ਅੱਜ ਕੇਡੀ ਕੁਲਹਿਣੀ ਸੜ੍ਹਾਂਦ ਛੋੜ ਰਿਹਾ ਹੈ। ਉਸ ਦੀਆਂ ਛਾਤੀਆਂ ਜੋ ਕਦੇ ਅਮ੍ਰਿਤ ਦਾ ਸੋਮਾ ਸਨ, ਅੱਜ ਕੇਵਲ ਜ਼ਿਲਬ ਦਾ ਢੇਰ ਹੋਈਆਂ ਪਈਆਂ ਹਨ। ਜੋ ਕਦੇ ਸ਼ਰਮ ਹਯਾ ਦੀ ਪੁਤਲੀ ਸੀ, ਅੱਜ ਸਭੇ ਸਾਹਵੇਂ ਨੰਗ-ਧੜੰਗੀ ਪਈ ਹੋਈ ਸੀ। ਤਦ ਖ਼ਿਆਲ ਆਇਆ ਇਹ ਔਰਤ ਕਿਤਨੀ ਪਰਉਪਕਾਰੀ ਜੀਵ ਹੈ ਕਿ ਉਸ ਦਾ ਮਿਰਤਕ ਸਰੀਰ ਵੀ ਮੇਰੇ ਲਈ ਨਵਾਂ ਗਿਆਨ ਪ੍ਰਾਪਤ ਕਰਨ ਦਾ ਸਾਧਨ ਬਣਿਆ ਹੋਇਆ ਹੈ।

ਤਦ ਮੈਂ ਲਿਖਿਆ ਸੀ :

ਅੱਜ ਵੀ ਜੇ ਕਦੇ ਓਸ ਹਾਲ ਅੱਗੋਂ ਲੰਘਾਂ ਮੈਂ।
ਓਥੇ ਪ੍ਰਣਾਮ ਕਰ ਲੰਘਣੋਂ ਨਾ ਸੰਗਾਂ ਮੈਂ।
ਦੁਨੀ 'ਚ ਨ ਹੋਰ ਕੋਈ ਥਾਂਓਂ ਇਹਦੇ ਨਾਲ ਦੀ,
ਮੌਤ ਜਿੱਥੇ ਜ਼ਿੰਦਗੀ ਨੂੰ ਸੰਥਿਆ ਨਹੀ ਸਿਖਾਲਦੀ।

ਕੁਝ ਵਰ੍ਹੇ ਹੋਏ ਮੈਂ ਪਾਕਿਸਤਾਨ ਗੁਰਦੁਆਰਿਆਂ ਦੀ ਯਾਤਰਾ 'ਤੇ ਗਿਆ ਸਾਂ। ਲਾਹੌਰ ਵਿਚ ਮੈਂ ਕੇਵਲ ਡੇਹਰਾ ਸਾਹਿਬ ਦੇ ਦਰਸ਼ਨ ਹੀ ਨਹੀਂ ਕੀਤੇ, ਮੈਡੀਕਲ ਕਾਲਿਜ, ਜਿੱਥੇ ਮੈਂ ਪੜ੍ਹਿਆ ਸਾਂ, ਓਥੇ ਵੀ ਗਿਆ ਤੇ ਉਚੇਚਾ ਮੁਰਦਿਆਂ ਦੇ ਉਸ ਹਾਲ ਤੱਕ ਗਿਆ, ਜਿੱਥੇ ਮੈਂ ਸਰੀਰ-ਵਿਗਿਆਨ ਸਿੱਖਣ ਲਈ ਉਸ ਤੀਵੀਂ ਦੇ ਸਰੀਰ ਦੀ ਚੀਰ-ਫਾੜ ਕੀਤੀ ਸੀ। ਉਸ ਦਾ ਦਰਵਾਜ਼ਾ ਉਸ ਵੇਲੇ ਬੰਦ ਹੋ ਚੁੱਕਾ ਸੀ, ਕਿਉਂਕਿ ਸ਼ਾਮ ਦੇ ਪੰਜ ਵੱਜ ਚੁੱਕੇ ਸਨ ਤੇ ਕਾਲਜ ਬੰਦ ਹੋਣ ਦਾ ਸਮਾਂ ਹੋ ਚੁੱਕਾ ਸੀ। ਪਰ ਬੰਦ ਦਰਵਾਜ਼ਾ ਵੀ ਮੈਨੂੰ ਓਥੇ ਪ੍ਰਣਾਮ ਕਰਨ ਤੋਂ ਨਾ ਹਟਕ ਸਕਿਆ। ਮੈਂ ਓਥੇ ਹੀ ਸਿਜਦਾ ਕੀਤਾ ਤੇ ਉਸ ਦੀ ਮੁਹਾਨ ਤੋਂ ਧੂੜੀ ਲੈ ਕੇ ਆਪਣੇ ਮੱਥੇ 'ਤੇ ਲਗਾ ਲਈ। ਇਹ ਵੀ ਮੈਨੂੰ ਤੀਰਥ ਯਾਤਰਾ ਵਰਗਾ ਹੱਜ ਲੱਗਾ ਸੀ।

### ਪਾਗਲ ਕਵੀ

? ਤੁਸੀਂ ਮਾਨਸਿਕ ਰੋਗਾਂ ਦੇ ਇਲਾਜ ਦੇ ਵਿਸ਼ੇਸ਼ਗ ਹੋ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਕਵੀ ਲੋਕ ਪਾਗਲ ਜਾਂ ਨੀਮਪਾਗਲ ਹੁੰਦੇ ਹਨ। ਇਸ ਬਾਰੇ ਤੁਹਾਡਾ ਕੀ ਖ਼ਿਆਲ ਹੈ?

- ਜੇਕਰ ਪਾਗਲ ਹੋਣਾ ਹੀ ਕਵੀ ਹੋਣ ਦੀ ਸ਼ਰਤ ਹੋਵੇ ਤਾਂ ਦੁਨੀਆ ਦੀ ਸਾਰੀ ਕਵਿਤਾ ਪਾਗਲਖ਼ਾਨਿਆਂ ਵਿਚ ਹੀ ਰਚੀ ਜਾਂਦੀ ਹੋਵੇ। ਪਰ ਇਹ ਇਉਂ ਹੈ ਨਹੀਂ। ਐਸਾ ਸੋਚਣ ਵਾਲੇ ਆਪਣੇ ਆਪ ਨੂੰ 'ਸਾਵਾਂ' ਮੰਨਦੇ ਹਨ ਤੇ ਹੋਰ ਹਰ ਬੰਦੇ ਨੂੰ ਜੋ ਉਨ੍ਹਾਂ ਵਰਗਾ ਨਹੀਂ ਕੁਸਾਵਾਂ ਮੰਨ ਲੈਂਦੇ ਹਨ। ਹਰ ਵਿਲੱਖਣ ਮਨੁੱਖ ਕੁਸਾਵਾਂ ਤਾਂ ਨਹੀਂ ਹੋਂਦਾ। ਵਿਲੱਖਣਤਾ ਸਾਵੇਂ ਹੋਣ ਨਾਲੋਂ ਉੱਚੇ ਪੱਧਰ ਦੀ ਵੀ ਹੋ ਸਕਦੀ ਹੈ। ਕਵੀ ਐਸੀ ਹੀ ਵਿਲੱਖਣਤਾ ਦਾ ਭਾਗੀ ਹੁੰਦਾ ਹੈ।

ਪਾਗਲਖ਼ਾਨੇ ਵਿਚ ਵੀ ਕੁਝ ਲੋਕ ਕਵਿਤਾ ਵਿਚ ਮੂੰਹ ਮਾਰਦੇ ਹਨ। ਇਕ ਮਿਸਾਲ ਉਸ ਪ੍ਰਕਾਰ ਦੀ ਪੇਸ਼ ਕਰਦਾ ਹਾਂ, ਜੋ ਮੇਰੇ ਕਿਸੇ ਮਰੀਜ਼ ਨੇ ਲਿਖੀ ਸੀ :

ਕਿਸ ਪਾਸ ਦੂਰਬੀਨ ਨਾਲ ਨਿਕਟ ਵੇਖਣ ਜਾਂ ਸੁਣਨ ਦੀ ਵਿਹਲ?
ਵੇਖਾਂ ਤਾਂ ਸੱਪ
ਸੁਣਾਂ ਤਾਂ ਬਦਲਾਂ ਦੀ ਚਮਕ! ਕੋਹਲੂ ਵਰਗੀ!
ਬਾਂਦਰ ਦੀ ਟਪੂਸੀ ਵੀ ਸ਼ੱਕੀ।
ਕੁੱਤੇ ਦਾ ਭੌਂਕਣਾ ਵੀ ਸ਼ੱਕੀ ਦੋਝਾੜ ਇਕ ਝਾੜੂ, ਨਹੀਂ ਸੱਚ ਲੱਗਾ!
ਮੱਕੀ ਦਾ ਆਟਾ ਵੀ ਸ਼ੱਕੀ ਸੁੱਕੀ ਰੋਟੀ... ਕਾਲਾ ਪਾਣੀ।
ਉਹ ਸਭ ਬੋਲਦੇ। ਮੇਰੇ ਕੰਨ ਅੰਦਰ ਬੈਠ ਕੇ...
ਫੁੱਲਾਂ ਉੱਪਰ ਬਿੱਛੂ ਗੁਲਾਬਜਾਮਣ।
ਕਪੜੇ ਕਲਬੂਤ ਕਵਿਤਾ ਸਭ ਕੱਕੇ, ਪੰਜ ਕੱਕੇ।
ਘਬਰਾਓ ਨਹੀਂ। ਕੀੜੇ, ਕਬਾੜੀ (ਇਹ ਦੋ ਕੱਕੇ ਹੋਰ)
ਚਿੜੀਆਂ ਕੋਲੋਂ ਬਾਜ਼ ਤੁੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ।
ਬੋਲੇ ਸੋ ਨਿਹਾਲ ਕੀ ਚੜ੍ਹਦੀ ਕਲਾ। ਮਹਾਤਮਾ ਗਾਂਧੀ ਕੀ ਜੈ।
ਕਲਾਬਾਜ਼ੀ। ਬਾਜ਼ੀਗਰ। ਬਾਜ਼ਾਰੂ! ਬਜ਼ਮ! ਬਸਰਾ। ਗਈ ਰਨ ਬਸਰੇ।
ਬਿਸਮਿੱਲਾ! ਕੁੱਤਾ ਪਿੱਲਾ। ਕਾਲਾ ਬਾਜ਼ਾਰ...
ਅੰਗੂਰ ਬੇਸ਼ੁਮਾਰ! ਅੰਗਾਰ ਬੇਸ਼ੁਮਾਰ! ਰਬ ਇਕ, ਉਲਾਂਘਾ ਦੋ! ਡੇਢ!
ਗਗਨ ਮੇ ਪਰਾਤਜ ਚੱਲ ਮੇਰੇ ਦੀਵੇ। ਫੁੱਲ ਮੇਰੇ ਫੁਟਬਾਲ!!

ਇਸ ਨੂੰ ਕਵਿਤਾ ਮੰਨ ਲਓ ਤਾਂ ਵੀ ਹਰ ਪਾਗਲ ਐਸੀ ਕਵਿਤਾ ਵੀ ਨਹੀਂ ਲਿਖ ਸਕਦਾ ਹੈ!

? ਤੁਹਾਡਾ ਕਥਨ ਹੈ 'ਦਰਸ਼ਨ ਤੇ ਸਾਇੰਸ ਵਿਚ ਸ਼ਬਦ ਇਕਹਿਰੇ ਅਰਥ ਲੈ ਕੇ ਆਉਂਦੇ ਹਨ, ਪਰ ਕਾਵਿ ਵਿਚ ਬ੍ਰਹਮੰਡੀ ਰੂਪ'। ਬੋਲੀ ਦੇ ਸ਼ਬਦ ਤਾਂ ਓਹੀ ਹਨ, ਫਿਰ ਇਹ ਰੂਪ ਕਿਵੇਂ ਬਦਲ ਲੈਂਦੇ ਹਨ?

- ਮੈਂ ਇਕ ਥਾਏਂ ਲਿਖਿਆ ਏ :

ਸ਼ਬਦ, ਜਿਹਦੇ ਨੇਤ੍ਰਾਂ 'ਚੋਂ ਹੰਝੂ ਨਹੀਂ ਛਲਕਦੇ,
ਅੱਖ, ਜਿਹਦੇ ਹੰਝੂਆਂ 'ਚੋਂ ਬੋਲ ਨਹੀਂ ਵਿਲਕਦੇ,
ਕਰਨ ਕੀ ਆਏ ਨਾਟਸ਼ਾਲ ਵਿਚ।

ਕਿਸੇ ਦਰਸ਼ਨ ਤੇ ਵਿਗਿਆਨ ਦੇ ਬੋਲਾਂ ਪਾਸ ਹੰਝੂ ਛਲਕਾਉਣ ਵਾਲੇ ਨੇਤਰ ਨਹੀਂ ਹੋਂਦੇ। ਓਥੇ ਤਾਂ ਜੇ ਕੋਈ ਐਸਾ ਸ਼ਬਦ ਭੁਲ ਭੁਲੇਖੇ ਵੀ ਆ ਵੜੇ, ਤਾਂ ਉਸ ਨੂੰ ਸ਼ਹਿਰ ਬਦਰ ਕਰ ਦਿੱਤਾ ਜਾਂਦਾ ਹੈ। ਹੰਝੂਆਂ ਵਾਲੇ ਸ਼ਬਦ ਤਾਂ ਪਿਆਰ ਪਾਸ ਹੁੰਦੇ ਹਨ ਤੇ ਵਿਲਕਦੇ ਹੰਝੂ ਬਿਰਹੇ ਪਾਸ। ਪਿਆਰਵਾਨ ਬਿਰਹੀ ਆਪਣੀ ਨਿੱਜਤਾ ਤੋਂ ਨਿਕਲ ਕੇ ਕਿਸੇ ਹੋਰ ਦਾ ਹੋ ਗਿਆ ਹੋਂਦਾ ਹੈ। ਉਸ ਦੇ ਬੋਲ ਉਸ ਦੀ ਨਿੱਜਤਾ ਦੇ ਬੋਲ ਨਹੀਂ ਰਹਿੰਦੇ, ਬ੍ਰਹਮੰਡੀ ਬੋਲ ਹੋ ਜਾਂਦੇ ਹਨ।

ਕਦੇ-ਕਦੇ ਦਰਸ਼ਨ ਦੀ ਅੱਖ ਵਿਚ ਵੀ, ਵਿਗਿਆਨ ਦੀ ਅੱਖ ਵਿਚ ਵੀ ਹੰਝੂ ਆ ਜਾਂਦੇ ਹਨ, ਤਦ ਉਹ ਦਾਰਸ਼ਨਿਕ ਕਾਵਿ ਜਾਂ ਵਿਗਿਆਨਕ ਕਾਵਿ ਹੋ ਜਾਂਦਾ ਹੈ। ਸੁਧਾ ਦਰਸ਼ਨ ਤਰਕ ਦੇ ਆਸਰੇ ਖਲੋਂਦਾ ਹੈ ਤੇ ਤਰਕ ਤੋਂ ਵਧੇਰੇ ਖ਼ੁਸ਼ਕ ਸ਼ਾਇਦ ਹੋਰ ਕੋਈ ਚੀਜ਼ ਨਹੀਂ ਹੋਣੀ।

? ਬਹੁਤੇ ਵਿਗਿਆਨੀ ਰਹੱਸਮਈ ਕਿਉਂ ਹੁੰਦੇ ਹਨ?

- ਤੁਹਾਡਾ ਪ੍ਰਸ਼ਨ ਥੋੜ੍ਹਾ-ਜਿਹਾ ਪਰਿਵਰਤਨ ਮੰਗਦਾ ਹੈ। ਸਹੀ ਪ੍ਰਸ਼ਨ ਇਉਂ ਹੋਵੇਗਾ - ਬਹੁਤੇ ਵਿਗਿਆਨੀ ਰਹੱਸਵਾਦੀ ਕਿਉਂ ਹੋ ਗਏ ਹਨ?

ਵਿਗਿਆਨ ਨੇ ਪਿਛਲੀ ਸਦੀ ਦੇ ਮੱਧ ਤਕ ਆਪਣਾ ਰਾਬਤਾ ਬਾਹਰਗਤ (Objective) ਯਥਾਰਥ

ਨਾਲ ਰੱਖਿਆ ਹੋਇਆ ਸੀ ਤੇ ਇਹ ਪਦਾਰਥਵਾਦੀ ਭੋਇੰ ਉੱਪਰ ਉਸਾਰਿਆ ਗਿਆ ਸੀ। ਵਿਗਿਆਨ ਜਦ ਪਦਾਰਥ ਦੇ ਅੰਦਰ ਵੜਿਆ, ਤਾਂ ਉਸਨੇ ਪਹਿਲਾਂ ਅਣੂ ਵੇਖੇ; ਪਦਾਰਥ ਦੇ ਉਹ ਨਿੱਕੇ ਤੋਂ ਨਿੱਕੇ ਭੋਰੇ ਜੋ ਪਦਾਰਥ ਵਿਸ਼ੇਸ਼ ਦੇ ਗੁਣਾਂ ਨੂੰ ਸੰਭਾਲੀ ਬੈਠੇ ਸਨ। ਜਦ ਵਿਗਿਆਨੀ ਅਣੂ ਦੇ ਅੰਦਰ ਵੜਨ ਜੋਗਾ ਹੋਇਆ ਤਾਂ ਉਸ ਨੇ ਪਰਮਾਣੂ ਵੇਖੇ ਅਣੂ ਤੋਂ ਵੀ ਛੋਟੇ ਭੋਰੇ। ਏਥੇ ਮੈਂ ਸ਼ਬਦ 'ਵੇਖੇ' ਵਰਤ ਰਿਹਾ ਹਾਂ, ਪਰ ਇਹ ਅੱਖਾਂ ਨਾਲ ਨਹੀਂ ਵੇਖੇ ਗਏ। ਸਬੂਤਾਂ ਦੇ ਆਧਾਰ 'ਤੇ ਅਨੁਮਾਨੇ ਗਏ ਹਨ। ਜਦ ਮਨੁੱਖ ਇਨ੍ਹਾਂ ਦੇ ਵੀ ਅੰਦਰ ਵੜਿਆ, ਤਾਂ ਹੋਰ ਵੀ ਨਿੱਕੇ ਨਿਮਨਾਣੂ ਉਸ ਨੂੰ ਪ੍ਰਤੀਤ ਹੋਏ। ਇਹ ਪਦਾਰਥਕ ਨਹੀਂ ਸਨ। ਕਦੇ ਪ੍ਰਤੀਤ ਹੋਂਦੇ ਸਨ, ਕਦੇ ਅਲੋਪ ਹੋ ਜਾਂਦੇ ਸਨ। ਨਿਰੀ ਊਰਜਾ ਸਨ ਜੋ ਜੁਗਨੂੰ ਵਾਂਗੂੰ ਜਗਦੀ-ਬੁਝਦੀ ਪ੍ਰਤੀਤ ਹੋਂਦੀ ਸੀ। ਕਦੇ ਇਹ ਤੀਰ ਵਾਂਗ ਇੱਕੇ ਸੇਧ ਵਿਚ ਤੁਰੀ ਜਾਂਦੀ ਲਗਦੀ; ਕਦੇ ਲਹਿਰਾਂ ਵਾਂਗ ਲਹਿਰਾਉਂਦੀ। ਜੇਕਰ ਵਿਗਿਆਨੀ ਇਹ ਸਮਝ ਕੇ ਤੁਰੇ ਕਿ ਇਹ ਲਕੀਰੀ ਸੇਧ ਵਿਚ ਤੁਰਦੀ ਹੈ ਤਾਂ ਉਸਦਾ ਗਣਿਤ ਇਹੋ ਸਿੱਧ ਕਰ ਦੇਂਦਾ। ਜੇਕਰ ਇਸ ਮਨੌਤ ਨਾਲ ਤੁਰੇ ਕਿ ਇਹ ਇਕ ਲਹਿਰ ਹੋ ਕੇ ਤੁਰਦੀ ਹੈ, ਤਾਂ ਗਣਿਤ ਏਹੋ ਸਿੱਧ ਕਰ ਦੇਂਦਾ। ਤਦ ਵਿਗਿਆਨੀ ਨੂੰ ਲੱਗਾ, ਗਣਿਤ ਤਾਂ ਓਹੋ ਕੁਝ ਸਿੱਧ ਕਰ ਦੇਂਦਾ ਹੈ, ਜੋ ਮੈਂ ਸੋਚ ਕੇ ਤੁਰਦਾ ਹਾਂ। ਹੁਣ ਉਹ ਸਾਇੰਸ ਦੇ ਬਾਹਰਗਤ ਹੋਣ ਬਾਰੇ ਸ਼ੱਕੀ ਹੋ ਗਿਆ। ਹੁਣ ਆਪਣੇ ਅੰਦਰ ਝਾਤੀ ਮਾਰਨ 'ਤੇ ਮਜਬੂਰ ਹੋ ਗਿਆ। ਆਇਨਸ਼ਟਾਈਨ ਵਰਗਾ ਮਹਾਨ ਵਿਗਿਆਨੀ ਵੀ ਅੰਤਰਮੁਖੀ ਵਿਚਾਰਕ ਹੋ ਗਿਆ।

ਹੁਣ ਸਾਇੰਸ ਨੂੰ ਜਾਪਣ ਲੱਗਾ ਹੈ ਕਿ ਜਿੱਥੇ ਉਹ ਪਹੁੰਚੇ ਹਨ, ਓਥੋਂ ਰਹੱਸ ਦਾ ਦਰਵਾਜ਼ਾ ਖੁੱਲ੍ਹਦਾ ਹੈ ਤੇ ਉਹ ਰਹੱਸਾਤਮਕ ਸਾਧਨਾਂ ਵਾਲਿਆਂ ਨਾਲ ਵਾਰਤਾਲਾਪ ਕਰਨਾ ਲੋਚਣ ਲੱਗੇ ਹਨ।

## ਸ਼ਾਦੀ ਤੇ ਸਿਆਸਤ

? ਤੁਹਾਡਾ ਵਿਆਹ ਕਦੋਂ ਤੇ ਕਿਵੇਂ ਹੋਇਆ?

- ਇਹ ਵਿਚਿੱਤਰ ਘਟਨਾ ਸੀ। ਮੈਂ ਜਦ ਡਾਕਟਰੀ ਵਿੱਦਿਆ ਲੈ ਰਿਹਾ ਸਾਂ, ਤਾਂ ਮੇਰੇ ਇਕ ਪ੍ਰੋਫ਼ੈਸਰ ਸਨ ਡਾਕਟਰ ਕਰਨਲ ਗੁਰਬਖ਼ਸ਼ ਸਿੰਘ। ਉਨ੍ਹਾਂ ਦੀ ਵੱਡੀ ਲੜਕੀ ਵਿਆਹੁਣ ਜੋਗੀ ਸੀ। ਉਨ੍ਹਾਂ ਦੇ ਘਰੋਂ ਬੀਬੀ ਜੀ ਉਨ੍ਹਾਂ ਨੂੰ ਕਹਿਣ ਲੱਗੇ, "ਤੁਹਾਡੇ ਕੋਲੋਂ ਇਤਨੇ ਡਾਕਟਰ ਮੁੰਡੇ ਪੜ੍ਹ ਕੇ ਗਏ ਹਨ, ਉਨ੍ਹਾਂ ਵਿੱਚੋਂ ਤੁਹਾਨੂੰ ਕੋਈ ਠੀਕ ਨਹੀਂ ਲੱਗਦਾ?" ਕਹਿਣ ਲੱਗੇ, "ਇਕ ਲੜਕਾ ਮੈਨੂੰ ਪਸੰਦ ਤਾਂ ਆਇਆ ਹੈ, ਪਰ ਉਸ ਵਿਚ ਦੋ ਨੁਕਸ ਹਨ: ਇਕ ਤਾਂ ਪਾਲੇਟਿਕਸ ਵਿਚ ਫਸਿਆ ਫਿਰਦੈ ਤੇ ਦੂਜਾ ਕਵਿਤਾ ਲਿਖਦੈ!" ਪਰ ਉਨ੍ਹਾਂ ਦੀ ਸੱਸ ਨੇ ਕਿਹਾ, "ਇਹ ਕਾਹਦੇ ਨੁਕਸ ਹੋਏ? ਵੇਖੋ ਤਾਂ ਇਹ ਗੁਣ ਹਨ। ਉਸ ਨਾਲ ਗੱਲ ਕਰੋ।" ਸੋ ਉਨ੍ਹਾਂ ਮੈਨੂੰ ਆਪਣੇ ਘਰ ਚਾਹ 'ਤੇ ਬੁਲਾਇਆ ਤੇ ਸਾਡੇ ਟੱਬਰ ਬਾਰੇ ਮੇਰੇ ਪਾਸੋਂ ਤਫ਼ਤੀਸ਼ ਕੀਤੀ ਤੇ ਅੰਤ ਵਿਚ ਆਪਣੀ ਬੇਟੀ ਦਾ ਹੱਥ ਮੇਰੇ ਹੱਥ ਦੇਣ ਦੀ ਪੇਸ਼ਕਸ਼ ਕਰ ਕੇ ਮੈਥੋਂ ਮੇਰੀ ਰਾਏ ਮੰਗੀ। ਮੈਂ ਕਿਹਾ, "ਮੈਂ ਆਪ ਦਾ ਧੰਨਵਾਦੀ ਹਾਂ ਜੁ ਤੁਸਾਂ ਮੈਨੂੰ ਇਸ ਜੋਗਾ ਜਾਣਿਆ। ਮੈਂ ਘਰ ਜਾ ਕੇ ਆਪਣੇ ਬਜ਼ੁਰਗਾਂ ਦੀ ਰਾਏ ਲੈ ਕੇ ਆਪ ਨੂੰ ਸੂਚਿਤ ਕਰ ਸਕਾਂਗਾ।"

ਘਰ ਪਰਤਿਆ ਤਾਂ ਅੱਗੇ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਆਏ ਹੋਏ ਸਨ। ਉਹ ਕਿਸੇ ਪ੍ਰਤਿਸ਼ਠਿਤ ਸਿਆਸੀ ਲੀਡਰ ਵੱਲੋਂ ਆਏ ਸਨ ਤੇ ਉਨ੍ਹਾਂ ਦੀ ਬੇਟੀ ਨਾਲ ਮੇਰੇ ਰਿਸ਼ਤੇ ਦੀ ਪੇਸ਼ਕਸ਼ ਲੈ ਕੇ ਆਏ ਸਨ। ਮੈਂ ਇਕਦਮ ਦੁਬਿਧਾ ਵਿਚ ਪੈ ਗਿਆ। ਕੁੜੀਆਂ ਦੋਵੇਂ ਚੰਗੀਆਂ ਸ਼ਕਲਵੰਦ। ਦੋਵੇਂ ਫ਼ਿਲਾਸਫ਼ੀ ਦੀਆਂ ਐੱਮ.ਏ.। ਸੋ ਇੱਕੋ ਜਿੰਨੀਆਂ ਪੜ੍ਹੀਆਂ ਹੋਈਆਂ। ਕੱਦ ਵੀ ਬਿਲਕੁਲ ਬਰਾਬਰ। ਮੈਂ ਬਾਵਾ ਜੀ ਨੂੰ ਆਪਣੀ ਦੁਬਿਧਾ ਦੱਸੀ।

ਓਦੋਂ ਮੈਂ ਆਪ ਵੀ ਰਾਜਨੀਤੀ ਵਿਚ ਧੱਸਿਆ ਹੋਇਆ ਸਾਂ। ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਸਾਂ ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਵੀ ਸਾਂ ਤੇ ਬਾਵਾ ਜੀ ਇਹ ਜਾਣਦੇ ਵੀ ਸਨ। ਤਦ ਮੈਨੂੰ ਕਹਿਣ ਲੱਗੇ, "ਨੇਕੀ! ਤੈਨੂੰ ਇਕ ਗੱਲ ਪੁੱਛਣਾ ਚਾਹੁੰਦਾ ਹਾਂ। ਤੂੰ ਰਾਜਨੀਤੀ ਵਿਚ ਸੇਵਾ ਦੀ ਨੀਅਤ ਨਾਲ ਆਇਆ ਹੈਂ ਕਿ ਤਾਕਤ ਹਾਸਲ ਕਰਨ ਦੀ ਨੀਅਤ ਨਾਲ? ਤੇਰਾ ਉੱਤਰ ਮੈਂ ਜਾਣਦਾ ਹਾਂ, ਪਰ ਤੇਰੇ ਮੂੰਹੋਂ ਸੁਣਨਾ ਚਾਹੁੰਦਾ ਹਾਂ।" ਮੈਂ ਕਿਹਾ, "ਜੀ ਸੇਵਾ ਦੀ ਨੀਅਤ ਨਾਲ।" ਤਾਂ ਕਹਿਣ ਲੱਗੇ, "ਤਾਂ ਫਿਰ ਰਾਜਨੀਤੀ ਛੋੜ ਦੇ। ਇਸ ਵਿਚ ਪ੍ਰਵੇਸ਼ ਭਾਵੇਂ ਸੇਵਾ ਦੀ ਨੀਅਤ ਨਾਲ ਹੀ ਕਰੋ, ਪਿੱਛੋਂ ਜਾ ਕੇ ਪਤਾ ਚੱਲਦਾ ਹੈ, ਸੇਵਾ ਨਹੀਂ ਹੋਈ, ਕੁਸੇਵਾ ਹੋ ਗਈ ਹੈ। ਆਪਣੇ ਕਿੱਤੇ ਡਾਕਟਰੀ ਵੱਲ ਧਿਆਨ ਦੇਵੋ। ਉਸ ਵਿਚ ਸੇਵਾ ਸੇਵਾ ਹੀ ਰਹੇਗੀ।" ਮੈਨੂੰ ਉਨ੍ਹਾਂ ਦੀ ਰਾਏ ਇਤਨਾ ਟੁੰਬ ਗਈ ਕਿ ਮੈਂ ਕਿਹਾ, "ਮੈਂ ਅੱਜ ਤੋਂ ਹੀ ਰਾਜਨੀਤੀ ਦਾ ਰਾਹ ਛੱਡ ਦਿੱਤਾ!" ਤੇ ਸੱਚਮੁੱਚ ਛੱਡ ਦਿੱਤਾ। ਇਸ ਨਾਲ ਸ਼ਾਦੀ ਕਿੱਥੇ ਕਰਾਉਣੀ ਹੈ, ਇਹ ਦੁਬਿਧਾ ਵੀ ਬਾਵਾ ਜੀ ਨੇ ਸਮਾਪਤ ਕਰ ਦਿੱਤੀ।

ਮੈਂ ਘਰ ਜਾ ਕੇ ਦਾਦਾ ਜੀ ਨਾਲ ਆਪਣੇ ਪ੍ਰੋਫ਼ੈਸਰ ਸਾਹਿਬ ਦੀ ਲੜਕੀ ਬਾਰੇ ਦੱਸਿਆ ਤੇ ਉਹ ਕਹਿਣ ਲੱਗੇ, "ਇਸ ਬਾਰੇ ਨਾ ਤੂੰ ਹੋਰ ਕੁਝ ਬੋਲ, ਨਾ ਮੈਂ ਬੋਲਦਾ ਹਾਂ। ਇਹ ਧੁਰ ਦਾ ਸੰਜੋਗ ਹੈ। ਇਸ ਨੂੰ ਪਰਵਾਨ ਕਰ ਲੈ।"

ਇਸ ਨੂੰ ਪਰਵਾਨ ਕਰਨ ਬਾਰੇ ਮੈਨੂੰ ਕਦੇ ਕੋਈ ਰਤਾ ਜਿੰਨਾ ਅਫ਼ਸੋਸ ਵੀ ਨਹੀਂ ਹੋਇਆ।

ਖਿਮਾ ਕਰਨਾ ਮੈਂ ਗੱਲ ਲੋੜ ਤੋਂ ਲੰਮੀ ਕਰ ਗਿਆ ਹਾਂ।

## ਸੱਜਣ-ਕੱਜਣ, ਲੁਕਣਮੀਟੀ

? ਨਹੀਂ ਕੋਈ ਗੱਲ ਨਹੀਂ। ਇਹ ਕਹਾਣੀ ਵੀ ਜ਼ਰੂਰੀ ਸੀ। ਦਿਲਚਸਪ ਵੀ ਸੀ। ਇਹ ਦੱਸੋ, ਤੁਹਾਨੂੰ ਮਾਪਿਆਂ ਵਿਚੋਂ ਮਾਂ ਨਾਲ ਵੱਧ ਪਿਆਰ ਸੀ ਜਾਂ ਪਿਤਾ ਜੀ ਨਾਲ?



ਨੇਕੀ ਪਰਿਵਾਰ (ਖੱਬੇ ਤੋਂ ਸੱਜੇ) ਨੇਕੀ, ਅਮੀਤਾ (ਛੋਟੀ ਭਰਜਾਈ), ਕੰਵਰ (ਸੁਪਤਨੀ), ਸੀਤਾਵੰਤੀ (ਮਾਤਾ ਜੀ), ਪੂਨਮ (ਨੂੰਹ) ਅਤੇ ਅੰਤਰਪ੍ਰੀਤ ਸਿੰਘ ਨੇਕੀ (ਬੇਟਾ)

- ਉਹ ਦੋਵੇਂ ਤਾਂ ਮੈਨੂੰ ਰੱਜ ਕੇ ਪਿਆਰ ਕਰਦੇ ਸਨ। ਪਰ ਪਿਤਾ ਜੀ ਅਨੁਸ਼ਾਸਨਵਾਦੀ ਸਨ ਤੇ ਮਾਂ ਬੱਚਿਆਂ ਦੇ ਪਰਦੇ ਕੱਜਿਆ ਕਰਦੀ ਸੀ। ਸੋ ਪਿਤਾ ਜੀ ਨਾਲ ਮੇਰੇ ਪਿਆਰ ਵਿਚ ਉਨ੍ਹਾਂ ਦਾ ਖ਼ੌਫ਼ ਵੀ ਸ਼ਾਮਿਲ ਰਹਿੰਦਾ ਸੀ। ਮਾਂ ਨਾਲ ਨਿਰੋਲ ਪਿਆਰ ਹੀ ਹੋਂਦਾ ਸੀ, ਖ਼ੌਫ਼ ਕੋਈ ਨਹੀਂ।

? ਨਿੱਕੇ ਹੁੰਦਿਆਂ ਟੱਬਰ ਵਿਚੋਂ ਸਭ ਤੋਂ ਪਿਆਰਾ ਤੁਹਾਨੂੰ ਕੌਣ ਲਗਦਾ ਸੀ?

- ਮੇਰੇ ਦਾਦਾ ਜੀ। ਮੈਨੂੰ ਉਨ੍ਹਾਂ ਕੋਲੋਂ ਬੜਾ ਕੁਝ ਪ੍ਰਾਪਤ ਹੋਇਆ, ਪਰ ਸਭ ਤੋਂ ਵੱਧ ਉਨ੍ਹਾਂ ਦਾ ਪਿਆਰ। ਮਾਂ ਪਾਸੋਂ ਵੀ ਕਦੇ ਫਿਟਕਾਰ ਪਈ ਹੋਵੇਗੀ, ਪਰ ਉਨ੍ਹਾਂ ਪਾਸੋਂ ਕਦੇ ਨਹੀਂ ਸੀ ਪਈ। ਜੇ ਕੋਈ ਗ਼ਲਤ ਕੰਮ ਵੀ ਹੋ ਜਾਵੇ ਤਾਂ ਕਹਿੰਦੇ, "ਰੱਬ ਤੇਰਾ ਭਲਾ ਕਰੇ, ਇਹ ਕੀ ਕੀਤਾ ਈ?" ਤੇ ਨਾਲ ਹੀ ਛਾਤੀ ਨਾਲ ਲਾ ਕੇ ਪਿਆਰ ਕਰ ਲੈਂਦੇ।

? ਤੁਹਾਡੇ ਦਾਦਾ ਜੀ, ਦਾਦੀ ਜੀ, ਪਿਤਾ ਜੀ, ਮਾਤਾ ਜੀ, ਸਭ ਨਹੀਂ ਰਹੇ। ਇਨ੍ਹਾਂ ਦੇ ਚਲੇ ਜਾਣ ਦਾ ਤੁਹਾਡੇ 'ਤੇ ਕੀ ਅਸਰ ਹੋਇਆ? ਖ਼ਾਸ ਕਰ ਬਾਬਾ ਜੀ ਦਾ, ਜੋ ਤੁਹਾਨੂੰ ਏਨਾ ਪਿਆਰ ਕਰਦੇ ਸਨ?

- ਮੈਂ ਅਕਾਲ ਪੁਰਖ ਦਾ ਧੰਨਵਾਦੀ ਰਿਹਾ ਕਿ ਮੇਰੇ ਪ੍ਰੋੜ੍ਹ ਹੋਣ ਤੱਕ ਉਨ੍ਹਾਂ ਸਭਨਾਂ ਦਾ ਸਾਇਆ ਮੇਰੇ ਸਿਰ ਉੱਪਰ ਰਿਹਾ। ਸਭ ਤੋਂ ਪਹਿਲਾਂ ਮੇਰੇ ਪਿਤਾ ਜੀ ਗੁਜ਼ਰੇ ਸਨ। ਜਿਸ ਰਾਤ ਉਹ ਗੁਜ਼ਰੇ ਮੈਨੂੰ ਕੋਈ ਪਤਾ ਨਹੀਂ ਸੀ, ਕਿਉਂਕਿ ਉਹ ਤਾਂ ਕਪੂਰਥਲੇ ਗੁਜ਼ਰੇ ਸਨ ਤੇ ਮੈਂ ਬੰਗਲੌਰ ਵਿਚ ਸਿਖਲਾਈ ਲੈ ਰਿਹਾ ਸਾਂ। ਮੇਰੇ ਦਾਦਾ ਜੀ ਨੇ ਵੀ ਮੈਨੂੰ ਉਨ੍ਹਾਂ ਦੇ ਅਕਾਲ ਚਲਾਣੇ ਬਾਰੇ ਇਕ ਪੋਸਟ ਕਾਰਡ ਹੀ ਪਾਇਆ, ਜੋ ਮੈਨੂੰ ਤਿੰਨ ਚਾਰ ਦਿਨ ਬਾਅਦ ਪ੍ਰਾਪਤ ਹੋਇਆ। ਪਰ ਜਿਸ ਰਾਤ ਉਹ ਗੁਜ਼ਰੇ, ਮੇਰੇ ਬੰਦ ਬੂਹੇ ਥਾਣੀ ਉਹ ਮੈਨੂੰ ਅੰਦਰ ਆਉਂਦੇ ਦਿਸੇ ਤੇ ਕਹਿਣ ਲੱਗੇ, "ਮੈਨੂੰ ਬਸ ਇਤਨੀ ਮੁਹਲਤ ਹੀ ਮਿਲੀ ਹੈ ਕਿ ਤੈਨੂੰ ਫ਼ਤਹਿ ਬੁਲਾ ਜਾਵਾਂ।" ਤੇ ਫਿਰ ਉਹ ਗ਼ਾਇਬ ਹੋ ਗਏ। ਮੈਂ ਉੱਠ ਕੇ ਵੇਖਿਆ, ਤਾਂ ਕਮਰੇ ਨੂੰ ਅੰਦਰੋਂ ਕੁੰਡੀ ਬਦਸਤੂਰ ਲੱਗੀ ਹੋਈ ਸੀ।

? ਕੀ ਤੁਹਾਡੇ ਮਨ ਦਾ ਭਰਮ ਨਹੀਂ ਸੀ ਇਹ?

- ਹੋ ਤਾਂ ਸਕਦਾ ਏ, ਪਰ ਕੁਝ ਤੱਥ ਆਸਾਨੀ ਨਾਲ ਇਹ ਮੰਨਣ ਨਹੀਂ ਦੇਂਦੇ। ਉਹ ਪਹਿਲਾਂ ਬੀਮਾਰ ਨਹੀਂ ਸਨ। ਉਨ੍ਹਾਂ ਦਾ ਅਕਾਲ ਚਲਾਣਾ ਮਿੰਟਾਂ ਵਿਚ ਦਿਲ ਬੰਦ ਹੋ ਜਾਣ ਕਾਰਨ ਹੋਇਆ, ਜਿਸ ਦਾ ਪਤਾ ਮੈਨੂੰ ਚਾਰ ਦਿਨ ਬਾਅਦ ਲੱਗਾ।

? ਕੀ ਪੰਜਾਬੀ ਲੇਖਕਾਂ ਦਾ ਆਪਣੀ ਬੋਲੀ ਦੀਆਂ ਲੇਖਕਾਵਾਂ ਵੱਲ ਰੁਝਾਣ ਕੁਝ ਉਲਾਰ ਨਹੀਂ?

- ਇਕੋ ਕਿੱਤੇ ਵਾਲਿਆਂ ਦੀ ਆਪੋ ਵਿਚ ਰੁਚੀ ਹੋ ਜਾਣੀ ਕੋਈ ਉਲਾਰ ਗੱਲ ਨਹੀਂ ਹੋਂਦੀ। ਡਾਕਟਰ ਮੁੰਡੇ ਡਾਕਟਰ ਕੁੜੀਆਂ ਵੱਲ ਵਧੇਰੇ ਰੁਚਿਤ ਹੋਂਦੇ ਹਨ ਇਤਿਆਦਿ। ਪਰ ਇਕ ਉਲਾਰਪੁਣਾ ਜ਼ਰੂਰ ਸਭ ਨੇ ਪ੍ਰਤੀਤ ਕੀਤਾ ਹੋਣਾ ਹੈ। ਕਰੀਬਨ ਹਰ ਲੇਖਕ ਇਕ ਵਿਸ਼ੇਸ਼ ਲੇਖਕਾ ਦਾ ਪਾਣੀ ਭਰਨ ਦਾ ਚਾਹਵਾਨ ਰਿਹਾ ਜਾਪਦਾ ਹੈ। ਇਸ ਤੋਂ ਇਹ ਸਿੱਟਾ ਵੀ ਤਾਂ ਕੱਢਿਆ ਜਾ ਸਕਦਾ ਹੈ ਕਿ ਉਸ ਨੇ ਜੋ ਆਇਆ, ਉਸ ਦੀ ਹੌਸਲਾ ਅਫ਼ਜ਼ਾਈ ਹੀ ਕੀਤੀ। ਨਾਮ ਮੈਂ ਕੀ ਲਵਾਂ।

'ਪੰਜ ਦਰਿਆ' ਵਿਚ ਉਸ ਦੀ ਕਰੀਬਨ ਹਰ ਕਵਿਤਾ ਦਾ ਪ੍ਰਤਿਉੱਤਰ ਮੋਹਨ ਸਿੰਘ ਛਾਪਦਾ ਰਿਹਾ। ਉਸ ਨੇ ਕੋਈ ਪ੍ਰੋਟੈਸਟ ਨਹੀਂ ਕੀਤਾ, ਸਗੋਂ ਖ਼ਾਮੋਸ਼ੀ ਧਾਰ ਕੇ ਉਸ ਦੀ ਹੌਸਲਾ-ਅਫ਼ਜ਼ਾਈ ਹੀ ਕੀਤੀ। ਇਥੋਂ ਤੱਕ ਕਿ ਦੋਹਾਂ ਦੇ ਸੰਬੰਧ ਦੀ ਮਿੱਥ ਖੜ੍ਹੀ ਹੋ ਗਈ। ਜਦ ਤਕ ਮੋਹਨ ਸਿੰਘ ਦੀ ਉਸ ਨੂੰ ਲੋੜ ਸੀ, ਇਸ ਮਿੱਥ ਨੂੰ ਉਸ ਨੇ ਉਖਾੜਿਆ ਨਾ। ਜਦ ਇਸ ਦੀ ਆਪਣੀ ਪ੍ਰਤਿਭਾ ਪਰਵਾਨ ਹੋ ਗਈ, ਇਸ ਮਿੱਥ ਤੋਂ ਇਨਕਾਰੀ ਹੋ ਗਈ।

ਇਸ ਮਿੱਥ ਦੇ ਬੜੇ ਮਨੋਵਿਗਿਆਨਕ ਪੱਖ ਹਨ, ਪਰ ਸਭ ਵਿਚ ਜਾਣਾ ਜ਼ਰੂਰੀ ਨਹੀਂ! ਇਤਨਾ ਜਾਣ ਲੈਣਾ ਹੀ ਕਾਫ਼ੀ ਹੈ ਕਿ ਉਲਾਰ ਪੁਣਾ ਜੇ ਕਿਸੇ ਕੇਂਦਰ ਤੋਂ ਤੁਰਦਾ ਹੋਵੇ, ਤਾਂ ਉਸ ਨੂੰ ਵਿਆਪਕ ਨਹੀਂ ਮੰਨ ਲੈਣਾ ਚਾਹੀਦਾ।

ਅਸਾਂ ਇਹ ਵੀ ਵੇਖਿਆ ਹੈ ਕਿ ਇਕ ਲੇਖਕ ਤੇ ਇਕ ਲੇਖਕਾ ਦਾ ਪਿਆਰ ਰਿਸ਼ਤੇ ਵਿਚ ਵੱਟ ਗਿਆ ਤੇ ਫਿਰ ਸਮਾਂ ਪਾ ਕੇ ਜਾਨੀ ਦੁਸ਼ਮਣੀ ਦਾ ਰੂਪ ਧਾਰਨ ਕਰ ਗਿਆ। ਪਰ ਕੇਵਲ ਇਕ ਨਮੂਨੇ ਤੋਂ ਸਰਬੱਤ ਲਈ ਸਾਧਾਰਨੀਕਰਨ ਨਹੀਂ ਕੀਤਾ ਜਾ ਸਕਦਾ।

? ਤੁਸੀਂ ਕੁਝ ਚਿਰ ਸਿਆਸਤ ਵਿਚ ਵੀ ਰਹੇ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਵੀ। ਇਹ ਓਦੋਂ ਦੀ ਗੱਲ ਹੈ ਜਦੋਂ ਮਾਸਟਰ ਤਾਰਾ ਸਿੰਘ ਜੀ ਅਕਾਲੀ ਦਲ ਦੇ ਪ੍ਰਧਾਨ ਸਨ?

- ਹਾਂ ਜੀ।

? ਤੁਹਾਡਾ ਕੀ ਤਜਰਬਾ ਹੋਇਆ ਪਾਲੇਟਿਕਸ ਦਾ?

- ਮੈਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਸਿੱਖ ਵਿਦਿਆਰਥੀਆਂ ਵਿਚ ਧਰਮ ਪ੍ਰਚਾਰ ਦੀ ਨੀਅਤ ਨਾਲ ਗਿਆ ਸਾਂ। ਵਿਚ ਵੜ ਕੇ ਪਤਾ ਲੱਗਾ ਕਿ ਸਿਆਸਤ ਦਾ ਇਸ ਵਿਚ ਬੜਾ ਦਖ਼ਲ ਹੈ। ਹੌਲੀ-ਹੌਲੀ ਸਿਆਸਤ ਮੇਰੇ ਉੱਪਰ ਵੀ ਹਾਵੀ ਹੋਣ ਲੱਗੀ। ਤਦ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੂੰ ਰੱਬ ਨੇ ਮੇਰੀ ਬਹੁੜੀ ਕਰਨ ਹਿਤ ਘੱਲ ਦਿੱਤਾ। ਸੋ ਮੈਂ ਸਿਆਸਤ ਨੂੰ ਖ਼ੈਰਬਾਦ ਆਖ ਦਿੱਤੀ।

? ਪਰ ਜੇਕਰ ਤੁਸੀਂ ਸਿਆਸਤ ਵਿਚ ਟਿਕੇ ਰਹਿੰਦੇ ਤਾਂ ਬੜੀ ਸੰਭਾਵਨਾ ਸੀ ਕਿ ਤੁਸੀਂ ਪੰਜਾਬ ਵਿਚ ਵਜ਼ੀਰ ਜਾਂ ਕੇਂਦਰ ਵਿਚ ਵਜ਼ੀਰ ਹੁੰਦੇ?

- ਜਾਂ ਸਿਆਸਤ ਵਿਚ ਜੁੱਤੀਆਂ ਖਾਧੀਆਂ ਹੁੰਦੀਆਂ। ਹੁਣ ਵਾਹਿਗੁਰੂ ਨੇ ਬੜੀ ਇੱਜ਼ਤ ਬਖ਼ਸ਼ੀ ਹੋਈ ਹੈ ਤੇ ਮੈਂ ਉਸ ਦਾ ਸਦਾ ਲਈ ਧੰਨਵਾਦੀ ਹਾਂ।

? ਸਿਆਸਤ ਵਿਚ ਸਭ ਤੋਂ ਵੱਡਾ ਕੰਮ ਤੁਸਾਂ ਕੀ ਕੀਤਾ?

- ਇਹੋ ਕਿ ਸਿਆਸਤ ਛੋੜ ਦਿੱਤੀ। ਇਹ ਨਹੀਂ ਕਿ ਮੈਂ ਸਿਆਸਤ ਨੂੰ ਗ਼ਲਤ ਸਮਝਦਾ ਹਾਂ। ਇਹ ਵੀ ਸਾਡੀ ਜ਼ਿੰਦਗੀ ਦਾ ਹਿੱਸਾ ਹੈ। ਪਰ ਮੈਂ ਸੁਭਾ ਵਲੋਂ ਇਸ ਜੋਗਾ ਨਹੀਂ। ਸਾਡੇ ਦੇਸ਼ ਦੀ ਹੁਣ ਤਕ ਦੀ ਸਿਆਸਤ ਮੇਰੇ ਸੁਭਾ ਨਾਲ ਮੇਲ ਨਹੀਂ ਖਾਂਦੀ।

? ਹੁਣ ਧਰਮ ਵੱਲ ਆਉਂਦੇ ਹਾਂ। ਤੁਸੀਂ ਵੱਖ ਵੱਖ ਧਰਮਾਂ ਦੇ ਆਪਸੀ ਰਿਸ਼ਤੇ ਨੂੰ ਕਿਵੇਂ ਸਮਝਦੇ ਹੋ?

- ਜਿਵੇਂ ਗੁਰੂ ਨਾਨਕ ਸਾਹਿਬ ਦੱਸ ਗਏ :

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥

-ਆਦਿ ਗ੍ਰੰਥ ਪੰਨਾ. ੧੨

ਜਿਵੇਂ ਇਕ ਸੂਰਜ ਕਈ ਰੁੱਤਾਂ ਪੈਦਾ ਕਰਦਾ ਹੈ, ਉਵੇਂ ਇੱਕੋ ਕਰਤਾਰ ਦੇ ਅਨੇਕਾਂ ਪ੍ਰਗਟਾਓ (Revelations) ਹਨ। ਇਸ ਨਾਤੇ ਸਾਰੇ ਧਰਮ ਮੇਰੇ ਸਤਿਕਾਰ ਦੇ ਹੱਕਦਾਰ ਹਨ। ਮੈਂ ਜਦ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦਾ ਹਾਂ; ਤਾਂ ਫ਼ਰੀਦ ਜੀ, ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ ਆਦਿ ਸਭ ਭਗਤਾਂ ਨੂੰ ਵੀ ਮੱਥਾ ਟੇਕਦਾ ਹਾਂ। ਮੈਂ ਗੀਤਾ ਦਾ ਵੀ ਬੜੀ ਸ਼ਰਧਾ ਨਾਲ ਪਾਠ ਕੀਤਾ ਹੈ, ਬਾਈਬਲ ਦਾ ਵੀ ਤੇ ਕੁਰਾਨ ਦਾ ਵੀ। ਮੈਨੂੰ ਹਰਖਿਓਂ ਕਿਸੇ ਨ ਕਿਸੇ ਰੂਪ ਵਿਚ ਚਾਨਣਾ ਹੀ ਪ੍ਰਾਪਤ ਹੋਇਆ ਹੈ।

ਇਕ ਗੱਲ ਹੋਰ ਦੱਸਾਂ, ਸ਼ਾਇਦ ਤੁਹਾਨੂੰ ਪਸੰਦ ਆਏ। ਭਾਰਤ ਵਿਚ ਜਿਤਨੀ ਅਧਿਆਤਮਕਤਾ (ਵੱਡੇ, ਪੁਰਾਣੇ, ਪੰਜਾਂ ਪਾਣੀਆਂ ਵਾਲੇ) ਪੰਜਾਬ ਵਿਚ ਰੂਨੁਮਾ ਹੋਈ ਬਾਕੀ ਸ਼ਾਇਦ ਸਾਰੇ ਹਿੰਦੁਸਤਾਨ ਵਿਚ ਰਲਾ ਕੇ ਵੀ ਨਹੀਂ ਹੋਈ। ਵੇਦ ਇੱਥੇ ਲਿਖੇ ਗਏ, ਗੀਤਾ ਇੱਥੇ ਉਚਾਰੀ ਗਈ। ਬਾਬਾ ਫ਼ਰੀਦ ਤੇ ਉਸ ਦੇ ਜਾਨਸ਼ੀਨ ਸੂਫ਼ੀ ਇੱਥੇ ਹੋਏ, ਦਸੇ ਗੁਰੂ ਸਾਹਿਬਾਨ ਏਥੇ ਹੋਏ, ਬੁੱਲ੍ਹੇ ਸ਼ਾਹ ਤੇ ਸੁਲਤਾਨ ਬਾਹੂ ਇੱਥੇ ਹੋਏ। ਵੇਦਾਂ ਤੋਂ ਪਹਿਲਾਂ ਦਾ ਪੂਰਬ-ਸ਼ੈਵਿਕ ਧਰਮ ਵੀ ਇੱਥੇ ਹੀ ਉਪਜਿਆ ਮੈਨੂੰ ਇਸ ਗੱਲ ਨੇ ਇਤਨਾ ਪ੍ਰਭਾਵਿਤ ਕੀਤਾ ਕਿ ਮੈਂ ਪੁਸਤਕ ੇਪਰਿਟ੍ਰਿਅਲ੍ਹ ਏਰਟਿਅਗਏੋ ਟਹਏ ਫੁਨਜਅਬ ਲਿਖੀ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪੀ। ਇਸ ਜੁਮਲੇ ਮੁਅਤਰਿਜ਼ੇ ਲਈ ਖਿਮਾ!

? ਨਹੀਂ ਕੋਈ ਗੱਲ ਨਹੀਂ। ਇਹ ਵੀ ਦੱਸਣਾ ਬਣਦਾ ਸੀ। ਤੁਹਾਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਕਿਹੜੇ ਗੁਰੂ ਦੀ ਬਾਣੀ ਸਭ ਤੋਂ ਵੱਧ ਟੁੰਬਦੀ ਹੈ?

- ਟੁੰਬਦੇ ਤਾਂ ਸਾਰੇ ਹਨ, ਪਰ ਗੁਰੂ ਨਾਨਕ ਸਭ ਤੋਂ ਵੱਧ ਪਿਆਰੇ ਲਗਦੇ ਹਨ। ਇਕ ਤਾਂ ਇਸ ਲਈ ਕਿ ਉਹ ਸਾਰਾ ਕੁਝ ਜੋ ਕਹਿਣ ਗੋਚਰਾ ਸੀ ਕਹਿ ਗਏ। ਦੂਜੇ ਗੁਰੂ ਸਾਹਿਬਾਂ ਨੇ ਉਸ ਨੂੰ ਦੁਹਰਾਇਆ ਜਾਂ ਵਿਸਤਾਰਿਆ ਜਾਂ ਉਸ ਦੀ ਵਿਆਖਿਆ ਕੀਤੀ। ਦੂਜੇ ਇਸ ਲਈ ਕਿ ਗੁਰੂ ਨਾਨਕ ਸਾਹਿਬ ਨੇ ਸੰਗੀਤ ਨੂੰ ਅਧਿਆਤਮਕਤਾ ਦਾ ਮਾਧਿਅਮ ਹੀ ਨਹੀਂ ਥਾਪਿਆ, ਇਸ ਵਿਚ ਕਈ ਮੌਲਿਕ ਖ਼ੂਬਸੂਰਤੀਆਂ ਵੀ ਲਿਆਂਦੀਆਂ। ਇਕ ਮਿਸਾਲ ਦੇਂਦਾ ਹਾਂ : ਗੁਰੂ ਨਾਨਕ

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Contact:
Umesh Amin
Ph:780 463 2886
Fax: 780 463 6536
email: unamin@gmail.com

WE CARE YOUR CAR BETTER

ਸਾਹਿਬ ਦਾ ਆਸਾ ਰਾਗ ਭਾਰਤੀ ਕਲਾਸੀਕਲ ਆਸਾ ਨਾਲੋਂ ਵੱਖਰਾ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਸਭ ਤੋਂ ਵੱਧ ਹੈ। ਇਸ ਦੇ ਸਤਾਰਾਂ ਸੰਭਵ ਘਰਾਂ ਵਿਚੋਂ ਸੋਲਾਂ ਵਿਚ ਗੁਰੂ ਸਾਹਿਬ ਨੇ ਗਾਂਵਿਆ। ਜਾਣੀਕਿ ਇਸ ਦੀਆਂ ਵੱਧ ਤੋਂ ਵੱਧ ਸੰਭਾਵਨਾਵਾਂ ਨੂੰ ਤਰਾਸ਼ਿਆ। ਕਰਤਾਰਪੁਰ ਦੋਵੇਂ ਵੇਲੇ ਇਸੇ ਰਾਗ ਵਿਚ ਚੌਂਕੀ ਲੱਗਿਆ ਕਰਦੀ ਸੀ। ਤੀਜੇ ਇਸ ਲਈ ਕਿ ਗੁਰੂ ਨਾਨਕ ਸਾਹਿਬ ਦੀ ਪ੍ਰਗੀਤਕਤਾ ਵੀ ਉੱਚੀਆਂ ਸਿਖਰਾਂ ਛੂੰਹਦੀ ਹੈ।

ਪ੍ਰਗੀਤਕਤਾ ਵਲੋਂ ਗੁਰੂ ਅਮਰ ਦਾਸ ਜੀ ਦਾ 'ਆਨੰਦ ਸਾਹਿਬ' ਤੇ ਗੁਰੂ ਰਾਮ ਦਾਸ ਜੀ ਦਾ 'ਸੋਪੁਰਖ' ਵੀ ਕਮਾਲ ਦੀਆਂ ਕਿਰਤਾਂ ਹਨ।

ਜੇ ਮੈਨੂੰ ਭਗਤਾਂ ਨੂੰ ਵੀ ਗੁਰੂ ਮੰਨਣ ਦੀ ਆਗਿਆ ਹੋਵੇ (ਕਿਉਂ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹਨ) ਤਾਂ ਮੈਂ ਕਹਾਂਗਾ ਕਿ ਕਬੀਰ ਦੀ ਬਾਣੀ ਵੀ ਬਹੁਤ ਟੁੰਬਦੀ ਹੈ। ਪਰ ਉਸਦਾ ਵਿਅੰਗ ਬੜੀ ਥਾਈਂ ਬੜਾ ਕਾਟਵਾਂ ਹੋ ਜਾਂਦਾ ਹੈ।

? : ਉਹ ਕਿਵੇਂ?

– ਮਸਲਨ ਉਹ ਬ੍ਰਾਹਮਣ ਨੂੰ ਕਹਿੰਦਾ ਹੈ :

ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀਂ ਆਇਆ॥
–ਆਦਿ ਗ੍ਰੰਥ ਪੰਨਾ. ੩੨੪

ਇਵੇਂ ਹੀ ਸੁੰਨਤ ਬਾਰੇ ਉਸਦੇ ਵਿਚਾਰ ਹਨ।

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥ ੩ ॥
– ਆਦਿ ਗ੍ਰੰਥ ਪੰਨਾ. ੪੭੭

ਗੁਰੂ ਨਾਨਕ ਸਾਹਿਬ ਦੇ ਬੋਲ ਬੜੇ ਮਿੱਠੇ ਹਨ। ਇੱਕੋ ਉਲਾਹਮਾ ਉਨ੍ਹਾਂ ਦੀ ਬਾਣੀ ਵਿਚ ਲਭਦਾ ਹੈ ਤੇ ਉਹ ਉਲਾਹਮਾ ਵੀ ਉਨ੍ਹਾਂ ਆਪਣੇ ਰੱਬ ਨੂੰ ਹੀ ਦਿੱਤਾ । ਜਦੋਂ ਬਾਬਰ ਦੇ ਹਮਲੇ ਦਾ ਕਤਲਾਮ ਉਨ੍ਹਾਂ ਅੱਖੀਂ ਵੇਖਿਆ ਤਾਂ ਉਨ੍ਹਾਂ ਦੀ ਕਰੁਣਾ ਕੁਰਲਾ ਉੱਠੀ :

ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦ ਨਾ ਆਇਆ।

ਮੇਰੀ ਨਜ਼ਰ ਵਿਚ ਗੁਰੂ ਨਾਨਕ ਦੇਵ ਜੀ ਦੇ ਪਾਏ ਦਾ ਕੋਈ ਵੀ ਨਹੀਂ।

? : ਕੀ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਬਖ਼ਸ਼ ਸਿੰਘ ਦਾ 'ਪਰਮ ਮਨੁੱਖ' ਮੰਨਦੇ ਹੋ ਜਾਂ ਨਿਤਸ਼ੇ ਵਾਲਾ 'ਸੁਪਰਮੈਨ' ਜਾਂ ਕੁਝ ਹੋਰ, ਜਾਂ ਅਵਤਾਰ?

– ਅਵਤਾਰ ਮੰਨਣ ਤੋਂ ਤਾਂ ਗੁਰੂ ਜੀ ਮੈਨੂੰ ਆਪ ਵਰਜ ਗਏ ਹਨ। ਉਹ ਆਪ ਕਹਿ ਗਏ ਹਨ:

ਜੋ ਮੋ ਕਉ ਪਰਮੇਸ਼ਰ ਉਚਰ ਹੈ।
ਤੇ ਸਭ ਨਰਕ ਕੁੰਡ ਮਹਿ ਪਰ ਹੈ।

ਬਾਕੀ ਮੈਂ ਨਾ ਗੁਰਬਖ਼ਸ਼ ਸਿੰਘ ਨਾਲ ਸਹਿਮਤ ਹਾਂ ਨਾ ਨਿਤਸ਼ੇ ਨਾਲ। ਮੈਂ ਤਾਂ ਦੌਲਤ ਰਾਏ ਦੇ 'ਸਾਹਿਬੇ ਕਮਾਲ' ਨਾਲ ਸਹਿਮਤੀ ਰੱਖਦਾ ਹਾਂ, ਜਾਂ ਫਿਰ ਮਹਾਸ਼ਾ ਰਣਬੀਰ ਦੇ 'ਹੇਮਕੁੰਟ ਕਾ ਵਾਸੀ' ਨਾਲ। ਜਿਨ੍ਹਾਂ ਇਹ ਦੋ ਪੁਸਤਕਾਂ ਅਜੇ ਨਹੀਂ ਪੜ੍ਹੀਆਂ ਉਹ ਵਾਂਝੇ ਹਨ।

? ਕੀ ਤੁਹਾਡਾ ਕਰਾਮਾਤਾਂ ਵਿਚ ਯਕੀਨ ਹੈ?

– ਮੈਨੂੰ ਤਾਂ ਗੁਰੂ ਨਾਨਕ ਸਾਹਿਬ ਨੇ ਕਹਿ ਦਿੱਤਾ ਹੈ :

ਰਿਧਿ ਸਿਧਿ ਅਵਰਾ ਸਾਦ॥
– ਆਦਿ ਗ੍ਰੰਥ ਪੰਨਾ. ੬


ਨੇਕੀ ਹੋਸਟਲ ਦੀ ਛੱਤ 'ਤੇ ਫੋਰਮੈਨ ਕ੍ਰਿਸਚੀਅਨ ਕਾਲਜ, ਲਾਹੌਰ (1941)

ਇਹ ਰਿਧੀਆਂ-ਸਿੱਧੀਆਂ ਮੇਰੇ ਲਈ ਓਪਰੇ ਸੁਆਦ ਹਨ, ਮੇਰੇ ਨਹੀਂ। ਭੋਲੇ ਸਿੱਖਾਂ ਨੇ ਉਨ੍ਹਾਂ ਨਾਲ ਕਰਾਮਾਤਾਂ ਦੀਆਂ ਸਾਖੀਆਂ ਘੜ ਕੇ ਜੋੜ ਦਿੱਤੀਆਂ। ਇਸ ਦਾ ਕਾਰਨ ਇਹ ਸੀ ਕਿ ਹਿੰਦੂ ਵਿਦਵਾਨ ਕਹਿੰਦੇ ਸਨ – 'ਜੇਕਰ ਤੁਹਾਡਾ ਗੁਰੂ ਅਵਤਾਰਾਂ ਦੇ ਬਰਾਬਰ ਦਾ ਹੈ ਤਾਂ ਉਸ ਪਾਸ ਰਿਧੀਆਂ ਸਿੱਧੀਆਂ ਵਾਲੀਆਂ ਸ਼ਕਤੀਆਂ ਹੋਣ।' ਇਹ ਕਿਸੇ ਦੇ ਅਵਤਾਰ ਹੋਣ ਦਾ ਪ੍ਰਮਾਣ ਮੰਨਿਆ ਜਾਂਦਾ ਸੀ। ਮੁਸਲਮਾਨ ਕਹਿੰਦੇ ਸਨ 'ਪੈਗ਼ੰਬਰ ਤਾਂ ਕਰਾਮਾਤੀ ਹੋਂਦਾ ਹੈ, ਤੁਹਾਡੇ ਗੁਰੂ ਪਾਸ ਕਿਹੜੀ ਕਰਾਮਾਤ ਹੈ?' ਇਨ੍ਹਾਂ ਦਾ ਮੂੰਹ ਬੰਦ ਕਰਨ ਵਾਸਤੇ ਸਿੱਖਾਂ ਨੇ ਕਰਾਮਾਤਾਂ ਦੀਆਂ ਸਾਖੀਆਂ ਘੜ ਲਈਆਂ । ਉਨ੍ਹਾਂ ਦਾ ਮੂੰਹ ਪਤਾ ਨਹੀਂ ਬੰਦ ਹੋਇਆ ਜਾਂ ਨਹੀਂ । ਗੁਰੂ ਦੀ ਅਸਾਂ ਕੁਮੂਰਤੀ (ਛਅਰਚਿਅਟੁਰਏ) ਬਣਾ ਦਿੱਤੀ। ਧੰਨ ਗੁਰਸਿੱਖੀ। ਬਾਕੀ ਕਰਾਮਾਤਾਂ ਹੁੰਦੀਆਂ ਮੈਂ ਰੋਜ਼ ਦੇਖਦਾ ਹਾਂ। ਬੱਚਾ ਪੈਦਾ ਹੋਣਾ ਹੈ, ਮਾਂ ਦੀਆਂ ਛਾਤੀਆਂ ਵਿਚ ਅਗਾਊਂ ਦੁੱਧ ਆ ਗਿਆ ਹੈ। ਇਹ ਮਾਂ ਨੇ ਤਾਂ ਨਹੀਂ ਲਿਆਂਦਾ। ਨਵ-ਜਨਮੇ ਬੱਚੇ ਨੂੰ ਵੀ ਜਾਂ ਰੋਣਾ ਆਉਂਦਾ ਹੈ ਜਾਂ ਚੁੰਘਣਾ। ਕਿਸੇ ਨੇ ਉਸ ਨੂੰ ਚੁੰਘਣਾ ਸਿਖਾਇਆ? ਇਹ ਕਰਾਮਾਤ ਨਹੀਂ ਤਾਂ ਹੋਰ ਕੀ ਹੈ? ਨਿੱਕੀ ਜਿੰਨੀ ਮਤੋਨੀ ਵਿੱਚੋਂ ਏਡਾ ਵੱਡਾ ਬੋਹੜ ਪੈਦਾ ਹੋ ਗਿਆ। ਕੀ ਇਹ ਕਰਾਮਾਤ ਨਹੀਂ?

ਸਾਇੰਸ ਦੀਆਂ ਕਾਢਾਂ ਅੱਜ ਨਿਤ ਦਿਨ ਦੀਆਂ ਕਰਾਮਾਤਾਂ ਹਨ। ਜੇਕਰ ਇਹ ਸਭ ਕਰਾਮਾਤਾਂ ਹਨ ਤਾਂ ਮੈਂ ਕਰਾਮਾਤਾਂ ਨੂੰ ਮੰਨਦਾ ਹਾਂ!

## ਦਸਮ ਗ੍ਰੰਥ

? ਦਸਮ ਗ੍ਰੰਥ ਬਾਰੇ ਬੜਾ ਵਿਵਾਦ ਚੱਲ ਰਿਹਾ ਹੈ। ਇਸ ਬਾਰੇ ਤੁਸੀਂ ਕੀ ਸਮਝਦੇ ਹੋ ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ?

– ਤੁਸੀਂ ਸਹੀ ਸ਼ਬਦ 'ਰਚਨਾ' ਵਰਤਿਆ ਹੈ। ਇਹ ਗੁਰੂ ਸਾਹਿਬ ਦੀ 'ਸਾਹਿਤਕ ਰਚਨਾ' ਹੈ। ਸਾਹਿਤ ਵਿਚ ਬਾਣੀ ਵੀ ਹੋ ਸਕਦੀ ਹੈ (ਜਿਵੇਂ ਜਾਪੁ ਸਾਹਿਬ), ਆਤਮ-ਕਥਾ ਵੀ ਹੋ ਸਕਦੀ ਹੈ (ਜਿਵੇਂ ਬਚਿਤ੍ਰ ਨਾਟਕ ਵਿਚ), ਮਿਥਿਹਾਸ ਵੀ ਹੋ ਸਕਦੀ ਹੈ (ਜਿਵੇਂ ਚੌਬੀਸ ਅਵਤਾਰ), ਅਸ਼ਲੀਲ ਰਚਨਾ ਵੀ ਹੋ ਸਕਦੀ ਹੈ (ਜਿਵੇਂ ਚ੍ਰਿਤ੍ਰੋਪਾਖਿਆਨ), ਰਾਜਨੀਤਕ ਮੁਰਾਸਲਾ ਵੀ ਹੋ ਸਕਦਾ ਹੈ (ਜਿਵੇਂ ਜ਼ਫਰਨਾਮਾ)। ਤਕਲੀਫ਼ ਉਨ੍ਹਾਂ ਨੂੰ ਹੋਂਦੀ ਹੈ, ਜੋ ਗੁਰੂ ਦੀ ਰਚਨਾ ਨੂੰ ਕੇਵਲ ਬਾਣੀ ਮੰਨਣਾ ਚਾਹੁੰਦੇ ਹਨ, ਪਰ ਦਸਮਗ੍ਰੰਥ ਨੂੰ ਬਾਣੀ ਨਹੀਂ ਮੰਨ ਸਕਦੇ। ਉਹ ਘਬਰਾ ਕੇ ਬੌਖਲਾ ਕੇ ਕਹਿੰਦੇ ਹਨ, ਮੇਰਾ ਗੁਰੂ ਐਸਾ ਨਹੀਂ ਲਿਖ ਸਕਦਾ। ਫਿਰ ਇਹ ਨਹੀਂ ਦੱਸ ਸਕਦੇ ਕਿ ਇਹ ਗ੍ਰੰਥ ਕਿਸ ਨੇ ਲਿਖਿਆ ਹੈ। ਕਦੇ ਕਹਿੰਦੇ ਹਨ ਕਿਸੇ ਬ੍ਰਾਹਮਣ ਨੇ ਲਿਖਿਆ ਹੈ। ਕਦੇ ਕਹਿੰਦੇ ਹਨ, ਗੁਰੂ ਜੀ ਦੇ ਦਰਬਾਰੀ ਕਵੀਆਂ ਨੇ ਲਿਖਿਆ ਹੈ (ਉਹ ਤਾਂ ਆਪਣੀ ਰਚਨਾ ਵਿਚ ਆਪਣਾ ਨਾਮ ਜ਼ਰੂਰ ਦੇਂਦੇ ਹੁੰਦੇ ਸਨ) ! ਮੇਰੇ ਗੁਰੂ ਨੂੰ ਤਾਂ ਅਸ਼ਲੀਲਤਾ ਵੀ ਉਸੇ ਰੱਬ ਦਾ ਕੌਤਕ ਦਿਸਦਾ ਹੈ। ਉਹ ਤਾਂ ਕਹਿੰਦੇ ਹਨ :

ਨਮੋ ਨਮੋ ਵੇਦ ਬਾਣੀ। ਨਮੋ ਕੋਕ ਕੀ ਕਹਾਣੀ।

ਉਹ ਵੇਦਾਂ ਨੂੰ ਵੀ ਨਮਸਕਾਰ ਕਰਦੇ ਹਨ ਤੇ ਕੋਕ ਸ਼ਾਸਤ੍ਰ ਨੂੰ ਵੀ। ਇਹ ਦੋਵੇਂ ਕਰਤਾਰ ਦੀ ਲੀਲਾ ਦੇ ਨਮੂਨੇ ਹਨ।

ਉਨ੍ਹਾਂ ਦੀ ਨਜ਼ਰ ਵਿਚ ਤਾਂ ਨਫ਼ਰਤ ਕਿਤੇ ਵੀ ਨਹੀਂ ਸੀ। ਸਾਡੀ ਨਜ਼ਰ ਅੰਦਰ ਹੀ ਹਕਾਰਤ ਹੈ ਤੇ ਉਸ ਨੂੰ ਅਸਾਂ ਆਪਣੇ ਗੁਰੂ ਉੱਪਰ ਜੜਨੋਂ ਵੀ ਗੁਰੇਜ਼ ਨਹੀਂ ਕੀਤਾ। ਅਸਾਂ ਆਪਣੇ ਆਪ ਨੂੰ ਸਾਹਿਤ ਦੇ ਇਕ ਸਰਵਉੱਚ ਸਰੋਤ ਨਾਲੋਂ ਨਖੇੜ ਲਿਆ ਹੈ। ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ?

## ਅਰਦਾਸ

? ਲੇਖਕ ਕਿਉਂ ਲਿਖਦਾ ਹੈ ਤੇ ਪਾਠਕ ਕਿਉਂ ਪੜ੍ਹਦਾ ਹੈ?

– ਲਿਖਣ-ਪੜ੍ਹਨ ਦੀ ਗੱਲ ਲਿਪੀ ਦੇ ਈਜਾਦ ਹੋਣ ਤੋਂ ਬਾਅਦ ਦੀ ਗੱਲ ਹੈ, ਉਸ ਤੋਂ ਪਹਿਲਾਂ ਕਹਿਣ ਤੇ ਸੁਣਨ ਦੀ ਗੱਲ ਹੀ ਹੋ ਸਕਦੀ ਸੀ। ਕਹੀ ਹੋਈ ਗੱਲ ਤੁਰੰਤ ਬਿਨਸ ਜਾਂਦੀ ਸੀ। ਲਿਖੀ ਹੋਈ ਗੱਲ ਚਿਰ ਹੰਢਣੀ ਹੋ ਜਾਂਦੀ ਹੈ। ਸ਼ੁਰੂ ਵਿਚ ਗ਼ਾਲਿਬਨ ਲਿਖਣ ਪੜ੍ਹਨ ਦਾ ਕੰਮ ਚਿੱਠੀ-ਪੱਤਰ ਕਰਨਾ ਹੋਵੇਗਾ ਜਾਂ ਚੇਤੇ ਦੀ ਸਹਾਇਤਾ ਲਈ ਕੁਝ ਨੋਟ ਕਰ ਕੇ ਰੱਖ ਲੈਣਾ । ਯਾਦ ਰੱਖਣ ਲਈ ਛੰਦਾਬੰਦੀ ਤੇ ਤੋਲ ਤੁਕਾਂਤ ਸਹਾਈ ਹੋਂਦੇ ਹਨ, ਸੋ ਪਹਿਲਾਂ ਕਵਿਤਾ ਲਿਖੀ ਗਈ। ਇਕ ਬੰਦਾ ਦੂਜੇ ਦੇ ਦਿਲ ਦੀ ਗੱਲ ਜਾਣਨਾ ਚਾਹੁੰਦਾ ਹੈ। ਸੋ ਲਿਖਣ ਦੇ ਨਾਲ ਪੜ੍ਹਨਾ ਵੀ ਆਰੰਭ ਹੋਇਆ। ਫਿਰ ਕੁਝ ਲੋਕਾਂ ਨੂੰ ਇਉਂ ਜਾਪਿਆ ਹੋਵੇਗਾ ਕਿ ਉਨ੍ਹਾਂ ਦੇ ਵਿਚਾਰ ਦੁਨੀਆ ਦੇ ਭਲੇ ਦੇ ਹਨ। ਉਨ੍ਹਾਂ ਉਹ ਅੰਕਿਤ ਕਰ ਦਿੱਤੇ। ਜਦ ਕਿਸੇ ਨੇ ਪੜ੍ਹੇ ਹੋਣਗੇ ਤੇ ਉਸ ਨੂੰ ਸੱਚਮੁੱਚ ਸਰਬਤ ਦੇ ਭਲੇ ਦੇ ਵਿਚਾਰ ਜਾਪੇ, ਤਾਂ ਉਸ ਨੇ ਜ਼ਰੂਰ ਹੋਰਾਂ ਨੂੰ ਵੀ ਪੜ੍ਹਨ ਲਈ ਪ੍ਰੇਰਿਆ ਹੋਵੇਗਾ। ਜਦ ਕਿਸੇ ਨੇ ਕਿਸੇ ਹੋਰ ਲਈ ਹਿੱਤ ਨਾਲ ਲਿਖਿਆ ਹੋਵੇਗਾ ਤੇ ਅਗਲੇ ਨੇ ਹਿੱਤ ਨਾਲ ਵਾਚਿਆ ਹੋਵੇਗਾ ਤਾਂ ਸਾਹਿਤ ਦਾ ਮੁੱਢ ਬੱਝ ਗਿਆ ਹੋਵੇਗਾ।

ਐਸੀ ਕੋਈ ਪ੍ਰਕਿਰਿਆ ਲਿਖਣ ਤੇ ਪੜ੍ਹਨ ਵਿਚਾਲੇ ਵਰਤੀ ਜਾਪਦੀ ਹੈ, ਇਹ ਮੇਰਾ ਅਨੁਮਾਨ ਹੈ।

? ਤੁਹਾਡੀ ਕਵਿਤਾ ਨੇ ਲੋਕਾਂ ਦਾ ਕੀ ਸੁਆਰਿਆ ਹੈ?

– ਕੁਝ ਵੀ ਨਹੀਂ। ਪਰ ਗੁਰਬਾਣੀ ਤੋਂ ਛੁੱਟ ਸਾਰੇ ਪੰਜਾਬੀ ਕਾਵਿ ਨੇ ਕਿਸੇ ਦਾ ਕੀ ਸੰਵਾਰਿਆ ਹੈ? ਵੈਸੇ ਤਾਂ ਸ਼ੇਕਸਪੀਅਰ, ਕਾਲੀਦਾਸ ਜਹੇ ਮਹਾਨ ਕਵੀਆਂ ਨੇ ਵੀ ਸੰਸਾਰ ਦਾ ਕੀ ਸੁਆਰਿਆ ਹੈ?

? ਆਪਣੀ ਜੀਵਨ ਕਥਾ ਵਿਚ ਤੁਸਾਂ ਲਿਖਿਆ ਹੈ: ਮਿਲਿਆ ਅਸਾਨੂੰ ਨਿਰਾ ਕਿਸ਼ਤਾਂ 'ਚ ਜੀਵਣਾ। – ਕੀ ਪੂਰਨ ਗੁਰਮੁਖ ਹੁੰਦਿਆਂ ਤੁਹਾਨੂੰ ਆਪਣੇ ਜੀਵਨ ਦਾ ਪਛਤਾਵਾ ਹੈ?

– ਪਹਿਲੀ ਗੱਲ ਤਾਂ ਮੈਂ ਗੁਰਮੁਖ ਅਖਵਾਉਣ ਜੋਗਾ ਨਹੀਂ, ਪੂਰਨ ਗੁਰਮੁਖ ਅਖਵਾਉਣ ਜੋਗਾ ਤਾਂ ਕਦਾਚਿੱਤ ਵੀ ਨਹੀਂ। ਜੇਕਰ ਗੁਰਮੁਖ ਹੋਂਦਾ, ਤਾਂ ਪਛਤਾਵਾ ਜ਼ਰੂਰ ਹੋਂਦਾ ਕਿਉਂਕਿ

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
– ਆਦਿ ਗ੍ਰੰਥ ਪੰਨਾ. ੧੪੨

ਮੈਂ ਵਾਹਿਗੁਰੂ ਨੂੰ ਸਦਾ ਮਨ ਵਿਚ ਨਹੀਂ ਵਸਾਇਆ। ਇਸ ਲਈ ਉਤਨਾ ਹੀ ਜੀਵਿਆਂ ਹਾਂ, ਉਹ ਵੀ ਕਿਸ਼ਤਾਂ ਵਿਚ ਜਿਚਰ ਉਸ ਨੂੰ ਆਪਣੇ ਧਿਆਨ ਵਿਚ ਰੱਖ ਸਕਿਆਂ ਹਾਂ।

ਪਰ ਮੈਂ ਜਿਹੜੀਆਂ ਕਿਸ਼ਤਾਂ ਵਿਚ ਜੀਣ ਦੀ ਗੱਲ ਕੀਤੀ ਹੈ, ਉਹ ਹੋਰ ਦ੍ਰਿਸ਼ਟੀ ਤੋਂ ਕੀਤੀ ਹੈ। 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਵਿਚ ਮੈਂ ਲਿਖਿਆ ਹੈ :

ਮੈਂ ਤਾਂ ਬੱਸ ਉਤਨੇ ਪਲ ਹੀ ਜੀਵਿਆ ਹਾਂ
ਜਿਹਨਾਂ ਉੱਪਰ ਮੇਰੀ ਕਿਰਿਆ ਦੀ ਛਾਪ ਹੈ?
ਤੇ ਏਹੋ ਮੇਰੀ ਸਿਮਰਿਤੀ ਦਾ ਸਰਮਾਇਆ ਹਨ।
ਇਨ੍ਹਾਂ ਕਿਰਮਚੀ ਪਲਾਂ ਤੋਂ ਛੁੱਟ
ਧਰਤੀ ਦੀ ਕੁੱਖ ਬਾਂਝ ਹੈ।

ਐਸੇ ਉਪਜਾਊ ਪਲ ਹਰ ਵੇਲੇ ਤਾਂ ਨਸੀਬ ਨਹੀਂ ਹੋਂਦੇ। ਸੋ ਅਸੀਂ ਕਿਸ਼ਤਾਂ ਵਿਚ ਹੀ ਜਿਊਂਦੇ ਹਾਂ। ਪਰ ਇਸ ਦਾ ਮੈਨੂੰ ਹਿਰਖ ਤਾਂ ਕੋਈ ਨਹੀਂ। ਮੈਨੂੰ ਐਸੀਆਂ ਕਿਰਿਆਸ਼ੀਲ ਕਿਸ਼ਤਾਂ ਕੁਦਰਤ ਨੇ ਬੜੀ ਖੁੱਲ੍ਹਦਿਲੀ ਨਾਲ ਦਿੱਤੀਆਂ ਹਨ।

? ਤੁਸੀਂ ਆਪਣੀ ਕਵਿਤਾ ਵਿਚ 'ਸੰਸੇ' ਦੀ ਬੜੀ ਗੱਲ ਕੀਤੀ ਹੈ। ਤੁਹਾਡੀ ਇਕ ਪੁਸਤਕ (ਕਾਵਿ ਸੰਗ੍ਰਹਿ) ਵੀ ਹੈ, ਜਿਸ ਦਾ ਨਾਮ ਹੈ 'ਇਹ ਮੇਰੇ ਸੰਸੇ ਇਹ ਮੇਰੇ ਗੀਤ।' ਪਰ ਸੰਸੇ ਦਾ ਤੁਹਾਡਾ ਸੰਬੋਧ ਗੁਰਬਾਣੀ ਦੇ ਸੰਬੋਧ ਤੋਂ ਅੱਡਰਾ ਜਾਪਦਾ ਹੈ। ਇਸ ਬਾਰੇ ਕੁਝ ਰੋਸ਼ਨੀ ਪਾਓ।

– ਸੰਸਾ (ਸੰਸਕ੍ਰਿਤ : ਸੰਸ਼ਯ) ਦਾ ਅਰਥ ਹੈ ਸ਼ੱਕ। ਗੁਰਬਾਣੀ ਵਿਚ ਇਸ ਦਾ ਅਰਥ 'ਰੱਬ ਦੀ ਹੋਂਦ 'ਤੇ ਸ਼ੱਕ' ਲਿਆ ਗਿਆ ਹੈ, ਜਿਵੇਂ

ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ॥
– ਆਦਿ ਗ੍ਰੰਥ ਪੰਨਾ. ੯੫੩

ਪਰ ਮੈਂ ਸੰਸੇ ਨੂੰ ਸਾਧਾਰਨ 'ਸ਼ੱਕ' ਦੇ ਅਰਥਾਂ ਵਿਚ ਵਰਤਿਆ। ਜਦ ਕਦੇ ਸ਼ੱਕ ਉਪਜੇ ਕਿ ਇਹ ਗੱਲ ਸਹੀ ਹੈ ਕਿ ਨਹੀਂ ਤਾਂ ਸਹੀ ਗੱਲ ਦੀ ਖੋਜ ਪੈਦਾ ਹੋਣੀ ਸੁਭਾਵਿਕ ਹੈ। ਇਸੇ ਲਈ ਕਿਹਾ ਗਿਆ ਹੈ ਕਿ ਬਿਬੇਕ ਸੰਸੇ ਤੋਂ ਆਰੰਭ ਹੋਂਦਾ ਹੈ (ਧ਼ੋਬਟ ਸਿ ਬਏਗਨਿਨਿਨਗਿ ੋਾ ਸਿਦੋਮ) ਫ਼ਰਾਂਸ ਦੇ ਦਾਰਸ਼ਨਿਕ ਦੇਕਾਰਤ ਦਾ ਸਾਰਾ ਫ਼ਲਸਫ਼ਾ ਸੰਸੇ ਤੋਂ ਆਰੰਭ ਹੋਇਆ। ਸਭ ਤੋਂ ਪਹਿਲਾਂ ਉਸ ਨੇ ਆਪਣੀ ਹੋਂਦ 'ਤੇ ਹੀ ਸ਼ੱਕ ਕੀਤਾ। ਇਹ ਸੋਚਿਆ, "ਮੈਂ ਸੰਸਾ ਕਰਦਾ ਹਾਂ, ਇਸ ਲਈ ਮੈਂ ਹਾਂ!" ਇਥੋਂ ਉਸ ਦਾ ਸਾਰਾ ਫ਼ਲਸਫ਼ਾ ਉਸਰਿਆ।

ਮੈਂ ਇਹ ਮੰਨਦਾ ਹਾਂ ਕਿ ਅੰਧ-ਵਿਸ਼ਵਾਸ ਕਦੇ ਵੀ ਟੁੱਟ ਸਕਦਾ ਹੈ। ਪਰ ਜੋ ਵਿਸ਼ਵਾਸ ਸੰਸਿਆਂ ਦੀ ਪੁਣ-ਛਾਣ ਤੋਂ ਬਾਅਦ ਬੱਚ ਨਿਕਲਦਾ ਹੈ, ਉਸਨੂੰ ਕੋਈ ਡੁਲਾ ਨਹੀਂ


Laddi Padda Realtor
ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ
PROFESSIONAL REALTY GROUP
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।


Laddi Padda
Cell: 780-909-5154
9222-51 Avenue, Edmonton, AB T6E 5L8
Phone: 780-439-9818, Fax: 780-439-1257

ਸਕਦਾ। ਇਸੇ ਲਈ ਤਾਂ
ਮੈਂ ਸਦਾ ਆਪਣੇ ਸੰਸਿਆਂ ਨੂੰ ਖੁੱਲ੍ਹ ਦਿੱਤੀ ਹੈ
ਕਿ ਉਹ ਮੇਰੇ ਹਰ ਵਿਸ਼ਵਾਸ ਦਾ ਮੱਥਾ ਚੁੰਮਣ।
ਜਿਸ ਘਰ ਦੇ ਬੂਹੇ 'ਤੇ
ਕਦੇ ਕਿਸੇ ਸੰਸੇ ਨੇ ਦਸਤਕ ਨਹੀਂ ਦਿੱਤੀ,
ਉਸ ਦੇ ਅੰਦਰੋਂ
ਕਿਸੇ ਜਾਗਦੇ, ਸੁੱਤੇ ਵਿਸ਼ਵਾਸ ਦੀ
ਹੁੰਗਾਰ ਨਹੀਂ ਆ ਸਕਦੀ।
ਪਰ ਜਿਹਨਾਂ ਨੇ ਸੰਸਿਆਂ ਨੂੰ
ਹਾਕਾਂ ਮਾਰੀਆਂ ਹਨ,
ਅਸਮਾਨ ਉਨ੍ਹਾਂ ਦੇ ਘਰ ਆਉਂਦਾ
ਤੇ ਉਨ੍ਹਾਂ ਦੀ ਛੱਤ ਹੇਠ ਆਰਾਮ ਕਰਦਾ ਹੈ।

? ਇਥੋਂ ਇਹ ਪ੍ਰਸ਼ਨ ਉੱਠਦਾ ਹੈ, ਰੱਬ ਦੀ ਹੋਂਦ ਬਾਰੇ ਤੁਹਾਡਾ ਕੀ ਵਿਚਾਰ ਹੈ?

– ਰੱਬ ਮਨੁੱਖ ਦੇ ਆਪਣੇ ਅੰਦਰ ਵਸਦਾ ਹੈ :
ਵਸੀ ਰਬ ਹੀਆਲੀਐ ਬਾਹਰ ਕਿਆ ਢੂੰਢੇਹ।

ਓਹੀ ਅੰਦਰ ਬੈਠਾ ਉਸ ਨੂੰ ਤੋਰੀ ਫਿਰਦਾ ਹੈ। ਓਹੀ ਉਸ ਪਾਸੋਂ ਅਰਦਾਸ ਕਰਾਉਂਦਾ ਹੈ। ਅਰਦਾਸ ਵਿਚ ਬੋਲਦਾ ਵੀ ਉਹ ਆਪ ਹੈ। ਸਿਜਦੇ ਵੀ ਉਹ ਆਪ ਹੀ ਕਰਦਾ ਹੈ। ਪਰ ਮਨੁੱਖ ਨੂੰ ਜਾਪਦਾ ਹੈ ਕਿ ਅਰਦਾਸ ਉਹ ਆਪ ਕਰਦਾ ਹੈ, ਤੇ ਮੰਦਰ ਦੀ ਦਰਵੱਟਣ 'ਤੇ ਸਿਜਦੇ ਕਰਦਾ ਹੈ। ਪਰ ਇਸ ਨੂੰ ਇਉਂ ਵੀ ਤਾਂ ਵੇਖਿਆ ਜਾ ਸਕਦਾ ਹੈ :
ਮੈਂ ਜਾਣਦਾ ਹਾਂ
ਮੇਰੇ ਹਰ ਸਿਜਦੇ ਵਿਚੋਂ
ਕੋਈ ਰੱਬ ਪੈਦਾ ਹੋਂਦਾ ਹੈ
ਤੇ ਜਿਸ ਦਰਵੱਟਣ ਉੱਤੇ ਵੀ ਮੈਂ
ਆਪਣਾ ਸਿਰ ਟਿਕਾ ਦੇਂਦਾ ਹਾਂ,
ਉੱਥੇ ਹੀ ਕੋਈ ਮੰਦਰ ਬਣ ਜਾਂਦਾ ਹੈ।

ਇਵੇਂ ਹੀ ਮੈਂ 'ਅਸਲੇ ਤੇ ਉਹਲੇ' ਵਿਚ ਕਵਿਤਾ 'ਧਰਮ ਦੇ ਬੀਤ ਰਹੇ ਜੁਗ ਚਾਰ' ਵਿਚ ਕਿਹਾ ਸੀ :
ਅੱਜ ਫਿਰ ਬੰਦਾ ਬਣਦਾ ਜਾਪੇ
ਰੱਬ ਦਾ ਸਿਰਜਣਹਾਰ।

ਰੱਬ ਦਾ ਸੰਬੋਧ ਤਾਂ ਕੇਵਲ ਮਨੁੱਖ ਪਾਸ ਹੀ ਹੈ। ਤੇ ਇਹ ਸੰਬੋਧ ਉਸਦੇ ਅੰਦਰੋਂ ਉਪਜਿਆ ਹੈ। ਜੋਤਿ ਅੰਦਰ ਹੀ ਹੈ। ਉਹ ਜੋਤਿ ਹੀ ਰੱਬ ਹੈ।

## ਅਜੋਕੀ ਕਵਿਤਾ

? ਗੱਲ ਹੋਰ ਪਾਸੇ ਤੁਰ ਪਈ ਏ। ਇਹ ਨਹੀਂ ਕਿ ਇਹ ਜ਼ਰੂਰੀ ਨਹੀਂ; ਪਰ ਕਾਵਿ ਵੱਲ ਪਰਤਣ ਦੀ ਇਜਾਜ਼ਤ ਦਿਓ। ਆਧੁਨਿਕ ਯੁੱਗ ਦੀ ਕਵਿਤਾ ਕਿਹੋ ਜਹੀ ਹੋਵੇ?

– 'ਆਧੁਨਿਕ' ਯੁਗ ਦੀ ਕਵਿਤਾ ਨੂੰ 'ਆਧੁਨਿਕਵਾਦੀ' ਕਿਹਾ ਗਿਆ ਸੀ। ਉਹ ਬੜੀ ਛੇਤੀ ਪੁਰਾਣੀ ਹੋ ਨਿਬੜੀ। ਇਸੇ ਲਈ ਹੁਣ 'ਉੱਤਰ ਆਧੁਨਿਕਵਾਦੀ' ਕਵਿਤਾ ਦੀ ਗੱਲ ਕਰਨ ਲੱਗ ਪਏ ਹਨ। ਜੋ ਕਵਿਤਾ ਕਿਸੇ ਸਮੇਂ ਵਿਸ਼ੇਸ਼ ਨਾਲ ਜੁੜੀ ਹੋਵੇਗੀ, ਉਹ ਪੁਰਾਣੀ ਹੋਵੇਗੀ ਹੀ। ਜੋ ਸਦੀਵੀ ਮਾਨਵੀ ਸਰੋਕਾਰਾਂ ਨਾਲ ਜੁੜੇਗੀ, ਉਹ ਸਦ-ਨਵਤਨ ਰਹੇਗੀ। ਮਨੁੱਖ ਦੇ ਸਦੀਵੀ ਸਰੋਕਾਰ ਕਿਸੇ ਇਕ ਵਾਦ ਦੀ ਵਲਗਣ ਵਿਚ ਨਹੀਂ ਆ ਸਕਦੇ।

ਇਕ ਗੱਲ ਹੋਰ। 'ਆਧੁਨਿਕਵਾਦ' ਵਿਚ ਕੁਝ ਨਵਾਂ ਕਹਿਣਾ ਲਾਜ਼ਮੀ ਮੰਨਿਆ ਜਾਣ ਲੱਗ ਪਿਆ ਸੀ। ਅਰਥਹੀਣ ਨਵੀਨਤਾਵਾਂ, ਬੇਮਾਅਨੀ ਜਿੰਦਤਾਂ ਘੜੀਆਂ ਜਾਣ ਲੱਗ ਪਈਆਂ। ਜੁਮੈਟਰੀ ਦੀਆਂ ਸ਼ਕਲਾਂ ਵਾਲੇ ਮਸਨੂਈ ਛੰਦ ਜੋੜੇ ਜਾਣ ਲੱਗੇ। ਇਹ ਸਭ ਚਾਰ ਦਿਹਾੜੇ ਵੀ ਨਹੀਂ ਕੱਢ ਸਕੇ।

ਪਰ ਜੋ ਕਵਿਤਾਵਾਂ ਮੌਲਿਕ ਮਾਨਵੀ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ, ਉਹ ਕਦੇ ਵੀ ਰਚੀਆਂ ਗਈਆਂ ਹੋਣ, ਸਦਜੀਵਤਾ ਮਾਣ ਸਕਦੀਆਂ ਹਨ।

ਕੋਈ ਯੁਗ ਆਪਣੇ ਸਮੇਂ ਦੇ ਸਰੋਕਾਰ ਵੀ ਸਾਹਵੇਂ ਲਿਆ ਸਕਦਾ ਹੈ ਤੇ ਆਪਣੇ ਸਮੇਂ ਦੇ ਬਿੰਬ ਵੀ। ਪਰ ਸਾਮਿਯਕ ਸਰੋਕਾਰ ਤੇ ਸਾਮਿਯਕ ਬਿੰਬ ਸਮੇਂ ਨਾਲ ਆਪਣਾ ਮਹੱਤਵ ਕਾਇਮ ਰੱਖਣ ਦੇ ਅਸਮਰਥ ਹੋ ਜਾਂਦੇ ਹਨ।


ਡਾਕਟਰ ਨੇਕੀ ਅਪਣੇ ਸੱਤਰਵੇਂ ਜਨਮਦਿਨ ਸਮੇਂ - 1995

ਅੱਜ ਦੇ ਯੁਗ ਵਿਚ ਤਾਂ ਪਰਿਵਰਤਨ ਇਤਨਾ ਤੇਜ਼ ਹੋ ਗਿਆ ਹੈ ਕਿ ਚਿਰਜੀਵੇ ਕਾਵਿ ਦਾ ਵਜੂਦ ਹੀ ਸੰਸੇ ਵਿਚ ਪੈ ਗਿਆ ਜਾਪਦਾ ਹੈ।

? ਤੁਹਾਡਾ ਕਥਨ ਹੈ, ਕਾਵਿ ਦਾ ਧਰਮ ਮਨੋਰੰਜਨ ਨਹੀਂ। ਫਿਰ ਕਾਵਿ ਦਾ ਧਰਮ ਹੈ ਕੀ?

– ਮੇਰੇ ਵਿਚਾਰ ਅਨੁਸਾਰ ਮਨੋਰੰਜਨ ਕਾਵਿ ਦਾ ਪ੍ਰਥਮ ਧਰਮ ਨਹੀਂ। ਪ੍ਰਥਮ ਧਰਮ ਇਸ ਦਾ ਪ੍ਰੇਰਨਾ ਹੈ। ਮਨੋਰੰਜਕ ਵਿਧੀਆਂ ਉਸ ਪ੍ਰੇਰਨਾ ਦੇ ਮਾਧਿਅਮ ਵਜੋਂ ਹੋਣੀਆਂ ਲਾਜ਼ਮ ਹਨ। ਇਹ ਜਿਤਨੀਆਂ ਵੱਧ ਮਨੋਰੰਜਕ ਹੋਣਗੀਆਂ, ਪ੍ਰੇਰਨਾ ਉਤਨੀ ਵੱਧ ਸਫ਼ਲ ਤਰ੍ਹਾਂ ਹੋ ਸਕੇਗੀ।

ਕਾਵਿ ਦਾ ਇਕ ਧਰਮ ਜਨ ਸਧਾਰਨ ਪ੍ਰਤੀ ਹੈ। ਉਹ ਹੈ ਮਨੋਰੰਜਨ ਦਾ ਸਾਧਨ ਹੋਣਾ। ਪਰ ਇਕ ਹੋਰ ਧਰਮ ਇਸ ਦਾ ਆਪਣੇ ਪ੍ਰਤੀ ਵੀ ਹੈ। ਉਹ ਮਨੋਰੰਜਨ ਤੋਂ ਵਖਰਾ ਹੈ। ਜੇਕਰ ਨਾਲ ਮਨੋਰੰਜਨ ਵੀ ਦੇ ਸਕੇ ਤਾਂ ਕਿਆ ਬਾਤ ਹੈ।

ਇਸ ਗੱਲ ਵਿਚ ਮੇਰਾ ਮਾਡਲ ਗੁਰੂ ਨਾਨਕ ਦੇਵ ਜੀ ਹਨ। ਉਹ ਬੜੇ ਉੱਚ ਪਾਏ ਦੇ ਕਵੀ ਤੇ ਕਮਾਲ ਦੇ ਸੰਗੀਤਕਾਰ ਸਨ, ਪਰ ਉਦੇਸ਼ ਉਨ੍ਹਾਂ ਦੀਆਂ ਦੋਹਾਂ ਕਲਾਵਾਂ ਦਾ ਮਨੋਰੰਜਨ ਨਹੀਂ, ਪ੍ਰੇਰਨਾ ਸੀ।

ਕੇਵਲ ਮਨੋਰੰਜਨ ਨੂੰ ਟੀਚਾ ਮੰਨਣ ਵਾਲੀ ਕਲਾ ਸਸਤੀ ਜਹੀ ਹੋ ਕੇ ਰਹਿ ਜਾਂਦੀ ਹੈ। ਭੰਡ ਵੀ ਕੇਵਲ ਮਨੋਰੰਜਨ ਨਹੀਂ ਕਰਦੇ। ਵਿਅੰਗ ਨੂੰ ਪਰਿਵਰਤਨ ਦੀ ਪ੍ਰੇਰਨਾ ਦਾ ਸਾਧਨ ਬਣਾ ਕੇ ਵਰਤਦੇ ਹਨ।

## ਨਜ਼ਮ ਤੇ ਨਿਜ਼ਾਮ

? ਵਾਲਤੇਅਰ ਨੇ ਕਿਹਾ ਸੀ, "ਹਲਕੀ ਕਵਿਤਾ ਉਹ ਨਹੀਂ ਜਿਸ ਵਿਚ ਪਿੰਗਲ ਦੇ ਨੇਮਾਂ ਦਾ ਉਲੰਘਣ ਕੀਤਾ ਹੋਵੇ; ਸਗੋਂ ਉਹ ਹੈ ਜਿਸ ਵਿਚ ਕਾਵਿ-ਪ੍ਰਤਿਭਾ ਗੈਰਹਾਜ਼ਰ ਹੋਵੇ।" ਤੁਹਾਡੀ ਜਾਚੇ ਇਹ ਕਾਵਿ ਪ੍ਰਤਿਭਾ ਕੀ ਹੈ?

– ਜਿਵੇਂ ਗੱਲ ਦਾ ਵਿਆਕਰਣ ਅਨੁਸਾਰ ਹੋਣਾ ਕੋਈ ਵੱਡਾ ਗੁਣ ਨਹੀਂ, ਵੱਡਾ ਗੁਣ ਹੈ, ਕੀ ਕਿਹਾ ਜਾਂਦਾ ਹੈ। ਉਵੇਂ ਪਿੰਗਲ ਦੇ ਨੇਮਾਂ ਦਾ ਪਾਲਣ ਇਤਨਾ ਗੁਣਕਾਰੀ ਨਹੀਂ, ਜੇਕਰ ਕਾਵਿ ਪਾਸ ਪ੍ਰਗਟ ਕਰਨ ਜੋਗਾ ਕੁਝ ਨਹੀਂ। ਮੈਂ ਇਕ ਥਾਏਂ ਲਿਖਿਆ ਹੈ :
ਤੜਪ ਰਹੇ ਸੱਚ ਦੀ ਸੁਹਾਵਣੀ ਆਵਾਜ਼ ਕਾਵਿ।
ਟੁੰਬੀ ਹੋਈ ਆਤਮਾ ਦੇ ਅੰਦਰੇ ਦਾ ਰਾਜ਼ ਕਾਵਿ।
ਆਸਥਾ ਦੀ ਛੋਤ ਕਾਵਿ।
ਸੱਚ ਦੀ ਸਰੋਤ ਕਾਵਿ।
ਕਲਾ-ਰਹਿਤ ਕਲਪਨਾ ਦਾ, ਵਾਕ-ਹੀਣ ਬੋਲ ਕਾਵਿ।
ਨਜ਼ਮ ਦੇ ਨਿਜ਼ਾਮ ਤੋਂ ਨਵੇਕਲਾ ਨਿਰੋਲ-ਕਾਵਿ।

ਨਿਰੋਲ ਕਾਵਿ ਮੇਰੇ ਵਿਚਾਰ ਮੁਤਾਬਕ ਨਜ਼ਮ ਦੇ ਨਿਜ਼ਾਮ (ਅਥਵਾ ਪਿੰਗਲ ਦੇ ਨੇਮਾਂ) ਵਲੋਂ ਬੇਪਰਵਾਹ ਹੋਂਦਾ ਹੈ। ਉਸ ਦੇ ਅੰਦਰ ਕੋਈ ਸੱਚ ਤੜਪ ਰਿਹਾ ਹੋਂਦਾ ਹੈ, ਜਿਸ ਨੂੰ ਉਸ ਨੇ ਸੁਹਾਵਣੇ ਬੋਲ ਦੇਣੇ ਹਨ। ਇਸੇ ਵਿਚ ਕਾਵਿ ਦੀ ਪ੍ਰਤਿਭਾ ਹੈ ਕਿ ਉਹ ਕਿਸੇ ਵਿਲਕ ਰਹੇ ਸੱਚ ਨੂੰ ਸੁੰਦਰਤਮ ਬੋਲ ਦੇ ਕੇ ਪ੍ਰਗਟ ਕਰਦਾ ਹੈ। ਇਸ ਨੂੰ ਕਿਸੇ ਕਲਾ ਦੀ, ਕਿਸੇ ਕਾਰੀਗਰੀ ਦੀ ਲੋੜ ਨਹੀਂ ਹੋਂਦੀ। ਕਲਾ ਇਸ ਦੀ ਪਿਛਲੱਗ ਹੋ ਕੇ ਤੁਰਦੀ ਹੈ। ਜਦ ਇਸ ਦੀ ਪ੍ਰਸ਼ੰਸਾ ਵਿਚ ਤਾਲੀ ਵੱਜਦੀ ਹੈ, ਤਾਂ ਇਸ ਦਾ ਤਾਲ ਉਘੜਦਾ ਹੈ। ਜਦ ਕੋਈ ਬੇਅਖ਼ਤਿਆਰ 'ਵਾਹ' ਇਸ ਦਾ ਹੁੰਗਾਰਾ ਭਰਦੀ ਹੈ ਤਾਂ ਇਸ ਦੀ ਪ੍ਰਤਿਭਾ ਦੀ ਹਾਮੀ ਭਰਦੀ ਹੈ।

? ਤੁਹਾਡੇ ਕਹਿਣ ਮੁਤਾਬਕ ਕਾਵਿ ਅੰਦਰ ਕਵੀ ਦਾ 'ਅਨੁਭਵ' ਆਉਂਦਾ ਹੈ 'ਨਿੱਜਤਵ' ਨਹੀਂ। ਕੀ ਇਹ ਦੋਵੇਂ ਵੱਖਰੀਆਂ ਸ਼ੈਆਂ ਹਨ?

– ਤੁਸਾਂ ਮੈਨੂੰ ਇਕ ਤੋਂ ਬਾਅਦ ਇਕ ਪ੍ਰਸ਼ਨ ਕਾਵਿ-ਦਰਸ਼ਨ ਬਾਰੇ ਕਰੀ ਗਏ ਹੋ। ਮੈਂ ਕਦੇ ਕਾਵਿ- ਦਰਸ਼ਨ ਵਿੱਚ ਮਾਹਰ ਹੋਣ ਦਾ ਦਾਅਵਾ ਹੀ ਨਹੀਂ ਕੀਤਾ, ਪਰ ਮੈਂ ਇਸ ਤੋਂ ਨਿੱਪਟ ਬੇਬਹਿਰਾ ਵੀ ਨਹੀਂ ਹਾਂ। ਸੋ ਵਿੱਤ ਅਨੁਸਾਰ ਉੱਤਰ ਦੇਂਦਾ ਆਇਆ ਹਾਂ। ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਵੀ ਕਰਦਾ ਹਾਂ।

ਇਕ ਮਿਸਾਲ ਦੇ ਕੇ ਨਿੱਜਤਵ ਤੇ ਅਨੁਭਵ ਦਾ ਫ਼ਰਕ ਵੇਖਣ ਦਾ ਯਤਨ ਕਰਾਂਗਾ। ਇਕ ਬੰਦਾ ਸਮਝਦਾ ਹੈ ਕਿ ਉਸ ਨੂੰ ਪਿਆਰ ਹੋ ਗਿਆ ਹੈ, ਉਹ ਹੁਣ ਆਪਣੇ ਪਿਆਰੇ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਉਸਦਾ ਅਨੁਭਵ ਹੁਣ ਪਿਆਰ ਦਾ ਨਹੀਂ, ਪ੍ਰਾਪਤੀ ਦਾ ਹੈ, ਕਬਜ਼ੇ ਦਾ ਹੈ। ਇਸ ਵਿਚ ਨਿੱਜਤਾ ਕੇਵਲ ਬਣੀ ਹੀ ਨਹੀਂ ਹੋਈ, ਤੀਬਰ ਹੋਈ ਹੋਈ ਹੈ। ਇਕ ਹੋਰ ਬੰਦੇ ਨੂੰ ਵੀ ਪਿਆਰ ਹੋਇਆ ਹੈ, ਉਹ ਆਪਣੇ ਮਹਿਬੂਬ ਤੇ ਵਿਕ ਗਿਆ ਹੈ, ਉਸ ਤੋਂ ਸਭ ਕੁਝ ਨਿਛਾਵਰ ਕਰਨ ਨੂੰ ਤਿਆਰ ਹੈ। ਉਸ ਨੇ ਪਿਆਰ ਦੇ ਅਨੁਭਵ ਵਿਚ ਆਪਣਾ ਨਿੱਜਤਵ ਹਲੂਲ ਕਰ ਦਿੱਤਾ ਹੈ। ਉਹ ਪਿਆਰ ਦੇ ਅਨੁਭਵ ਨੂੰ ਉਸ ਦੀ ਨਿਰੋਲਤਾ ਵਿਚ ਮਾਣਦਾ ਹੈ।

ਕਵੀ ਜੇ ਆਪਣੀ ਨਿੱਜਤਾ ਨੂੰ ਤਿਆਗ ਨਹੀਂ ਸਕਦਾ, ਤਾਂ ਆਪਣੇ ਰੋਣੇ ਰੋਣ ਤੱਕ ਹੀ ਰਹਿ ਜਾਂਦਾ ਹੈ। ਜੇ ਨਿੱਜਤਾ ਤਿਆਗ ਸਕੇ, ਤਾਂ ਸਹਿਜੇ ਹੀ ਹਰ ਪਾਠਕ ਨੂੰ ਇਹ ਅਨੁਭਵ ਕਰਵਾ ਦੇਂਦਾ ਹੈ ਕਿ ਉਹ ਉਸਦੀ ਗੱਲ ਕਰ ਰਿਹਾ ਹੈ! ਨਿੱਜਤਵ ਉੱਠ ਜਾਵੇ, ਤਾਂ ਵਿਆਪਕਤਾ ਦੇ ਝਲਕਾਰੇ ਵੱਜਦੇ ਹਨ। ਮੇਰੀਆਂ ਦੋ ਪੰਕਤੀਆਂ ਹਨ:
ਭਾਵਨਾ ਦੀ ਭੀੜ ਜੁੜੀ ਕਾਮਨਾ ਦੇ ਬੇਲੇ ਵਿਚ,
ਗੁੰਮ ਗਿਆ ਆਪਾ ਏਸ ਆਖ਼ਰਾਂ ਦੇ ਮੇਲੇ ਵਿਚ।

ਭਾਵਨਾ ਦੀ ਤੀਬਰਤਾ ਵਿਚ ਆਪੇ (ਨਿੱਜਤਾ) ਦਾ ਗੁਆਚ ਜਾਣਾ ਹੀ ਕਾਵਿ ਕੌਸ਼ਲ ਦਾ ਧਰਮ-ਪਾਲਣ ਹੁੰਦਾ ਹੈ।

? ਆਖ਼ਰੀ ਸਵਾਲ - ਤੁਸੀਂ ਹੁਣ ਆਪਣੇ ਪਚਾਸੀ ਸਾਲ ਨੂੰ ਢੁੱਕਣ ਲੱਗੇ ਹੋ। ਜ਼ਿੰਦਗੀ ਨੂੰ ਤੁਸੀਂ ਲਿਖਿਆ ਹੈ:
ਪੋਲੇ ਪੈਰ ਨਿਕਲ ਜਾਵੀਂ ਚੋਰਾਂ ਜਹੀ ਚਾਲ ਨਾਲ।
ਅਲਵਿਦਾ ਦਾ ਕਰੀਂ ਨ ਸੰਕੇਤ ਵੀ ਰੁਮਾਲ ਨਾਲ।

ਕੀ ਤੁਹਾਡਾ ਹੁਣ ਹੋਰ ਕੋਈ ਬੁਲੰਦੀਆਂ ਛੂਹਣ ਦਾ ਇਰਾਦਾ ਨਹੀਂ?

– ਇਹ ਲਾਈਨਾਂ ਮੈਂ ਸ੍ਵੈ-ਜੀਵਨੀ ਦੇ ਅਖ਼ੀਰ ਵਿਚ ਲਿਖੀਆਂ ਹਨ। ਸ੍ਵੈ-ਜੀਵਨੀ ਮੁਕਾਈ ਸੀ, ਕਿਉਂਕਿ ਮੁਕਾਉਣੀ ਪਈ ਸੀ। ਮੈਥੋਂ ਬਾਅਦ ਮੇਰੀ ਸ੍ਵੈ-ਜੀਵਨੀ ਤਾਂ ਕੋਈ ਨਹੀਂ ਲਿਖ ਸਕਦਾ? ਤੇ ਆਪ ਮੈਂ ਮਰਨ ਵੇਲੇ ਤਾਂ ਮੁਕੰਮਲ ਨਹੀਂ ਕਰ ਸਕਦਾ। ਸੋ ਆਪਣੇ ਅਲਵਿਦਾ ਦਾ ਵਕਤ ਕਲਪਨਾ ਵਿਚ ਲਿਆਂਦਾ ਤੇ ਮੌਤ ਨੂੰ ਉਹ ਬੇਨਤੀ ਕੀਤੀ ਕਿ ਉਹ ਚੁੱਪ ਕੀਤਿਆਂ ਆਵੇ ਤੇ ਮੈਨੂੰ ਕਿਸੇ ਨੂੰ ਅਲਵਿਦਾ ਆਖਣ ਦਾ ਸਮਾਂ ਹੀ ਨਾ ਦੇਵੇ।

ਪਰ ਮੈਂ ਨਾ ਕੋਈ ਬੁਲੰਦੀਆਂ ਛੂਹੀਆਂ ਹਨ, ਨਾ ਹੀ ਛੂਹ ਸਕਣ ਦੀ ਮੇਰੇ ਵਿਚ ਸਲਾਹੀਅਤ ਹੈ। ਮੈਂ ਕਾਮਾ ਹਾਂ। ਕਾਮਾ ਮਰਨ ਤਕ ਕੰਮ ਕਰਨ ਲਈ ਮਜਬੂਰ ਹੋਂਦਾ ਹੈ। ਮੇਰੇ ਹੱਥਾਂ ਵਿਚ ਕੋਈ ਵੀਹ ਤੋਂ ਵਧੀਕ ਪ੍ਰਾਜੈਕਟ (ਸਾਹਿਤਕ) ਹਨ। ਕਿਤਨੀ ਮੁਹਲਤ ਮੇਰੇ ਪਾਸ ਹੈ ਤੇ ਕਿਤਨੇ ਇਨ੍ਹਾਂ ਵਿਚੋਂ ਮੁਕੰਮਲ ਹੋ ਪਾਣਗੇ, ਇਹ ਤਾਂ ਮੇਰਾ ਰੱਬ ਹੀ ਜਾਣਦਾ ਹੈ। ਅਸਾਂ ਤਾਂ, ਜਿਸ ਦੇ ਹੁਕਮ ਵਿਚ ਆਏ, ਉਸ ਦੇ ਹੁਕਮ ਵਿਚ ਸਿੱਧਾ ਹੀ ਜਾਣਾ ਹੈ।


Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.




Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਪੰਜਾਬੀ ਭਾਸ਼ਾ, ਕਾਨੂੰਨ ਅਤੇ ਕਾਨੂੰਨੀ ਚੋਰ ਮੋਰੀਆਂ

ਪੰਜਾਬੀ ਭਾਸ਼ਾ ਜਮਨਾ ਤੋਂ ਲੈ ਕੇ ਸਿੰਧ ਦਰਿਆ ਤਕ 13 ਕਰੋੜ ਲੋਕਾਂ ਦੀ ਮਾਂ ਬੋਲੀ ਹੈ। ਇਸ ਦੀਆਂ ਕਈ ਉਪ ਭਾਖਾਵਾਂ ਹਨ। ਪੰਜਾਬੀ ਦਾ ਪਹਿਲਾ ਮਹਾਨ ਕਵੀ ਬਾਬਾ ਫਰੀਦ 1173 ਈ. ਵਿਚ ਪੈਦਾ ਹੋਇਆ ਜਦਕਿ ਅੰਗਰੇਜ਼ੀ ਦਾ ਪਹਿਲਾ ਕਵੀ ਚੌਸਰ 1300 ਈ. ਵਿਚ ਪੈਦਾ ਹੋਇਆ। ਪੰਜਾਬੀ ਦੀ ਆਪਣੀ ਸਮਰੱਥ ਗੁਰਮੁਖੀ ਲਿਪੀ ਹੈ, ਜਿਸ ਵਿਚ ਪੰਜਾਬੀਆਂ ਦੀ ਬੋਲੀ ਦੀ ਹਰ ਬਰੀਕ ਤੋਂ ਬਰੀਕ ਧੁਨੀ ਪ੍ਰਗਟਾਈ ਜਾ ਸਕਦੀ ਹੈ। ਪੰਜਾਬੀ ਬੋਲੀ ਵਿਚ ਸੰਸਾਰ ਭਰ ਦੀਆਂ ਬੋਲੀਆਂ ਨਾਲੋਂ ਵੱਧ ਸੰਵੇਦਨਸ਼ੀਲ ਲੋਕ ਗੀਤ ਅਤੇ ਮੁਹਾਵਰੇ ਅਖਾਣ ਹਨ। ਪੰਜਾਬੀ ਭਾਸ਼ਾ ਦੀ ਬਦਕਿਸਮਤੀ ਸੰਸਾਰ ਦੀਆਂ ਹੋਰ ਉਨਤ ਭਾਸ਼ਾਵਾਂ ਨਾਲੋਂ ਵਧੇਰੇ ਦੁਖਦਾਈ ਹੈ। ਸੰਸਾਰ ਵਿਚ ਉਨਤ ਭਾਸ਼ਾਵਾਂ ਦੀਆਂ ਲਿਪੀਆਂ ਇਕਹਿਰੀਆਂ ਹਨ। ਬੰਗਲਾ ਭਾਸ਼ਾ ਭਾਵੇਂ ਦੋਹਾਂ ਦੇਸ਼ਾਂ ਵਿਚ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਉਸ ਦੀ ਲਿਪੀ ਸਰਹੱਦਾਂ ਦੇ ਆਰ ਪਾਰ ਇਕ ਹੀ ਹੈ। ਹਿੰਦੀ ਦੀ ਲਿਪੀ ਸਾਰੇ ਸੰਸਾਰ ਵਿਚ ਦੇਵਨਾਗਰੀ ਹੈ। ਅੰਗਰੇਜ਼ੀ, ਚੀਨੀ, ਸਪੈਨਿਸ਼ ਅਤੇ ਡੱਚ ਆਦਿ ਭਾਸ਼ਾਵਾਂ ਦੀਆਂ ਲਿਪੀਆਂ ਸਾਰੇ ਸੰਸਾਰ ਵਿਚ ਇਕਹਿਰੀਆਂ ਹਨ। ਪਰ ਪੰਜਾਬੀ ਦੀ ਭਾਰਤੀ ਪੰਜਾਬ ਵਿਚਲੀ ਲਿਪੀ ਗੁਰਮੁਖੀ ਹੈ ਪਰ ਪਾਕਿਸਤਾਨੀ ਪੰਜਾਬ ਵਿਚ ਸ਼ਾਹਮੁਖੀ ਹੈ। ਇਸ ਲਿਪੀ ਦੇ ਅੰਤਰ ਨੇ ਦੋਹਾਂ ਪੰਜਾਬਾਂ ਦੇ ਸਾਹਿਤ ਨੂੰ ਲੰਮੇ ਰੁਖ ਵੰਡ ਕੇ ਰੱਖ ਦਿਤਾ ਹੈ ਅਤੇ ਇਕ ਦੂਸਰੇ ਦੇ ਸਾਹਿਤ ਤੋਂ ਅਨਪੜ੍ਹ ਬਣਾ ਕੇ ਰੱਖ ਦਿਤਾ ਹੈ।

ਪੰਜਾਬੀ ਭਾਸ਼ਾ ਜੀਂਦੇ ਥੀਂਦੇ ਲੋਕਾਂ ਦੀ ਭਾਸ਼ਾ ਹੈ। ਇਸ ਭਾਸ਼ਾ ਉਤੇ ਕਈ ਹੋਛੇ ਵਾਰ ਹੋਏ ਪਰ ਇਹ ਹਮੇਸ਼ਾ ਜੀਂਦੀ ਰਹੀ ਅਤੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਰਹੀ। ਇਸ ਭਾਸ਼ਾ ਨਾਲ ਸਮੇਂ ਦੇ ਹਰ ਹਾਕਮ ਨੇ ਵੈਰ ਕਮਾਇਆ। ਮਹਿਮੂਦ ਗਜ਼ਨਵੀ ਨੇ 1003 ਈ. ਵਿਚ ਪੰਜਾਬੀ ਖੇਤਰਾਂ ਵਿਚ ਸਰਕਾਰੀ ਭਾਸ਼ਾ ਫਾਰਸੀ ਦਾ ਪ੍ਰਚਲਨ ਕੀਤਾ। ਕੁਲੀਨ, ਰਾਜ ਸੱਤਾ ਨਾਲ ਜੁੜਿਆ ਅਤੇ ਉਚ ਸ਼ਹਿਰੀ ਵਰਗ ਫਾਰਸੀ ਬੋਲਣ ਲੱਗਾ। ਪੰਜਾਬੀ ਗੰਵਾਰ ਭਾਸ਼ਾ ਬਣ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਂ ਬੋਲੀ ਪੰਜਾਬੀ ਨੂੰ ਮਾਣ ਦਿਤਾ ਤੇ ਫਾਰਸੀ ਨੂੰ ਹਿਕਾਰਤ ਭੇਜੀ 'ਘਰ ਘਰ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ...'

ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਰਾਜ ਵਿਚ ਪੰਜਾਬੀ ਨੂੰ ਪਿੱਛੇ ਸੁੱਟ ਕੇ ਰਾਜਸੀ ਭਾਸ਼ਾ ਫਾਰਸੀ ਨੂੰ ਬਣਾਈ ਰੱਖਿਆ। ਸਿੱਖੀ ਦੇ ਦਾਅਵੇਦਾਰ ਮਹਾਰਾਜਾ ਸਾਹਿਬ ਦੇ ਰਾਜ ਦੀ ਇਕ ਵੀ ਮਿਸਾਲ ਨਹੀਂ ਮਿਲਦੀ ਕਿ ਉਨ੍ਹਾਂ ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਮੁੱਖ ਭਾਸ਼ਾ ਦਾ ਰੁਤਬਾ ਦਿਵਾਉਣ ਲਈ ਕੋਈ ਨਿਮਾਣਾ ਉਪਰਾਲਾ ਵੀ ਕੀਤਾ ਹੋਵੇ। ਸਮਾਜ ਸ਼ਾਸਤਰੀਆਂ ਅਤੇ ਭਾਸ਼ਾ ਵਿਦਵਾਨਾਂ ਦਾ ਮਤ ਹੈ ਕਿ ਜੇਕਰ ਕਿਸੇ ਖਿੱਤੇ ਵਿਚ ਲੋਕਾਂ ਦੀ ਅਤੇ ਰਾਜ ਸੱਤਾ ਦੀ ਭਾਸ਼ਾ ਵੱਖ ਵੱਖ ਹੋ ਜਾਵੇ ਤਾਂ ਉਹ ਖਿੱਤਾ ਦੂਜੀਆਂ ਕੌਮਾਂ ਦਾ ਗੁਲਾਮ ਹੋ ਜਾਂਦਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਭਾਸ਼ਾ ਅਤੇ ਲੋਕ ਭਾਸ਼ਾ ਦਾ ਵਖਰੇਵਾਂ ਅੰਗਰੇਜ਼ੀ ਗੁਲਾਮੀ ਦਾ ਕਾਰਨ ਬਣਦਾ ਹੈ। ਅੰਗਰੇਜ਼ਾਂ ਨੇ ਰਾਜ ਭਾਸ਼ਾ ਅੰਗਰੇਜ਼ੀ ਕਰ ਦਿਤੀ ਅਤੇ ਪੰਜਾਬੀ ਫਾਰਸੀ ਤੋਂ ਬਾਅਦ ਅੰਗਰੇਜ਼ੀ ਦੀ ਆਇਆ ਬਣ ਕੇ ਰਹਿ ਗਈ। ਅੰਗਰੇਜ਼ਾਂ ਦੇ ਜਾਣ ਪਿੱਛੋਂ ਫਾਰਸੀ ਪੰਜਾਬ ਦੇ ਹੱਢਾਂ ਵਿਚ ਰਚੀ ਰਹੀ।

ਸ਼ਾਇਦ ਔਰੰਗਜ਼ੇਬ ਆਲਮਗੀਰ ਨੇ ਪੰਜਾਬੀ ਭਾਸ਼ਾ ਬਾਰੇ ਸਭ ਤੋਂ ਪਹਿਲਾ ਕਾਨੂੰਨ ਬਣਾਇਆ। ਮੁਗਲ ਹਕੂਮਤ ਦੀ ਲੰਮੀ ਉਮਰ ਵਾਸਤੇ ਉਸ ਨੇ ਸਭ ਤੋਂ ਪਹਿਲਾਂ ਪੰਜਾਬੀ ਬੋਲਦੇ ਇਲਾਕਿਆਂ ਵਿਚਲੇ ਸਕੂਲਾਂ ਦੇ ਬੱਚਿਆਂ ਲਈ ਕੁਝ ਪਾਠ ਪੁਸਤਕਾਂ ਲਿਖਵਾਉਣ ਦੇ ਹੁਕਮ ਦਿਤੇ, ਜਿਨ੍ਹਾਂ ਦਾ ਮਾਧਿਅਮ ਪੰਜਾਬੀ ਸੀ। (ਵੇਖੋ ਮਨਿੰਦਰ ਕੌਰ 1993 : 141) ਆਜ਼ਾਦੀ ਪਿੱਛੋਂ ਪੰਜਾਬੀ ਗੁਰਮੁਖੀ ਵਿਚ ਪਹਿਲਾ ਸਰਕਾਰੀ ਹੁਕਮ ਨਾਭੇ ਦੀ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਵਲੋਂ 1893 ਵਿਚ ਲਿਖਿਆ ਮਿਲਦਾ ਹੈ। 4 ਜਨਵਰੀ 1911 ਤੋਂ ਪਟਿਆਲਾ ਰਿਆਸਤ ਨੇ ਵੀ ਸਰਕਰੀ ਕੰਮ ਕਾਜ ਲਈ (ਸੰਮਨਾਂ ਆਦਿ) ਉਰਦੂ ਦੇ ਨਾਲ ਨਾਲ ਗੁਰਮੁਖੀ ਅੱਖਰਾਂ ਵਿਚ ਵੀ ਪੰਜਾਬੀ ਵਰਤਣ ਦਾ ਸ਼ਾਹੀ ਫੁਰਮਾਨ ਜਾਰੀ ਕੀਤਾ। ਮਹਾਰਾਜਾ ਭੁਪਿੰਦਰ ਸਿੰਘ ਆਪਣੇ ਸਾਰੇ ਪੱਤਰ ਗੁਰਮੁਖੀ ਵਿਚ ਹੀ ਲਿਖਦਾ ਸੀ। 12 ਅਪ੍ਰੈਲ 1912 ਨੂੰ ਇਕ ਸਰਕੂਲਰ ਰਾਹੀਂ ਹੋਮ ਮਨਿਸਟਰ ਪਟਿਆਲਾ ਰਿਆਸਤ ਨੇ ਸਾਰੇ ਮਹਿਕਮਿਆਂ ਦੇ ਮੁਖੀਆਂ ਨੂੰ ਹੁਕਮ ਭੇਜੇ ਸਨ ਕਿ ਉਹ ਸਾਰੇ ਦਫਤਰੀ ਫਾਰਮ ਗੁਰਮੁਖੀ ਪੰਜਾਬੀ ਵਿਚ ਛਪਵਾਉਣ ਅਤੇ ਨੌਕਰੀ ਦੇਣ ਵੇਲੇ ਉਮੀਦਵਾਰ ਦੀ ਗੁਰਮੁਖੀ ਪੰਜਾਬੀ ਦੀ ਪ੍ਰੀਖਿਆ ਲੈਣ। ਉਪਰੰਤ ਇਹ ਵੀ ਹੁਕਮ ਜਾਰੀ ਕੀਤੇ ਗਏ ਕਿ ਜਿਹੜੇ ਸਰਕਾਰੀ ਮੁਲਾਜ਼ਮ ਗੁਰਮੁਖੀ ਨਹੀਂ ਜਾਣਦੇ , ਉਨ੍ਹਾਂ ਦੀ ਤਦ ਤਕ ਤਨਖਾਹ ਰੋਕ ਲਈ ਜਾਵੇ ਜਦ ਤਕ ਕਿ ਉਹ ਪੰਜਾਬੀ (ਗੁਰਮੁਖੀ) ਦੀ ਪ੍ਰੀਖਿਆ ਪਾਸ ਨਹੀਂ ਕਰ ਲੈਂਦੇ। ਦੇਸ਼ ਦੀ ਵੰਡ ਦਾ ਸਭ ਤੋਂ ਮਾੜਾ ਅਸਰ ਪੰਜਾਬੀ ਭਾਸ਼ਾ ਉਤੇ ਪਿਆ। 9 ਕਰੋੜ ਪੰਜਾਬੀ ਬੋਲਦੇ ਲੋਕ ਪਾਕਿਸਤਾਨ ਵਿਚ ਰਹਿ ਗਏ ਜਿਥੇ ਕਿ ਪੰਜਾਬੀ ਭਾਸ਼ਾ ਨੂੰ ਫੇਰ ਤੋਂ ਇਕ ਗੌਣ ਤੇ ਗੰਵਾਰ ਭਾਸ਼ਾ ਬਣਨਾ ਪਿਆ।

1 ਅਕਤੂਬਰ 1949 ਨੂੰ ਭਾਰਤੀ ਪੰਜਾਬ ਨੂੰ ਦੋ ਭਾਸ਼ੀ ਸੂਬਾ ਸਵੀਕਾਰਿਆ ਗਿਆ। ਇਕ ਹੀ ਰਾਜ ਵਿਚ ਦੋ ਸਰਕਾਰੀ ਭਾਸ਼ਾਵਾਂ ਦੇ ਹੁਕਮਾਂ ਨੇ ਪੰਜਾਬ ਸਰਕਾਰ ਸਾਹਮਣੇ ਵਿਰਾਟ ਸਮੱਸਿਆ ਪੈਦਾ ਕਰ ਦਿਤੀ। ਬਾਅਦ ਵਿਚ ਇਹ ਹਿੰਦੀ ਖੇਤਰ ਪੰਜਾਬ ਤੋਂ ਬਾਹਰ ਕਰ ਦਿਤੇ ਗਏ। ਪੰਜਾਬੀ ਸੂਬੇ ਦੀ ਹਦਬੰਦੀ ਦਾ ਸਿਧਾਂਤ ਤਾਂ ਭਾਵੇਂ ਭਾਸ਼ਾ ਦਾ ਆਧਾਰ ਹੀ ਸੀ ਪਰ ਇਸ ਵੰਡ ਦਾ ਅਮਲੀ ਕਾਰਜ ਧਰਮ ਨੇ ਨਿਭਾਇਆ। 1966 ਵਿਚ ਜਿਹੜਾ ਨਵਾਂ ਪੰਜਾਬ ਹੋਂਦ ਵਿਚ ਆਇਆ ਉਸ ਤੋਂ ਦੂਣੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ।

1967 ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਲਛਮਣ ਸਿੰਘ ਗਿੱਲ ਬਣੇ। ਉਨ੍ਹਾਂ ਦੀ ਸਮਝ ਦੇ ਵਾਰੇ ਵਾਰੇ ਜਾਈਏ ਕਿ ਉਨ੍ਹਾਂ ਨੇ ਆਪਣੇ ਨਿੱਕੇ ਜਿਹੇ ਰਾਜਸੀ ਸਮਾਂ ਖੰਡ ਵਿਚ ਪੰਜਾਬੀ ਲਈ ਐਸਾ ਕਾਰਜ ਕਰ ਵਿਖਾਇਆ ਕਿ ਜੋ ਕਿਸੇ ਹੋਰ ਦੇ ਹਿੱਸੇ ਨਾ ਆਇਆ। ਉਨ੍ਹਾਂ ਨੇ ਰਾਜ ਭਾਸ਼ਾ ਐਕਟ ਤਿਆਰ ਕਰਵਾਇਆ ਅਤੇ ਪੰਜਾਬ ਦੇ ਦੋਂਹ ਸਦਨਾਂ ਤੋਂ ਪਾਸ ਕਰਵਾ ਦਿਤਾ। ਜਿਸ ਉਤੇ ਤਤਕਾਲੀ ਗਵਰਨਰ ਨੇ ਵੀ ਦਸਤਖਤ ਕਰ ਦਿਤੇ। ਇਸ ਭਾਸ਼ਾ ਐਕਟ ਦਾ ਨਾਮ 'ਪੰਜਾਬ ਰਾਜ ਭਾਸ਼ਾ ਐਕਟ 1967' ਰੱਖਿਆ ਗਿਆ ਜੋ ਪਹਿਲੀ ਜਨਵਰੀ 1968 ਨੂੰ ਕਾਨੂੰਨ ਬਣ ਕੇ ਲਾਗੂ ਹੋ ਗਿਆ, ਜਿਸ ਨਾਲ ਪੰਜਾਬ ਸਰਕਾਰ ਦੀ ਸਰਕਾਰੀ ਭਾਸ਼ਾ ਪੰਜਾਬੀ ਹੋ ਗਈ। ਇਤਿਹਾਸਕ ਐਕਟ ਨਾਲ ਪੰਜਾਬੀ ਭਾਸ਼ਾ ਦੇ ਪ੍ਰਚਲਨ ਵਿਚ ਇਕ ਇਨਕਲਾਬ ਵਾਪਰ ਗਿਆ। ਪੰਜਾਬੀ ਦੇ ਹਾਲਤ ਸੁਧਾਰਨ ਵਾਸਤੇ ਪੂਰੇ ਪੰਜਾਬ ਵਿਚ ਲਹਿਰ ਦੌੜ ਗਈ।

ਜਦ ਸ. ਲਛਮਣ ਸਿੰਘ ਗਿੱਲ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਵਾ ਰਹੇ ਸਨ ਤਦ ਹੀ ਦਿੱਲੀ ਲਾਬੀ ਦੇ ਸਕੱਤਰ ਇਸ ਵਿਚ ਚੋਰ ਮੋਰੀਆਂ ਕਰਨ ਦੀ ਸਾਜ਼ਸ਼ ਵੀ ਰਚ ਰਹੇ ਸਨ। ਸਭ ਤੋਂ ਵੱਡੀ ਚੋਰ ਮੋਰੀ ਇਸ ਐਕਟ ਵਿਚ ਇਹ ਰਹਿਣ ਦਿਤੀ ਗਈ ਕਿ ਇਸ ਐਕਟ ਦੀ ਉਲੰਘਣਾ ਕਰਨ ਵਾਲੇ ਵਾਸਤੇ ਕਿਸੇ ਤਰ੍ਹਾਂ ਦੀ ਸਜ਼ਾ ਦੀ ਧਾਰਾ ਸ਼ਾਮਲ ਹੀ ਨਾ ਕੀਤੀ ਗਈ। ਗਿੱਲ ਦੇ ਮੁੱਖ ਮੰਤਰੀ ਹੁੰਦਿਆਂ ਹੀ ਅੰਗਰੇਜ਼ੀ ਪੱਖੀ ਲਾਬੀ ਨੇ ਜੁਆਨ ਹੋ ਰਹੀ ਪੰਜਾਬੀ ਦੀਆਂ ਲੱਤਾਂ ਟੁਕਣੀਆਂ ਆਰੰਭ ਕਰ ਦਿਤੀਆਂ। 1968 ਨੂੰ ਜਨਰਲ ਅਕਾਊਂਟੈਂਟ ਨੇ ਆਪਣਾ ਕੰਮ ਕਾਜ ਅੰਗਰੇਜ਼ੀ ਵਿਚ ਕਰਨ ਦੀ 'ਛੋਟ' ਹਾਸਲ ਕਰ ਲਈ। ਯਾਨੀ ਖਜ਼ਾਨਾ ਵਿਭਾਗ ਨਾਲ ਸਾਰਾ ਵਿਭਾਗ ਮੁੜ ਅੰਗਰੇਜ਼ੀ ਦੀ ਬੁੱਕਲ ਵਿਚ ਜਾ ਵੜਿਆ। ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਵਿਚ ਮੈਂਬਰਾਂ ਨੂੰ ਸਵਾਲ ਪੁੱਛਣ ਲਈ ਪੰਜਾਬੀ ਤੋਂ 'ਛੋਟ' ਦੇ ਦਿਤੀ ਗਈ। ਰਾਜਪਾਲ ਨੂੰ ਭੇਜੇ ਜਾਣ ਵਾਲੇ ਕੇਸਾਂ ਦਾ ਅਨੁਵਾਦ ਅੰਗਰੇਜ਼ੀ ਵਿਚ ਵੀ ਭੇਜਣ ਲਈ ਹੁਕਮ ਦਿਤੇ ਗਏ। ਗਵਰਨਰ ਸਾਹਿਬ ਦਾ ਸਾਰਾ ਕੰਮ ਕਾਜ ਹੀ ਅੰਗਰੇਜ਼ੀ ਵਿਚ ਰਹਿਣ ਦੀ ਛੋਟ ਵੀ ਦਿਤੀ ਗਈ। ਅਜੇ ਪੰਜਾਬੀ ਨੂੰ ਚੰਗੀ ਤਰ੍ਹਾਂ ਲਾਗੂ ਵੀ ਨਹੀਂ ਸੀ ਕੀਤਾ ਗਿਆ ਕਿ ਦਰਜਨਾਂ ਮਹਿਕਮਿਆਂ ਨੇ ਇਕ ਇਕ ਕਰਕੇ ਅੰਗਰੇਜ਼ੀ ਵਿਚ ਕੰਮ ਕਰਨ ਦੀ 'ਛੋਟ' ਪ੍ਰਾਪਤ ਕਰ ਲਈ।

ਸਭ ਤੋਂ ਵੱਧ ਖਤਰਨਾਕ 'ਛੋਟ' ਕਨੂੰਨੀ ਵਿਭਾਗ ਨੂੰ ਦਿਤੀ ਗਈ। ਅਦਾਲਤਾਂ ਵਿਚ ਸਧਾਰਨ ਤੋਂ ਸਧਾਰਨ ਚਿੱਠੀ ਪੱਤਰ ਤੇ ਹੁਕਮ ਅੰਗਰੇਜ਼ੀ ਵਿਚ ਲਿਖੇ ਜਾਂਦੇ ਸਨ। ਛੋਟ ਤੋਂ ਬਾਅਦ ਵੀ ਏਸੇ ਤਰ੍ਹਾਂ ਹੀ ਕੰਮ ਕਾਜ ਅੰਗਰੇਜੀ ਵਿਚ ਚਲਦਾ ਹੈ। ਸਿਵਾਏ ਰਜਿਸਟਰੀਆਂ, ਇਕਰਾਰਨਾਮਿਆਂ ਅਤੇ ਜਮਾਂਬੰਦੀ ਤੇ ਬਾਕੀ ਸਾਰਾ ਅਦਾਲਤੀ ਕੰਮ ਕਾਜ ਅੰਗਰੇਜ਼ੀ ਵਿਚ ਹੀ ਚਲ ਰਿਹਾ ਹੈ।

ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦੇ ਮਨਸੂਬੇ ਸਮੇਂ ਦੀਆਂ ਸਰਕਾਰਾਂ ਨੇ ਹੀ ਤਹਿਸ ਨਹਿਸ ਕੀਤੇ। ਐਕਟ ਤੋਂ 40 ਸਾਲ ਬਾਅਦ ਤਕ ਵੀ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਨੂੰ ਲਾਗੂ ਨਾ ਕੀਤਾ ਗਿਆ। ਪੰਜਾਬ ਦੇ ਸਕੂਲਾਂ ਵਿਚ ਵੀ ਪੰਜਾਬੀ ਨੂੰ ਬੇਦਖਲ ਕੀਤਾ ਜਾਣ ਲੱਗਾ। ਪੰਜਾਬ ਸਕੂਲ ਸਿਖਿਆ ਬੋਰਡ ਤੋਂ ਬਿਨਾਂ ਬਾਕੀ ਬੋਰਡਾਂ ਅਧੀਨ ਚਲਦੇ ਪੰਜਾਬ ਖੇਤਰ ਦੇ ਸਕੂਲਾਂ 'ਚੋਂ ਪੰਜਾਬੀ ਨੂੰ ਗੇਟੋਂ ਬਾਹਰ ਕਰ ਦਿਤਾ ਗਿਆ। ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵੀ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਚਾਲੂ ਕਰਨ ਦੇ ਹੁਕਮ ਤੇ ਕਾਨੂੰਨ ਜਾਰੀ ਕੀਤੇ। ਜੋ ਅਜ ਤਕ ਚਲ ਰਹੇ ਹਨ।

ਪੰਜਾਬੀ ਲੋਕ ਚੇਤੰਨ ਹੋਏ ਤਾਂ ਉਨ੍ਹਾਂ ਸੋਚਿਆ ਕਿ ਪੰਜਾਬੀ ਦੇ ਨਾਮ ਉੱਤੇ ਬਣੇ ਸੂਬੇ ਵਿਚ ਵੀ ਜੇਕਰ ਪੰਜਾਬੀ ਨੂੰ ਪੂਰੀ ਤਰ੍ਹਾਂ ਸਰਕਾਰੀ ਭਾਸ਼ਾ ਨਹੀਂ ਬਣਾਇਆ ਜਾਂਦਾ ਤਾਂ ਕਸੂਰ ਕਿਸ ਦਾ ਹੈ? ਪੰਜਾਬੀ ਲੇਖਕ ਤਾਂ 'ਰਾਜ ਭਾਸ਼ਾ ਐਕਟ 1967' ਦੇ ਬਣਨ ਤੋਂ ਹੀ ਇਸ ਨਾਲ ਸਜ਼ਾ ਦੀ ਧਾਰਾ ਸ਼ਾਮਲ ਕਰਨ ਲਈ ਜੱਦੋ ਜਹਿਦ ਕਰ ਰਹੇ ਸਨ। ਲੇਖਕਾਂ ਨੇ ਇਸ ਧਾਰਾ ਨੂੰ ਲਾਗੂ ਕਰਵਾਉਣ ਵਾਸਤੇ ਸੈਂਕੜੇ ਧਰਨੇ ਮੁਜਾਹਰੇ ਕੀਤੇ ਅਤੇ ਕੈਦਾਂ ਕੱਟੀਆਂ। ਪਰ ਐਕਟ ਦੀ ਉਲੰਘਣਾਂ ਕਰਨ ਵਾਲਿਆਂ ਵਾਸਤੇ ਸਜ਼ਾ ਦੀ ਧਾਰਾ ਦਾ ਪ੍ਰਬੰਧ ਨਾ ਕਾਂਗਰਸ ਅਤੇ ਨਾ ਅਕਾਲੀ ਸਰਕਾਰਾਂ ਹੀ ਕੀਤਾ। ਲਗਾਤਾਰ ਜਦੋ ਜਹਿਦ ਕਰਨ ਅਤੇ ਲੋਕਾਂ ਵਿਚ ਇਸ ਸਜ਼ਾ ਦੀ ਧਾਰਾ ਦਾ ਸੱਚ ਪਹੁੰਚਾਣ ਸਦਕਾ ਲੋਕਾਂ ਵਿਚ ਵੀ ਰੋਹ ਜਾਗਿਆ ਤੇ ਉਹ ਇਸ ਐਕਟ ਨਾਲ ਸਜ਼ਾ ਦੀ ਧਾਰਾ ਸ਼ਾਮਲ ਕਰਨ ਲਈ ਸੜਕਾਂ ਉਤੇ ਉਤਰੇ।



2007 ਵਿਚ ਬਾਦਲ ਸਰਕਾਰ ਹੋਂਦ ਵਿਚ ਆਈ ਤਾਂ ਲੋਕਾਂ ਨੇ ਮੰਗ ਉਚੀ ਕੀਤੀ ਕਿ ਭਾਸ਼ਾ ਐਕਟ 1967 ਵਿਚ ਸੋਧ ਕੀਤੀ ਜਾਵੇ। ਲੋਕ ਰੋਹ ਨੂੰ ਭਾਂਪਦਿਆਂ ਬਾਦਲ ਸਰਕਾਰ ਨੇ ਇਸ ਐਕਟ ਵਿਚ ਸੋਧ ਕਰਨ ਲਈ ਵਿਧਾਨ ਸਭਾ ਵਿਚ ਸੋਧ ਬਿਲ ਲਿਆਂਦਾ, ਜਿਹੜਾ ਸਰਬ ਸੰਮਤੀ ਨਾਲ ਪਾਸ ਹੋ ਗਿਆ। 10 ਸਤੰਬਰ 2008 ਨੂੰ ਇਹ 'ਪੰਜਾਬ ਭਾਸ਼ਾ (ਸੋਧ) ਐਕਟ ਕਾਨੂੰਨ ਬਣ ਕੇ ਲਾਗੂ ਕਰ ਦਿਤਾ ਗਿਆ। ਇਹ ਬਿਲ ਅੰਗਰੇਜ਼ੀ ਵਿਚ ਜਾਰੀ ਕੀਤਾ ਗਿਆ। ਲੋਕਾਂ ਨੂੰ ਪੱਕੀ ਆਸ ਸੀ ਕਿ ਅਕਾਲੀ ਸਰਕਾਰ ਹਰ ਹਾਲਤ ਵਿਚ ਕੋਈ ਐਸੀ ਸੋਧ ਕਰੇਗੀ ਕਿ ਪੰਜਾਬ ਵਿਚ ਕੋਈ ਵੀ ਪੰਜਾਬੀ ਭਾਸ਼ਾ ਨੂੰ ਨਜ਼ਰਅੰਦਾਜ ਨਹੀਂ ਕਰ ਸਕੇਗਾ ਅਤੇ ਜੇਕਰ ਕੋਈ ਉਲੰਘਣਾ ਕਰੇਗਾ ਤਾਂ ਉਸ ਨੂੰ ਸਜ਼ਾ ਦਿਤੀ ਜਾ ਸਕੇਗੀ। ਪਰ ਹੋਇਆ ਇਸ ਤੋਂ ਉਲਟ। ਬਿੱਲੀ ਜਦ ਥੈਲਿਉਂ ਬਾਹਰ ਆਈ ਤਾਂ ਲੋਕਾਂ ਜਾਣਿਆ ਕਿ ਬਾਦਲ ਸਰਕਾਰ ਨੇ ਵੀ ਉਨ੍ਹਾਂ ਨਾਲ ਮਖੌਲ ਹੀ ਕੀਤਾ ਹੈ।

ਬਾਦਲ ਸਰਕਾਰ ਨੇ ਰਾਜ ਭਾਸ਼ਾ ਐਕਟ ਵਿਚ ਚਾਰ ਹੇਠ ਲਿਖੀਆਂ ਸੋਧਾਂ ਕੀਤੀਆਂ :

1. ''3-ਏ (1) ਅਦਾਲਤ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ : ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਅਧਿਕਾਰ ਖੇਤਰ ਹੇਠਲੀਆਂ ਸਭ ਦੀਵਾਨੀ, ਫੌਜਦਾਰੀ ਅਦਾਲਤਾਂ, ਸਭ ਮਾਲ ਗੁਜ਼ਾਰੀ ਅਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਹੋਰ ਕਿਸੇ ਵੀ ਅਦਾਲਤ ਜਾਂ/ ਰਾਜ ਸਰਕਾਰ ਦੁਆਰਾ ਬਣਾਈ ਟ੍ਰਿਬਿਊਨਲ ਵਿਚ ਕੰਮ ਕਾਜ ਪੰਜਾਬੀ ਵਿਚ ਹੋਵੇਗਾ।''

2. ''3-ਬੀ ਰਾਜ ਸਰਕਾਰ ਅਤੇ ਜਨਤਕ ਖੇਤਰ ਦੀਆਂ ਇਕਾਈਆਂ ਦੇ ਦਫਤਰਾਂ ਵਿਚ ਪੰਜਾਬੀ ਦੀ ਵਰਤੋਂ : ਰਾਜ ਸਰਕਾਰ ਦੇ ਸਾਰੇ ਦਫਤਰਾਂ ਵਿਚ, ਜਨਤਕ ਖੇਤਰਾਂ ਦੀਆਂ ਇਕਾਈਆਂ ਵਿਚ, ਬੋਰਡਾਂ ਅਤੇ ਸਥਾਨਕ ਸੰਗਠਨਾਂ ਵਿਚ, ਰਾਜ ਸਰਕਾਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਸਾਰਾ ਕੰਮ ਅਤੇ ਦਫ਼ਤਰੀ ਚਿੱਠੀ ਪੱਤਰ ਪੰਜਾਬੀ ਵਿਚ ਕੀਤਾ ਜਾਵੇਗਾ।''

3. ''8-ਏ ਪੜਤਾਲ ਦਾ ਅਧਿਕਾਰ : ਇਸ ਐਕਟ ਦੇ ਭਾਗ 3-ਏ ਅਤੇ 3 ਬੀ ਵਿਚਲੀਆਂ ਵਿਵਸਥਾਵਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਣ ਲਈ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਜਾਂ ਉਸ ਦੁਆਰਾ ਅਧਿਕਾਰਤ ਉਸ ਦਾ ਕੋਈ ਵੀ ਅਧਿਕਾਰੀ ਰਾਜ ਸਰਕਾਰ, ਜਨਤਕ ਖੇਤਰ ਦੀ ਇਕਾਈ, ਬੋਰਡ ਜਾਂ ਕਾਰਪੋਰੇਸ਼ਨ ਦੇ ਕਿਸੇ ਵੀ ਦਫਤਰ, ਰਾਜ ਸਰਕਾਰ ਦੇ ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਦਫਤਰ ਦੀ ਪੜਤਾਲ ਕਰ ਸਕਦਾ ਹੈ।''



ਸੁਲੱਖਣ ਸਰਹੱਦੀ
94174-84337

4. ''8-ਡੀ ਦੰਡ : ਉਪਰ ਦੱਸੇ ਕਿਸੇ ਵੀ ਦਫਤਰ ਦਾ ਜੇ ਕੋਈ ਵੀ ਕਰਿੰਦਾ ਜਾਂ ਅਧਿਕਾਰੀ ਇਸ ਐਕਟ ਜਾਂ ਇਸ ਅਧੀਨ ਜਾਰੀ ਕੀਤੀ ਕਿਸੇ ਅਧਿਸੂਚਨਾ ਦੀਆਂ ਵਿਵਸਥਾਵਾਂ ਦੀ ਬਾਰ ਬਾਰ ਉਲੰਘਣ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਹ ਪੰਜਾਬ ਸਿਵਲ ਸਰਵਿਸਿਜ਼ (ਦੰਡ ਤੇ ਅਪੀਲ) ਨਿਯਮ 1970 ਅਧੀਨ ਅਨੁਸਾਸ਼ਨੀ ਕਾਰਵਾਈ ਦਾ ਭਾਗੀ ਹੋਵੇਗਾ।''

ਇਸ ਸੋਧ ਐਕਟ ਨੂੰ ਵਾਚਿਆਂ ਬੜੇ ਹਾਸੋਹੀਣੇ ਤੱਥ ਪ੍ਰਗਟ ਹੁੰਦੇ ਹਨ। ਲੋਕਾਂ ਨੂੰ ਆਸ ਸੀ ਕਿ ਅਕਾਲੀ ਸਰਕਾਰ ਵਲੋਂ ਭਾਸ਼ਾ ਐਕਟ ਦੀ ਉਲੰਘਣਾਂ ਕਰਨ ਵਾਲਿਆਂ ਲਈ ਕੋਈ ਸਖਤ ਸਜ਼ਾ ਦੀ ਧਾਰਾ ਇਸ ਐਕਟ ਨਾਲ ਜੋੜੀ ਜਾਵੇਗੀ। ਪਰ ਇਹ ਮਸਲਾ ਸਗੋਂ ਹੋਰ ਵੀ ਉਲਝਾ ਦਿਤਾ ਗਿਆ।

ਇਹ ਐਕਟ 2008 ਸਿਰਫ ਰਾਜ ਸਰਕਾਰ ਦੀਆਂ ਸੰਸਥਾਵਾਂ ਉਤੇ ਹੀ ਲਾਗੂ ਹੁੰਦਾ ਹੈ। ਇਥੋਂ ਤਕ ਕਿ ਏਡਿਡ ਸਕੂਲਾਂ ਅਤੇ ਗ੍ਰਾਂਟਸ ਕਮਿਸ਼ਨ ਅਧੀਨ ਆਉਂਦੇ ਕਾਲਜਾਂ, ਨਿਜੀ ਸਕੂਲਾਂ, ਪ੍ਰਾਈਵੇਟ ਸੰਸਥਾਵਾਂ ਉਤੇ ਵੀ ਲਾਗੂ ਨਹੀਂ ਹੁੰਦਾ। ਲੋਕ ਉਮੀਦ ਕਰਦੇ ਸਨ ਕਿ ਪੰਜਾਬੀ ਦੀ ਧਰਤੀ ਉਤੇ ਚਲਦੇ ਸਾਰੇ ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇਗਾ ਪਰ ਉਹ ਹਜ਼ਾਰਾਂ ਸਕੂਲ ਇਸ ਤੋਂ 'ਛੋਟ' ਪ੍ਰਾਪਤ ਕਰ ਗਏ ਜਿਹੜੇ ਸੈਂਟਰਲ ਬੋਰਡ ਜਾਂ ਬਾਹਰਲੇ ਸੂਬਿਆਂ ਦੇ ਬੋਰਡਾਂ ਨਾਲ ਸਬੰਧਤ ਹਨ। ਇਹ ਐਸੇ ਸਕੂਲ ਹਨ ਜਿਨ੍ਹਾਂ ਵਿਚ ਪੰਜਾਬੀ ਨੂੰ ਚਿਮਟੀ ਨਾਲ ਵੀ ਨਹੀਂ ਛੂਹਿਆ ਜਾ ਸਕਦਾ।

ਸਭ ਤੋਂ ਹਾਸੋਹੀਣੀ ਸਥਿਤੀ ਸਜ਼ਾ ਵਾਲੀ ਧਾਰਾ ਦੀ ਹੋਈ। ਚੈਕਿੰਗ ਕੇਵਲ ਡਾਇਰੈਕਟਰ ਭਾਸ਼ਾ ਵਿਭਾਗ ਜਾਂ ਜ਼ਿਲ੍ਹੇ ਦਾ ਭਾਸ਼ਾ ਅਫਸਰ ਕਰ ਸਕਦਾ ਹੈ ਪਰ ਉਨ੍ਹਾਂ ਨੂੰ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ। ਉਹ ਪੜਤਾਲ ਕਰ ਸਕਦੇ ਹਨ ਅਤੇ ਜਿਹੜਾ ਕਰਮਚਾਰੀ ਜਾਂ ਅਫਸਰ ਭਾਸ਼ਾ ਐਕਟ ਦੀ 'ਬਾਰ ਬਾਰ' ਉਲੰਘਣਾਂ ਕਰਦਾ ਹੈ ਉਸ ਦੀ ਸ਼ਿਕਾਇਤ ਉਸ ਦੇ ਅਫਸਰ ਨੂੰ ਹੀ ਕੀਤੀ ਜਾ ਸਕਦੀ ਹੈ ਤੇ ਅਫਸਰ ਆਪਣੇ ਅਧੀਨ ਦੋਸ਼ੀ ਕਰਮਚਾਰੀ ਨੂੰ ਸੀ.ਐਸ.ਆਰ. (1970) ਅਧੀਨ ਹੀ ਕੋਈ ਸਜ਼ਾ ਦੇ ਸਕਦਾ ਹੈ। ਵਿਡੰਬਨਾ ਇਹ ਹੈ ਕਿ 'ਬਾਰ ਬਾਰ' ਉਲੰਘਣਾ ਦੀ ਵਿਆਖਿਆ ਨਹੀਂ ਕੀਤੀ ਗਈ। ਆਖਰ ਕਿੰਨੀ ਵਾਰ? ਇਹ ਐਸੀ ਚੋਰੀ ਮੋਰੀ ਹੈ ਜਿਸ ਵਿਚੋਂ ਦੀ ਹਰ ਦੋਸ਼ੀ ਸੌਖਿਆਂ ਹੀ ਬਾਹਰ ਜਾ ਸਕਦਾ ਹੈ।

ਬਾਦਲ ਸਰਕਾਰ ਨੇ ਲੋਕਾਂ ਨੂੰ ਗੁਮਰਾਹ ਕਰਨ ਹਿੱਤ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਪੜਤਾਲ ਕਰਨ ਹਿੱਤ ਪੰਜਾਬ ਅਤੇ ਜ਼ਿਲ੍ਹਾ ਪੱਧਰ ਦੀਆਂ ਅਖੌਤੀ 'ਅਧਿਕਾਰਤ ਕਮੇਟੀਆਂ' ਬਣਾਈਆਂ ਜਿਨ੍ਹਾਂ ਨੂੰ ਦਰ ਹਕੀਕਤ ਕੋਈ ਅਧਿਕਾਰ ਹੀ ਨਹੀਂ ਸੀ। ਸਕੂਲਾਂ ਦੀਆਂ ਕਲਾਸਾਂ ਵਿਚ ਪੰਜਾਬੀ ਦੀ ਪੜ੍ਹਾਈ ਦੀ ਪੜਤਾਲ ਕਰਨ ਦਾ ਕੋਈ ਕਾਨੂੰਨ ਹੀ ਨਹੀਂ ਬੱਸ ਦਫਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਦੀ ਹੀ ਚੈਕਿੰਗ ਹੋ ਸਕਦੀ ਹੈ। ਪੰਜਾਬ ਦੀਆਂ ਵੱਡੀਆਂ ਸਾਹਿਤਕ ਸੰਸਥਾਵਾਂ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਅਤੇ ਭਾਸ਼ਾ ਵਿਗਿਆਨੀਆਂ ਨੇ ਇਹ ਕਮੇਟੀਆਂ ਰੱਦ ਕਰਨ ਦੀ ਮੰਗ ਕੀਤੀ ਅਤੇ ਕਮੇਟੀਆਂ 'ਚੋਂ ਪੰਜਾਬੀ ਪ੍ਰਤੀ ਸੁਹਿਰਦ ਲੋਕਾਂ ਨੂੰ ਅਸਤੀਫੇ ਦੇਣ ਲਈ ਅਪੀਲ ਕੀਤੀ। ਮੈਨੂੰ ਵੀ ਜ਼ਿਲ੍ਹਾ ਗੁਰਦਾਸਪੁਰ ਦੀ ਕਮੇਟੀ ਵਿਚ ਰਖਿਆ ਗਿਆ ਸੀ, ਮੈਂ ਅਸਤੀਫਾ ਦੇ ਦਿਤਾ ਪਰ ਸਿਖਿਆ ਮੰਤਰੀ ਨੇ ਇਕ ਹੋਰ ਭਾਸ਼ਾ ਕਮੇਟੀ ਵਿਚ ਮੇਰਾ ਨਾਮ ਪਾ ਦਿਤਾ, ਬਿਨਾਂ ਮੇਰੀ ਸਹਿਮਤੀ ਦੇ। ਇਸ ਸੋਧ ਬਿਲ ਨੂੰ ਲਾਗੂ ਹੋਇਆਂ ਤਿੰਨ ਸਾਲ ਹੋ ਗਏ ਹਨ ਪਰ ਅਦਾਲਤਾਂ ਵਿਚ ਇਕ ਪ੍ਰਤੀਸ਼ਤ ਵੀ ਕੰਮ ਕਾਜ ਪੰਜਾਬ ਵਿਚ ਨਹੀਂ ਹੋਣ ਲੱਗਾ। ਉਲਟਾ ਅਦਾਲਤਾਂ ਨੇ ਪੰਜਾਬੀ ਲਾਗੂ ਕਰਨ ਤੋਂ ਕੋਰੀ ਨਾਂਹ ਕਰ ਦਿਤੀ ਹੈ। ਹੁਣ ਪੰਜਾਬ ਸਰਕਾਰ ਕਹਿ ਰਹੀ ਹੈ ਕਿ ਉਹ ਸੁਪਰੀਮ ਕੋਰਟ ਵਿਚ ਜਾਵੇਗੀ।

ਲੋਕ ਕੀ ਚਾਹੁੰਦੇ ਹਨ ?

1. ਲੋਕ ਚਾਹੁੰਦੇ ਹਨ ਕਿ ਬਾਦਲ ਸਰਕਾਰ ਦੁਆਰਾ ਭਾਸ਼ਾ ਕਮੇਟੀਆਂ ਭੰਗ ਕੀਤੀਆਂ ਜਾਣ ਅਤੇ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਜਾਵੇ। ਇਸ ਟ੍ਰਿਬਿਊਨਲ ਨੂੰ ਵਿਸ਼ੇਸ਼ ਅਧਿਕਾਰ ਹੋਣ ਅਤੇ ਇਹ ਹਰ ਉਸ ਵਿਅਕਤੀ ਉਤੇ ਮੁਕੱਦਮਾ ਚਲਾ ਕੇ ਸਜ਼ਾ ਦੇ ਸਕੇ ਜੋ ਪੰਜਾਬੀ ਭਾਸ਼ਾ ਐਕਟ ਦੀ ਉਲੰਘਣਾ ਕਰੇ। ਇਹ ਵੀ ਕਿ ਹਰ ਸ਼ਹਿਰੀ ਇਸ ਟ੍ਰਿਬਿਊਨਲ ਕੋਲ ਭਾਸ਼ਾ ਦੀ ਉਲੰਘਣਾਂ ਪ੍ਰਤੀ ਸ਼ਿਕਾਇਤ ਕਰ ਸਕੇ।

2. ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ 1966 ਵਾਲੀ ਬਹਾਲ ਕੀਤੀ ਜਾਵੇ ਕਿਉਂਕਿ ਚੰਡੀਗੜ੍ਹ ਉਤੇ ਪਹਿਲਾ ਤੇ ਆਖਰੀ ਹੱਕ ਪੰਜਾਬ ਦਾ ਹੀ ਹੈ।

3. ਪੰਜਾਬ ਦੀ ਵੱਖਰੀ ਹਾਈ ਕੋਰਟ ਬਣਾਈ ਜਾਵੇ ਜਿਸ ਦਾ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇ।

4. ਸਰਕਾਰੀ ਸਕੂਲਾਂ ਵਾਂਗ ਹੀ ਕੇਂਦਰੀ ਬੋਰਡ ਦੇ ਸਕੂਲਾਂ ਵਿਚ ਵੀ ਪੰਜਾਬ ਦੀ ਧਰਤੀ ਉਤੇ ਪੰਜਾਬੀ ਦੀ ਪੜ੍ਹਾਈ ਜ਼ਰੂਰੀ ਕੀਤੀ ਜਾਵੇ।

5. ਸਰਕਾਰੀ ਦਫਤਰਾਂ ਵਿਚ ਅਤੇ ਅਦਾਲਤਾਂ ਵਿਚ ਸਾਰੇ ਦਾ ਸਾਰਾ ਕੰਮ ਪੰਜਾਬੀ ਵਿਚ ਕਰਨ ਦੇ ਕਾਨੂੰਨਾਂ ਦੀ ਇਨ ਬਿਨ ਪਾਲਣਾ ਕੀਤੀ ਜਾਵੇ।

6. ਸਰਕਾਰੀ ਨੌਕਰੀਆਂ ਦੀ ਭਰਤੀ ਲਈ ਸਾਰੇ ਟੈਸਟ ਪੰਜਾਬੀ ਵਿਚ ਹੋਣ ਅਤੇ ਇਨ੍ਹਾਂ ਟੈਸਟਾਂ ਵਿਚ ਪੰਜਾਬੀ ਦਾ ਟੈਸਟ ਜ਼ਰੂਰੀ ਹੋਵੇ।

7. ਸਿਖਿਆ ਨੂੰ ਮੁੜ 'ਸਟੇਟ ਲਿਸਟ' 'ਤੇ ਲਿਆਂਦਾ ਜਾਵੇ। ਪੰਜਾਬ ਵਿਧਾਨ ਸਭਾ ਇਸ ਲਈ ਮਤਾ ਪਾਸ ਕਰੇ।

8. ਯੂਨੀਵਰਸਿਟੀਆਂ ਭਾਸ਼ਾ ਵਿਭਾਗ ਅਤੇ ਪੰਜਾਬੀ ਸਾਹਿਤ ਅਕੈਡਮੀ ਵਰਗੀਆਂ ਸੰਸਥਾਵਾਂ ਨੂੰ ਹੋਰ ਸਮਰੱਥ ਬਣਾਉਣ ਲਈ ਸਰਕਾਰ ਖੁਲ੍ਹ ਦਿਤੀ ਨਾਲ ਫੰਡ ਮੁਹੱਈਆ ਕਰਵਾਵੇ।

ਪਰ ਇਨ੍ਹਾਂ ਸਭ ਮੰਗਾਂ ਤੋਂ ਸਭ ਤੋਂ ਪਹਿਲੀ ਮੰਗ ਇਹ ਹੈ ਕਿ ਪੰਜਾਬੀ ਭਾਸ਼ਾ ਲਾਗੂ ਕਰਨ ਦੇ ਸਾਰੇ ਕਾਨੂੰਨਾਂ 'ਚੋਂ ਫੌਰੀ ਤੌਰ 'ਤੇ ਚੋਰ ਮੋਰੀਆਂ ਬੰਦ ਕੀਤੀਆਂ ਜਾਣ। ਇਹ ਤਾਂ ਹੀ ਸੰਭਵ ਹੋ ਸਕਦਾ ਹੈ। ਜੇਕਰ ਬਾਦਲ ਸਰਕਾਰ ਵੱਲੋਂ ਭਾਸ਼ਾ ਐਕਟ (ਸੋਧ) 2008 ਵਿਚ ਮੁੜ ਸੋਧ ਕਰ ਕੇ ਰਾਜ ਭਾਸ਼ਾ ਐਕਟ 1967 ਨਾਲ ਐਕਟ ਦੀ ਉਲੰਘਣਾ ਕਰਨ ਵਾਲਿਆਂ ਲਈ ਯੋਗ ਸਜ਼ਾ ਦੀ ਧਾਰਾ ਸ਼ਾਮਲ ਕੀਤੀ ਜਾਵੇ।

# ਸਾਡੀ ਖੁਰਾਕ ਵਿਚ ਐਂਟੀਆਕਸੀਡੈਂਟ ਦੀ ਭੂਮਿਕਾ

ਆਪਣੇ ਪਿਛਲੇ ਲੇਖ ਵਿਚ ਮੈਂ ਸੰਤੁਲਤ ਖੁਰਾਕ ਅਤੇ ਇਸ ਬਾਰੇ ਜਾਗਰੂਕ ਕਰਨ ਵਾਲੇ ਮਾਹਰ ਦੀ ਅਹਿਮੀਅਤ ਬਾਰੇ ਵਿਸਥਾਰ ਵਿਚ ਗੱਲ ਕੀਤੀ ਸੀ। ਮੈਂ ਸ਼ੂਗਰ ਤੇ ਦਿੱਲ ਦੇ ਰੋਗੀਆਂ ਲਈ ਕੁਝ ਸੁਝਾਅ ਦੱਸੇ ਸਨ। ਇਸ ਲੇਖ ਵਿਚ ਮੈਂ ਸਾਡੀ ਖੁਰਾਕ ਵਿਚ ਐਂਟੀਆਕਸੀਡੈਂਟਸ ਦੀ ਭੂਮਿਕਾ ਬਾਰੇ ਵਿਚਾਰ ਕਰਨ ਜਾ ਰਹੀ ਹਾਂ ਜੋ ਸਾਨੂੰ ਸਿਹਤਮੰਦ ਰੱਖਦੀ ਹੈ। ਹਰ ਇਕ ਨੇ ਕਿਤੇ ਨਾ ਕਿਤੇ ਐਂਟੀਆਕਸੀਡੈਂਟਸ ਬਾਰੇ ਸੁਣਿਆ ਜ਼ਰੂਰ ਹੋਵੇਗਾ ਜਾਂ ਕੁਝ ਇਕ ਨੇ ਖੁਰਾਕੀ ਪਦਾਰਥਾਂ ਉਪਰ ਲੱਗੇ ਲੇਬਲਾਂ 'ਤੇ ਲਿਖਿਆ ਪੜ੍ਹਿਆ ਹੋਵੇਗਾ। ਐਂਟੀਆਕਸੀਡੈਂਟਸ ਕਈ ਖੁਰਾਕੀ ਪਦਾਰਥਾਂ ਵਿਚ ਹੁੰਦੇ ਹਨ। ਪਰ ਇਹ ਸਾਡੇ ਭੋਜਨ ਪਦਾਰਥਾਂ ਵਿਚ ਕਿਉਂ ਹੁੰਦੇ ਹਨ? ਅਤੇ ਇਹ ਕਈ ਪਦਾਰਥਾਂ ਵਿਚ ਅਹਿਮ ਥਾਂ ਕਿਉਂ ਰੱਖਦੇ ਹਨ?



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)
ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ
balwinderdietician77@gmail.com

ਐਂਟੀਆਕਸੀਡੈਂਟਸ ਸਾਡੀ ਪਾਚਣ ਪ੍ਰਣਾਲੀ ਲਈ ਕੰਮ ਕਰਦੇ ਹਨ। ਇਹ ਸਾਡੀ ਕਮਜ਼ੋਰ ਪਾਚਣ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ। ਇਹ ਫਰੀ ਰੈਡੀਕਲਜ਼ ਕਾਰਨ ਨੁਕਸਾਨੇ ਗਏ ਸੈਲਾਂ ਨੂੰ ਮੁਰੰਮਤ ਕਰਨ ਅਤੇ ਬਚਾਉਣ ਲਈ ਕੰਮ ਆਉਂਦੇ ਹਨ। ਇਹ ਕੈਂਸਰ ਨੂੰ ਵਿਕਸਤ ਹੋਣ ਤੋਂ ਵੀ ਬਚਾਉਂਦੇ ਹਨ। ਐਂਟੀਆਕਸੀਡੈਂਟਸ ਜਵਾਨ ਰੱਖਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਵੀ ਦੂਰ ਰੱਖਦੇ ਹਨ।

ਫਲ ਅਤੇ ਸਬਜ਼ੀਆਂ ਬੇਹਤਰੀਨ ਖੁਰਾਕ ਦੀ ਇਕ ਕਿਸਮ ਹਨ ਜਿਨ੍ਹਾਂ ਵਿਚ ਪਾਚਣ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵਾਲੇ ਐਂਟੀਆਕਸੀਡੈਂਟਸ ਹੁੰਦੇ ਹਨ ਅਤੇ ਇਹ ਤੁਹਾਨੂੰ ਲਾਗ ਵਾਲੀਆਂ ਬਿਮਾਰੀਆਂ ਜਿਵੇਂ ਕਿ ਜ਼ੁਕਾਮ, ਫਲੂ ਆਦਿ ਤੋਂ ਬਚਾਉਂਦੇ ਹਨ। ਗਰੀਨ ਤੇ ਵਾਈਟ ਚਾਹ ਵਿਚ ਵੀ ਐਂਟੀਆਕਸੀਡੈਂਟਸ ਦਾ ਉਚ ਪੱਧਰ ਮੌਜੂਦ ਹੁੰਦਾ ਹੈ। ਵਿਟਾਮਿਨ ਈ, ਵਿਟਾਮਿਨ ਸੀ ਤੇ ਬੀਟਾ-ਕੈਰੋਟੀਨ ਤਿੰਨ ਅਹਿਮ ਐਂਟੀਆਕਸੀਡੈਂਟ ਵਿਟਾਮਿਨ ਹਨ। ਤੁਸੀਂ ਇਨ੍ਹਾਂ ਨੂੰ ਗੂੜ੍ਹੇ ਲਾਲ, ਪੀਲੇ ਅਤੇ ਹਰੇ ਰੰਗਾਂ ਦੇ ਫਲਾਂ ਅਤੇ ਸਬਜ਼ੀਆਂ ਜਿਵੇਂ ਕਿ ਗਾਜਰ, ਘੀਆ, ਕੱਦੂ, ਟਮਾਟਰ, ਪਾਲਕ, ਬੈਰੀਜ਼, ਗੋਭੀ, ਲਾਲ, ਹਰੀਆਂ ਜਾਂ ਪੀਲੀਆਂ ਮਿਰਚਾਂ, ਸੰਤਰਾ, ਅੰਬ, ਪਪੀਤਾ, ਸਟਰਾਬੈਰੀਜ਼, ਆੜੂ, ਖਰਬੂਜ਼ੇ ਅਤੇ ਕਣਕ, ਬੀਜ, ਸਾਰੇ ਅਨਾਜ, ਸਬਜ਼ੀਆਂ ਦੇ ਤੇਲ ਅਤੇ ਮੱਛੀ ਆਦਿ ਤੋਂ ਲੈ ਸਕਦੇ ਹੋ।

### 6 ਸਾਲ ਬਾਅਦ ਮਿਲਿਆ ਇਨਸਾਫ

## ਅਮਰੀਕੀ ਸਿੱਖ ਓਬਰਾਏ ਨੂੰ ਨੌਕਰੀ ਮਿਲੀ ਤੇ ਮੁਆਵਜ਼ਾ ਵੀ

ਕੈਲੀਫੋਰਨੀਆਂ, (ਨਦਬ) : ਸਿੱਖੀ ਸਰੂਪ ਬਰਕਰਾਰ ਰੱਖਣ ਕਾਰਨ ਨੌਕਰੀ ਤੋਂ ਜਵਾਬ ਦੇ ਦਿੱਤੇ ਜਾਣ ਦੇ 6 ਸਾਲ ਬਾਅਦ ਭਾਰਤੀ ਮੂਲ ਦੇ ਅਮਰੀਕੀ ਸਿੱਖ 65 ਸਾਲਾ ਤ੍ਰਿਲੋਚਨ ਸਿੰਘ ਓਬਰਾਏ ਨੂੰ ਨਾ ਸਿਰਫ ਨੌਕਰੀ ਹਾਸਲ ਹੋ ਗਈ ਹੈ, ਸਗੋਂ ਉਸ ਨੂੰ 2.95 ਲੱਖ ਡਾਲਰ ਮੁਆਵਜ਼ਾ ਵੀ ਮਿਲੇਗਾ। ਸ੍ਰੀ ਓਬਰਾਏ ਦਾ ਇਸ ਸਬੰਧੀ ਕੈਲੀਫੋਰਨੀਆ ਦੇ ਸੁਧਾਈ ਤੇ ਮੁੜ ਵਸੇਬਾ ਵਿਭਾਗ (ਸੀ.ਡੀ.ਸੀ.ਆਰ.) ਨਾਲ ਰਾਜ਼ੀਨਾਮਾ ਹੋ ਗਿਆ ਹੈ, ਜਿਸ ਤਹਿਤ ਉਹ ਪਹਿਲੀ ਨਵੰਬਰ ਤੋਂ ਕੁਰੈਕਸ਼ਨਲ ਅਧਿਕਾਰੀ ਵਜੋਂ ਆਪਣੀ ਡਿਊਟੀ ਸੰਭਾਲਣਗੇ। ਇਸ ਮਾਮਲੇ ਵਿੱਚ ਅਦਾਲਤ 'ਚ ਸ੍ਰੀ ਓਬਰਾਏ ਦੀ ਵਕਾਲਤ ਕਰਨ ਵਾਲੀ ਅਟਾਰਨੀ ਹਰਮੀਤ ਕੇ. ਢਿੱਲੋਂ ਨੇ ਕਿਹਾ, ''ਸ੍ਰੀ ਓਬਰਾਏ ਦੀ ਇਹ ਕਾਨੂੰਨੀ ਲੜਾਈ 9/11 ਤੋਂ ਬਾਅਦ ਅਮਰੀਕਾ ਵਿੱਚ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਹਾਸਲ ਕਰਨ ਦੇ ਚਾਹਵਾਨ ਸਿੱਖਾਂ ਨੂੰ ਪੇਸ਼ ਆ ਰਹੀਆਂ ਦੁਸ਼ਵਾਰੀਆਂ ਦੀ ਇਕ ਮਿਸਾਲ ਹੈ। ਅਮਰੀਕਾ ਦੇ ਦੱਖਣੀ ਏਸ਼ੀਆ ਮੂਲ ਦੇ ਵਿਅਕਤੀਆਂ ਖਾਸਕਰ ਸਿੱਖਾਂ ਲਈ ਇਹ ਨਜ਼ਰ ਅੰਦਾਜ਼ਗੀ, ਪੂਰਵ ਧਾਰਨਾ ਅਤੇ ਨਫਰਤ ਵੱਡਾ ਖਤਰਾ ਬਣੀ ਹੋਈ ਹੈ ਕਿਉਂਕਿ ਸਿੱਖਾਂ ਨੂੰ ਇਥੇ ਅਕਸਰ ਗਲਤੀ ਨਾਲ ਮੱਧ ਪੂਰਬੀ ਦਹਿਸ਼ਤਗਰਦ ਸਮਝ ਲਿਆ ਜਾਂਦਾ ਹੈ।'' ਸੀ.ਡੀ.ਸੀ.ਆਰ. ਵੱਲੋਂ ਜਾਰੀ ਬਿਆਨ ਮੁਤਾਬਕ ਸ੍ਰੀ ਓਬਰਾਏ ਨੇ 2005 ਵਿੱਚ ਇਕ ਕੁਰੈਕਸ਼ਨਲ ਅਫਸਰ ਦੀ ਅਸਾਮੀ ਵਾਸਤੇ ਅਰਜ਼ੀ ਦਿੱਤੀ ਸੀ ਅਤੇ ਉਹ ਚੋਣ ਅਮਲ ਦੇ ਆਖਰੀ ਗੇੜ ਵਿੱਚ ਪੁੱਜ ਗਏ ਸਨ। ਆਖਰੀ ਦੌਰ ਦੇ ਇਕ ਟੈਸਟ ਵਿੱਚੋਂ ਉਨ੍ਹਾਂ ਨੂੰ ਇਸ ਕਾਰਨ ਬਾਹਰ ਕੱਢ ਦਿੱਤਾ ਗਿਆ ਕਿ ਉਸ ਟੈਸਟ ਲਈ ਲੋੜੀਂਦਾ ਇਕ ਮੁਖੌਟਾ ਉਹ ਉਦੋਂ ਤੱਕ ਨਹੀਂ ਪਹਿਨ ਸਕਦੇ ਜਦੋਂ ਤੱਕ ਉਹ ਆਪਣੀ ਦਾਹੜੀ ਸ਼ੇਵ ਨਹੀਂ ਕਰਦੇ। ਸ੍ਰੀ ਓਬਰਾਏ ਸਿੱਖੀ ਸਰੂਪ ਬਰਕਰਾਰ ਰੱਖਣ ਕਾਰਨ ਨੌਕਰੀ ਤੋਂ ਜਵਾਬ ਦੇ ਦਿੱਤੇ ਜਾਣ ਦੇ 6 ਸਾਲ ਬਾਅਦ ਭਾਰਤੀ ਮੂਲ ਦੇ ਅਮਰੀਕੀ ਸਿੱਖ 65 ਸਾਲਾ ਤ੍ਰਿਲੋਚਨ ਸਿੰਘ ਓਬਰਾਏ ਨੂੰ ਨਾ ਸਿਰਫ ਨੌਕਰੀ ਹਾਸਲ ਹੋ ਗਈ ਹੈ, ਸਗੋਂ ਉਸ ਨੂੰ 2.95 ਲੱਖ ਡਾਲਰ ਮੁਆਵਜ਼ਾ ਵੀ ਮਿਲੇਗਾ। ਸ੍ਰੀ ਓਬਰਾਏ ਦਾ ਇਸ ਸਬੰਧੀ ਕੈਲੀਫੋਰਨੀਆ ਦੇ ਸੁਧਾਈ ਤੇ ਮੁੜ ਵਸੇਬਾ ਵਿਭਾਗ (ਸੀ.ਡੀ.ਸੀ.ਆਰ.) ਨਾਲ ਰਾਜ਼ੀਨਾਮਾ ਹੋ ਗਿਆ ਹੈ, ਜਿਸ ਤਹਿਤ ਉਹ ਪਹਿਲੀ ਨਵੰਬਰ ਤੋਂ ਕੁਰੈਕਸ਼ਨਲ ਅਧਿਕਾਰੀ ਵਜੋਂ ਆਪਣੀ ਡਿਊਟੀ ਸੰਭਾਲਣਗੇ।

# ਕੁਝ ਵੀ ਕਰਨ ਲਈ ਧਿਆਨ ਕੇਂਦਰਤ ਕਰਨ ਦੀ ਲੋੜ



ਕੌਲੀਨ ਮਕਲੌ ਕਲਿੰਕ

ਖ਼ੈਰ ਅਸੀਂ ਇਥੇ ਹਾਂ। ਅੱਧ ਲੰਘ ਆਏ ਹਾਂ ਤੇ ਅਖ਼ੀਰ ਤੱਕ ਅੱਧਾ ਰਾਹ ਬਾਕੀ ਹੈ, ਤੇ ਅਸੀਂ ਸਾਰੇ ਅੱਧ ਵਿਚਕਾਰ ਲਟਕੇ ਹੋਏ ਹਾਂ। ਸਾਡੇ ਕੋਲ ਕੁੱਲ ਏਨਾ ਸਮਾਂ ਹੈ ਕਿ ਅਸੀਂ ਘੱਟੋ-ਘੱਟ ਇਕ ਜਾਂ ਦੋ ਆਲੋਚਨਾਤਮਕ ਲੇਖ ਲਿਖ ਸਕੀਏ, ਸ਼ਾਇਦ ਇਕ ਕਮੈਂਟਰੀ, ਨਿੱਜੀ ਪ੍ਰਤੀਕਿਰਿਆ, ਦੇ ਸਕੀਏ। ਭਾਵੇਂ ਅਸੀਂ ਮੁਕੰਮਲ ਪੜ੍ਹਾਈ ਕਰ ਚੁੱਕੇ ਹਾਂ ਜਾਂ ਸ਼ੁਰੂ ਕਰਨ ਜਾ ਰਹੇ ਹਾਂ। ਛਮਾਹੀ ਇਮਤਿਹਾਨ ਆਉਂਦੇ-ਜਾਂਦੇ-ਰਹਿੰਦੇ ਹਨ। ਸਾਡੀ ਪਹਿਲੀ ਸਰਕਾਰੀ ਰਿਪੋਰਟ ਕਾਰਡ 4 ਨਵੰਬਰ ਨੂੰ ਤਿਆਰ ਹੋਈ। ਤੇ ਹੁਣ? ਇਹ ਸਾਲ ਦਾ ਉਹ ਸਮਾਂ ਹੈ, ਜਿਸ 'ਤੇ ਸਭ ਦੀ ਨਜ਼ਰ ਹੁੰਦੀ ਹੈ। ਅਸੀਂ ਬਰਫ਼ ਅਤੇ ਕ੍ਰਿਸਮਿਸ ਬਾਰੇ ਸੋਚਦੇ ਹਾਂ ਅਤੇ ਮਹਿਸੂਸ ਕਰਦੇ ਹਾਂ ਕਿ ਅਸੀਂ ਪਹਿਲੀ ਛਮਾਹੀ ਖ਼ਤਮ ਕਰਨ ਦੇ ਨੇੜੇ ਹਾਂ। ਫੇਰ ਅਸੀਂ ਅਧਿਆਪਕ ਸਾਰੇ ਅੰਦਾਜ਼ਿਆਂ ਨੂੰ ਦੇਖ ਕੇ ਥੋੜ੍ਹਾ ਘਬਰਾ ਜਾਂਦੇ ਹਾਂ ਤੇ ਮੈਂ ਠੀਕ ਇਸ ਵੇਲੇ ਇਸ ਘਬਰਾਹਟ ਨੂੰ ਮਹਿਸੂਸ ਕਰ ਸਕਦੀ ਹਾਂ। ਮੈਂ ਦੁਬਾਰਾ ਸਿਲੇਬਸ ਪੜ੍ਹਾਉਣ ਤੇ ਸਾਹਿਤ ਲਈ ਅਜਿਹੀ ਮੁਹਾਰਤ ਸਿਖਾਉਣ ਦੀ ਕੋਸ਼ਿਸ ਆਰੰਭ ਕਰ ਦਿੰਦੀ ਹਾਂ। ਮੈਂ ਮਹਿਸੂਸ ਕਰਦੀ ਹਾਂ ਕਿ ਇਸ ਵਕਤ ਸਭ ਕੁਝ ਜਲਦੀ ਜਲਦੀ ਸਮੇਟਣ ਦੀ ਲੋੜ ਹੈ। ਸਾਡੇ ਬੱਚੇ ਪੜ੍ਹਨ ਤੇ ਸਮਝਣ ਲਈ ਪੂਰੀ ਤਰ੍ਹਾਂ ਜੂਝ ਰਹੇ ਹੁੰਦੇ ਹਨ ਇਸ ਲਈ ਪੜ੍ਹਨ ਦੀ ਪ੍ਰਕਿਰਿਆ ਬਾਰੇ ਅਜਿਹੇ ਸਮੇਂ ਸਮਝਾਉਣਾ ਲਾਹੇਵੰਦ ਹੁੰਦਾ ਹੈ ਪਰ ਅਸੀਂ ਕਈ ਵਾਰ ਬਾਅਦ ਵਿਚ ਨਜ਼ਰ ਮਾਰਨ ਵੱਲ ਤਰਜੀਹ ਦਿੰਦੇ ਹਾਂ! ਇਸ ਵਾਰ ਸਾਡੀਆਂ ਕ੍ਰਿਸਮਿਸ ਦੀਆਂ ਛੁੱਟੀਆਂ ਜਨਵਰੀ ਦੇ ਦੂਜੇ ਹਫ਼ਤੇ ਤੱਕ ਚਲਣੀਆਂ ਹਨ, ਸਾਡੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਡਿਪਲੋਮਾ ਇਮਤਿਹਾਨਾਂ ਬਾਰੇ ਮੁੜ ਨਜ਼ਰ ਮਾਰਨ ਲਈ ਸਿਰਫ਼ ਦੋ ਦਿਨ ਹੀ ਬਚਦੇ ਹਨ। ਫੇਰ, ਇਸ ਦਾ ਕੀ ਮਤਲਬ ਹੋਇਆ? ਖੈਰ, ਸਾਡਾ ਕੋਰਸ 23 ਦਸੰਬਰ ਤੱਕ ਖ਼ਤਮ ਹੋ ਜਾਣਾ ਚਾਹੀਦਾ ਹੈ, ਜਦੋਂ ਅਸੀਂ ਛੁੱਟੀਆਂ ਮਾਣ ਰਹੇ ਹੁੰਦੇ ਹਾਂ। ਇਸ ਲਈ ਜੇਕਰ ਤੁਸੀਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਦੇ ਮਾਪੇ ਹੋ, ਤਾਂ ਤੁਹਾਡੇ ਕੋਲ ਹਾਲੇ ਬਹੁਤ ਸਮਾਂ ਹੈ ਤੇ ਜੋ ਕੁਝ ਵੀ ਕਰਨਾ ਹੈ, ਉਸ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ ਪਰ ਅਸੀਂ ਕ੍ਰਿਸਮਿਸ ਦੀਆਂ ਛੁੱਟੀਆਂ ਤੱਕ ਕਰੀਬ ਸੱਤ ਹਫ਼ਤੇ ਦੂਰ ਹੁੰਦੇ ਹਾਂ। ਕੰਮ ਪ੍ਰਤੀ ਨੈਤਕਿਤਾ ਪੈਦਾ ਕਰਨਾ ਸਫ਼ਲਤਾ ਦੀ ਕੁੰਜੀ ਹੈ ਅਤੇ ਸਾਡੇ ਵਿਦਿਆਰਥੀਆਂ ਦੇ ਭਵਿੱਖ ਲਈ ਲਾਜ਼ਮੀ ਹੈ। ਬਹੁਤ ਘੱਟ ਅਜਿਹੀਆਂ ਯੂਨੀਵਰਸਿਟੀਆਂ ਹਨ ਜਿਨ੍ਹਾਂ ਦਾ ਸਮਾਂ 9 ਤੋਂ 4 ਤੱਕ ਅਗਲੇ ਦਿਨ ਦੀ ਤਿਆਰੀ ਜਾਂ ਕੁਝ ਸੋਚਣ ਲਈ ਹੁੰਦਾ ਹੈ। ਅਸੀਂ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸਿਖਲਾਈ ਦੇ ਰਹੇ ਹਾਂ। ਅਸੀਂ ਉਨ੍ਹਾਂ ਨੂੰ ਤਕਨਾਲੋਜੀ ਵਿਚ ਨੌਕਰੀਆਂ ਲਈ ਸਿਖਲਾਈ ਦੇ ਰਹੇ ਹਾਂ ਜੋ ਹਾਲੇ ਹੋਂਦ ਵਿਚ ਵੀ ਨਹੀਂ ਹੁੰਦੀਆਂ। ਹਾਈ ਸਕੂਲ ਯੂਨੀਵਰਸਿਟੀ ਲਈ ਇਕ ਅਹਿਮ ਮੀਲ ਪੱਥਰ ਸਿੱਧ ਹੁੰਦਾ ਹੈ ਕਿ ਅਸੀਂ ਇਸ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਸਾਨੂੰ ਉਨ੍ਹਾਂ ਵਿਚ ਪੜ੍ਹਨ ਦੀਆਂ ਆਦਤਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ। ਸਾਡੇ ਦਸਵੀਂ ਤੇ ਗਿਆਰ੍ਹਵੀਂ ਦੇ ਵਿਦਿਆਰਥੀਆਂ ਲਈ ਕੋਰਸ ਜਨਵਰੀ ਦੇ ਅੱਧ ਵਿਚ ਖ਼ਤਮ ਹੁੰਦਾ ਹੈ। ਕੀ ਤੁਹਾਨੂੰ ਪਤਾ ਹੈ ਕਿ ਮੌਜੂਦਾ ਦਿਮਾਗੀ ਖੋਜਕਾਰਾਂ ਦੇ ਸੁਝਾਵਾਂ ਮੁਤਾਬਕ ਦਸਵੀਂ ਦੇ ਵਿਦਿਆਰਥੀਆਂ (15 ਸਾਲ ਦੀ ਉਮਰ ਦੇ) ਵਿਚ ਜਾਣਕਾਰੀਆਂ ਹਾਸਲ ਕਰਨ ਦੇ ਭਾਸ਼ਾਈ ਮੁਹਾਰਤ ਹਾਸਲ ਕਰਨ ਦੀ ਬਹੁਤ ਸਮਰੱਥਾ ਹੁੰਦੀ ਹੈ। ਇਸ ਦਾ ਮਤਲਬ ਹੈ, ਉਨ੍ਹਾਂ ਦੇ ਹਾਰਮੋਨਜ਼ ਤੇ ਬਦਲਦੇ ਮੂਡ ਦੇ ਬਾਵਜੂਦ, ਇਹ ਉਹ ਸਮਾਂ ਹੁੰਦਾ ਹੈ ਜਦੋਂ ਉਹ ਕੁਝ ਵੀ ਸਿੱਖਣ ਦੇ ਯੋਗ ਹੁੰਦੇ ਹਨ। ਹਾਂ, ਗਿਆਰ੍ਹਵੀਂ ਦੇ ਵਿਦਿਆਰਥੀ, ਮੈਂ ਸਮਝਦੀ ਹਾਂ ਕਿ ਉਹ ਸਭ ਤੋਂ ਬੇਹਤਰ ਹਨ। ਉਹ ਬਾਰ੍ਹਵੀਂ ਦੇ ਵਿਦਿਆਰਥੀਆਂ ਤੋਂ ਬਹੁਤ ਕੁਝ ਸਿਖਦੇ ਹਨ। ਇਹ ਯਾਦ ਰੱਖਣ ਦੀ ਲੋੜ ਹੈ ਕਿ ਦਸਵੀਂ ਦੇ ਵਿਦਿਆਰਥੀ ਧਿਆਨ ਦੇ ਪਾਤਰ ਹਨ।

ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ ਐਡਮਿੰਟਨ, ਅਲਬਰਟਾ
780 462 3322
Colleen_Mecullaugu@epsb.ca

### ਦੂਸਰਾ ਸਾਲਾਨਾ ਲੈਟੀਨੋ ਕਨੇਡੀਅਨ ਚੈਂਬਰ ਆਫ਼ ਕਾਮਰਸ ਸਮਾਗਮ

## ਐਟਲਸ ਇਮੂਨਾਈਜ਼ੇਸ਼ਨ ਅਤੇ ਮਰਿਆਲਾ ਰਿਬੈਲਟੋ ਨੂੰ ਮਿਲਿਆ ਸਰਵੋਤਮ ਪੁਰਸਕਾਰ



ਇਸ ਵਾਰ ਦੀ ਉਤਮ ਬਿਜ਼ਨਸ ਵਿਜੇਤਾ ਐਟਲਸ ਇਮੂਨਾਈਜ਼ੇਸ਼ਨ ਸਰਵਿਸਜ਼ ਦੀ ਪ੍ਰਧਾਨ ਮਰਿਆਲਾ ਰਿਬੈਲਟੋ ਸੰਬੋਧਨ ਕਰਦੇ ਹੋਏ।

ਐਡਮਿੰਟਨ: (ਨਦਬ): ਲੈਟੀਨੋ ਕਨੇਡੀਅਨ ਚੈਂਬਰ ਆਫ਼ ਕਾਮਰਸ ਦਾ ਦੂਸਰਾ ਸਾਲਾਨਾ ਐਵਾਰਡਜ਼ ਸਮਾਰੋਹ ਮੇਅਫੀਲਡ ਇੰਨ ਹੋਟਲ ਵਿੱਚ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਪਿਛਲੇ ਸਾਲ ਸ਼ੁਰੂ ਕੀਤੇ ਗਏ ਇਨ੍ਹਾਂ ਇਨਾਮਾਂ ਵਿੱਚ ਲੈਟੀਨੋ ਕਨੇਡੀਅਨ ਭਾਈਚਾਰੇ ਵਿੱਚੋਂ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੇ ਸਫਲ ਕਾਰੋਬਾਰ ਅਤੇ ਉਦਮੀ ਸ਼ਖਸੀਅਤ ਨੂੰ ਸਨਮਾਨ ਦਿੱਤਾ ਜਾਂਦਾ ਹੈ। ਇਸ ਵਾਰ ਦੇ ਇਹ ਦੋਵੇਂ ਸਨਮਾਨ ਐਟਲਸ ਇਮੂਨਾਈਜ਼ੇਸ਼ਨ ਸਰਵਿਸਜ਼ ਦੀ ਪ੍ਰਧਾਨ ਮਰਿਆਲਾ ਰਿਬੈਲਟੋ ਨੂੰ ਦਿੱਤਾ ਗਿਆ। ਇਸ ਮੌਕੇ ਤੇ ਸ਼ਹਿਰ ਦੇ ਮਸ਼ਹੂਰ ਕਲਾਕਾਰਾਂ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਐਡਮਿੰਟਨ ਦੇ ਮੇਅਰ ਸਟੀਫਨ ਮੈਂਡਲ ਅਤੇ ਕੌਂਸਲਰ ਅਮਰਜੀਤ ਸੋਹੀ ਨੇ ਸੰਬੋਧਤ ਕਰਦਿਆਂ ਸੰਸਥਾ ਦੇ ਉਦਮ ਦੀ ਸ਼ਲਾਘਾ ਕੀਤੀ। ਚੈਂਬਰ ਦੇ ਪ੍ਰਧਾਨ ਮੈਕਸ ਕੈਰਾਵੈਨਟਸ ਇਸ ਮੌਕੇ ਤੇ ਸ਼ਾਮਲ ਸਭ ਲੋਕਾਂ ਦਾ ਧੰਨਵਾਦ ਕੀਤਾ।

# ਕਨੇਡਾ ਦੇ ਕਿਸਾਨਾਂ ਵੱਲੋਂ ਹੱਕਾਂ ਲਈ ਸੰਘਰਸ਼ ਦਾ ਐਲਾਨ

### ਬੀ. ਸੀ. ਬਲਿਊ ਬੇਰੀ ਫਾਰਮਰਜ਼ ਵੱਲੋਂ ਐਬਟਸਫੋਰਡ 'ਚ ਵਿਸ਼ਾਲ ਇਕੱਠ



ਬੀ. ਸੀ. ਬਲਿਊ ਬੇਰੀ ਦੇ ਕਿਸਾਨਾਂ ਦਾ ਐਬਟਸਫੋਰਡ 'ਚ ਹੋਏ ਇਕੱਠ ਦਾ ਦ੍ਰਿਸ਼। ਤਸਵੀਰ : ਧਾਲੀਵਾਲ

ਐਬਟਸਫੋਰਡ, (ਪ੍ਰੋ: ਗੁਰਵਿੰਦਰ ਸਿੰਘ ਧਾਲੀਵਾਲ) : ਕੈਨੇਡਾ ਦੀ ਧਰਤੀ ਨੂੰ ਖੁਸ਼ਹਾਲ ਤੇ ਉਪਜਾਊ ਬਣਾ ਕੇ ਲੱਖਾਂ ਟਨ ਬਲਿਊ ਬੇਰੀ ਪੈਦਾ ਕਰਨ ਵਾਲੇ ਕਿਸਾਨ ਆਪਣੀਆਂ ਮੰਗਾਂ ਲਈ ਗਠਿਤ 'ਬੀ. ਸੀ. ਗਰੋਵਰਜ਼ ਐਸੋਸੀਏਸ਼ਨ' ਦੇ ਮੰਚ 'ਤੇ ਇਕੱਠੇ ਹੋਏ ਅਤੇ ਭਵਿੱਖ ਲਈ ਨੀਤੀਆਂ ਤੈਅ ਕਰਨ ਦਾ ਉਪਰਾਲਾ ਕੀਤਾ। ਸਥਾਨਕ ਐਬਟਸਫੋਰਡ ਬੈਂਕੁਇਟ ਹਾਲ 'ਚ ਹੋਏ ਭਰਵੇਂ ਇਕੱਠ 'ਚ ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਖਾਦਾਂ ਦੀਆਂ ਕੀਮਤਾਂ 'ਚ ਵਾਧੇ ਰੋਕਣ, ਵਿਆਜ ਦਰਾਂ ਘਟਾਉਣ, ਫਸਲਾਂ ਦੀਆਂ ਕੀਮਤਾਂ ਦੇ ਸਹੀ ਨਿਰਧਾਰਤ, ਫਸਲ ਬੀਮਾ ਨੀਤੀਆਂ 'ਚ ਸੁਧਾਰ ਅਤੇ ਬਲੂ ਬੇਰੀ ਦੇ ਕੌਮਾਂਤਰੀ ਵਪਾਰ ਸਬੰਧੀ ਢੁਕਵੇਂ ਕਦਮ ਚੁੱਕੇ ਜਾਣ। ਬੁਲਾਰਿਆਂ ਵਿਚ ਨੌਜਵਾਨ ਕਿਸਾਨ ਗੈਰੀ ਸੰਧਰ ਨੇ ਅੰਤਰਰਾਸ਼ਟਰੀ ਵਪਾਰ ਮੰਤਰੀ ਕੈਨੇਡਾ ਐਡ ਫਾਸਟ, ਖੇਤੀਬਾੜੀ ਮੰਤਰੀ ਬ੍ਰਿਟਿਸ਼ ਕੋਲੰਬੀਆ ਜਾਨ ਮਕਰੇਅ ਅਤੇ ਹੋਰਨਾਂ ਅਧਿਕਾਰੀਆਂ ਨਾਲ ਹੋਈ ਗੱਲਬਾਤ ਦੇ ਵੇਰਵੇ ਪੇਸ਼ ਕੀਤੇ। ਬਲੂ ਬੇਰੀ ਕਿਸਾਨ ਕੁਲਬੀਰ ਸਿੰਘ ਬਰਾੜ, ਗੁਰਸੇਵਕ ਸਿੰਘ ਘਾਲੀ, ਅਮਨਦੀਪ ਸਿੰਘ ਬੱਲ, ਜਰਨੈਲ ਸਿੰਘ ਹੀਰ, ਤਿਲਕ ਰਾਜ ਮੋਗਾ, ਮਨਮੋਹਣ ਸਿੰਘ ਹੀਰ ਅਤੇ ਸ਼ਮਿੰਦਰ ਸਿੰਘ ਮੱਲ੍ਹੀ ਨੇ ਗੱਲਬਾਤ ਕੀਤੀ। ਬੀ. ਸੀ. ਬਲਿਊ ਕੌਂਸਲ ਦੀ ਪ੍ਰਧਾਨ ਡੈਬੀ ਇਸਟੈਲ ਨੇ ਕਿਸਾਨਾਂ ਦੀ ਭਰਪੂਰ ਮੱਦਦ ਦਾ ਭਰੋਸਾ ਦਿਵਾਇਆ। ਸਿਵਿਕ ਚੋਣਾਂ 'ਚ ਉਮੀਦਵਾਰ ਜਤਿੰਦਰ ਸਿੰਘ ਜਤੀ ਸਿੱਧੂ, ਦਲਜੀਤ ਸਿੰਘ ਸਿੱਧੂ ਅਤੇ ਸਕੂਲ ਟਰੱਸਟੀ ਨੌਜਵਾਨ ਪ੍ਰੀਤ ਮਹਿੰਦਰ ਸਿੰਘ ਰਾਏ ਨੇ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਤੇ ਸਟੀਵ ਥਿੰਦ ਤੇ ਰਚਨਾ ਨੇ ਪਾਣੀ ਦੇ ਮੁੱਦੇ 'ਤੇ ਸਹਿਯੋਗ ਦੀ ਮੰਗ ਕੀਤੀ। ਸਟੇਜ ਦੀ ਕਾਰਵਾਈ ਦਵਿੰਦਰ ਸਿੰਘ ਬਰਾੜ ਨੇ ਸੁਚੱਜੇ ਰੂਪ 'ਚ ਨਿਭਾਈ।

Lovely


Sweets & Restaurant
Fine Indian Cusine & Dine in
Cell: 403.690.2102 ✽ Ph: 403.590.5159
1106, 4818 Westwinds Drive, NE Calgary, AB. T3J 3Z5

NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ



Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070



PASH DRIVING SCHOOL LTD.
"Learn to drive for LIFE... accident FREE with confidence"
Car Available For Road Test
Lady Instructor 7 Day A Week
Free Pick Up & Drop Off
» Government Approved Insurance Reduction Course.
» Defensive Driving Course.
» Refresher Courses.
» Preparation For Class 7.
» Road Test Preparation.
» Package & Hourly Rates
pashdrivingschool@ymail.com
Jas Badesha
780-908-2296
Shalu Badesha
780-660-3071









Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5














Harinder Hundal
M.Sc. Eco, M.B.A

Residential | Commercial | Investment Properties

**Home Life/United Realty Inc.** Brokerage

*Independently Owned & Operated.*

*Higher Standards Agents... Higher Results™*

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE R REALTOR

50 SunnyVale Gate, Unit # 7,
Brampton, ON L6S OC4

ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

**Aired on VISION TV**
1:00 pm to 1:30 pm
(Alberta Time / Every Saturday)

*Charanjit Brar*
*Producer & Host*
*Ph: 647 300 8436*
cbrar@rogers.com



# ਬਲੱਡ ਡੋਨਰਜ਼ ਕੌਂਸਲ ਐਡਮਿੰਟਨ ਵਲੋਂ 'ਫੰਡ ਰੇਜ਼ਿੰਗ ਡਿਨਰ' ਦਾ ਆਯੋਜਨ

ਐਡਮਿੰਟਨ (ਨਦਬ) : ਲੰਘੀ 21 ਅਕਤੂਬਰ ਨੂੰ ਬਲੱਡ ਡੋਨਰਜ਼ ਕੌਂਸਲ ਐਡਮਿੰਟਨ ਨੇ ਪ੍ਰਧਾਨ ਜੋਗਾ ਪੁਨੀਆ, ਸਕੱਤਰ ਕੈਲੀ ਢਡਵਾਲ, ਖਜ਼ਾਨਚੀ ਹਰਜਿੰਦਰ ਸਿੰਘ ਜੌਹਲ ਅਤੇ ਕਪਿਲ ਸ਼ਰਮਾ ਹੋਰ ਮੈਂਬਰਾਂ ਵਲੋਂ ਭਾਈਚਾਰੇ ਦੇ ਸਹਿਯੋਗ ਨਾਲ ਮਹਾਰਾਜਾ ਬੈਂਕੁਇਟ ਹਾਲ ਵਿਚ ਇਕ ਫੰਡ ਰੇਜ਼ਿੰਗ ਡਿਨਰ ਦਾ ਆਯੋਜਨ ਕੀਤਾ ਗਿਆ। ਇਸ ਉਦਮ ਦਾ ਮਕਸਦ ਦਸਦਿਆਂ ਜੋਗਾ ਪੁਨੀਆ ਨੇ ਕਿਹਾ ਕਿ ਬਲੱਡ ਡੋਨਰਜ਼ ਕੌਂਸਲ ਨਵਾਂ ਸ਼ਹਿਰ ਵਲੋਂ ਸੰਨ 1983 ਤੋਂ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) 'ਚ ਚਲਾਏ ਜਾ ਰਹੇ ਖੂਨ ਦਾਨ ਦੇ ਉਦਮ ਨੂੰ ਅੱਗੇ ਤੋਰਦਿਆਂ, ਇਸ ਸੰਸਥਾ ਦੀ ਸਹਿਯੋਗੀ ਹੋਣ ਨਾਤੇ ਅਸੀਂ ਖੂਨਦਾਨ ਭਵਨ ਦੀ ਉਸਾਰੀ ਲਈ ਆਪਣਾ ਯੋਗਦਾਨ ਪਾ ਰਹੇ ਹਾਂ। ਇਹ ਸਿਰਫ ਵਿੱਤੀ ਸਾਧਨ ਜੁਟਾਉਣ ਦਾ ਹੀ ਇਕ ਜ਼ਰੀਆ ਨਾ ਹੋ ਕੇ ਆਮ ਲੋਕਾਂ ਨੂੰ ਇਸ ਮਾਨਵੀ ਕਾਰਜ ਲਈ ਪ੍ਰੇਰਿਤ ਕਰਨ ਦਾ ਵੀ ਇਕ ਸਾਧਨ ਹੈ। ਖਾਸ ਕਰ ਕੇ ਸਾਡੀ ਨਵੀਂ ਪੀੜ੍ਹੀ ਨੂੰ ਇਸ ਕੰਮ ਵਿਚ ਵਧੇਰੇ ਅਗਰਸਰ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੰਦਿਆਂ ਪ੍ਰਬੰਧਕਾਂ ਨੇ ਕਿਹਾ ਕਿ ਖੂਨ ਦਾਨ ਨੂੰ ਇਕ ਲਹਿਰ ਦੇ ਰੂਪ 'ਚ ਵੇਖਣ ਦੀ ਲੋੜ ਹੈ। ਨੀਨਾ ਸ਼ਰਮਾ ਤੇ ਅਮਨ ਗਿੱਲ ਨੇ ਸਾਂਝੇ ਤੌਰ 'ਤੇ ਪ੍ਰੋਗਰਾਮ ਦੀ ਸਟੇਜ ਸੰਭਾਲੀ। ਮਲਿਕ ਢਡਵਾਲ ਵਲੋਂ ਗਾਏ ਗਾਣੇ ਦੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਗੁਰਿੰਦਰ ਤੂਰ ਪ੍ਰਧਾਨ ਬਲੱਡ ਡੋਨਰਜ਼ ਕੌਂਸਲ ਨਵਾਂ ਸ਼ਹਿਰ ਨੇ ਦਸਿਆ ਕਿ 1983 'ਚ ਇਕ ਛੋਟੀ ਜਿਹੀ ਪਹਿਲ ਕਦਮੀ ਨਾਲ ਸ਼ੁਰੂ ਕੀਤੇ ਇਸ ਉਦਮ ਨੂੰ ਪੰਜਾਬ ਦਾ ਪਹਿਲਾ ਗੈਰ ਸਰਕਾਰੀ ਖੂਨਦਾਨ ਭਵਨ ਹੋਣ ਦਾ ਮਾਣ ਹਾਸਲ ਹੈ। ਸੰਸਥਾ ਦੇ ਮੈਂਬਰਾਂ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਪੂਰੇ-ਪੂਰੇ ਪਰਿਵਾਰ ਹੀ ਖੂਨਦਾਨੀ ਹਨ। ਸੰਸਥਾ ਦੇ ਨਾਲ ਸਵੈ-ਇੱਛਾ ਨਾਲ ਜੁੜ ਰਹੇ ਨੌਜਵਾਨਾਂ ਨੇ ਇਸ ਕੰਮ ਪ੍ਰਤੀ ਪੂਰੀ ਲਗਨ ਤੇ ਇਮਾਨਦਾਰੀ ਵਿਖਾਉਂਦਿਆਂ ਜਨਮ ਦਿਨ, ਬਰਸੀਆਂ ਤੇ ਹੋਰ ਪਰਿਵਾਰਕ, ਸਭਿਆਚਾਰਕ ਸਮਾਗਮਾਂ 'ਤੇ ਖੂਨਦਾਨ ਦੀ ਪਿਰਤ ਨੂੰ ਅੱਗੇ ਵਧਾਇਆ।

ਇਥੇ ਇਹ ਵਰਨਣਯੋਗ ਹੈ ਕਿ ਬਲੱਡ ਡੋਨਰਜ਼ ਕੌਂਸਲ ਨਵਾਂ ਸ਼ਹਿਰ ਵਲੋਂ ਹੁਣ ਤਕ 700 ਕੈਂਪਾਂ ਦਾ ਆਯੋਜਨ ਕੀਤਾ ਜਾ ਚੁੱਕਾ ਹੈ। ਖੂਨ ਨਾ ਬਣਨ ਦੀ ਸ਼ਿਕਾਇਤ ਵਾਲੇ ਬੱਚਿਆਂ ਲਈ ਅਤੇ ਹਾਦਸਾ ਪੀੜਤਾਂ ਲਈ ਖੂਨ ਮੁਫਤ ਦਿਤਾ ਜਾਂਦਾ ਹੈ। ਇਸੇ ਭਵਨ ਤੋਂ ਡਾਕਟਰਾਂ ਤੇ ਤਕਨੀਕੀ ਸਹਿਯੋਗੀਆਂ ਦੀ ਨਿਗਰਾਨੀ ਹੇਠ ਬਲੱਡ ਗਰੁਪਿੰਗ,ਖੂਨ ਦੀ ਮਾਤਰਾ ਆਦਿ ਦੀਆਂ ਸੇਵਾਵਾਂ ਵੀ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਦਾਨ ਕੀਤਾ ਖੂਨ ਇਕ ਸੀਮਤ ਦੂਰੀ ਤਕ ਹੀ ਪਹੁੰਚਾਇਆ ਜਾ ਸਕਦਾ ਹੈ, ਇਸ ਲਈ ਵਧੇਰੇ ਖੂਨਦਾਨ ਕੇਂਦਰਾਂ ਦੀ ਜ਼ਰੂਰਤ ਹੈ। ਗੁਰਿੰਦਰ ਤੂਰ, ਸ਼੍ਰੀਮਤੀ ਸੁਰਿੰਦਰ ਤੂਰ ਅਤੇ ਤੂਰ ਪਰਿਵਾਰ ਨੂੰ ਪ੍ਰਬੰਧਕਾਂ ਵਲੋਂ ਕੇਂਦਰੀ ਮੰਤਰੀ ਟਿਮ ਉਪਲ ਅਤੇ ਐਮ.ਐਲ.ਏ. ਪੀਟਰ ਸੰਧੂ ਵਲੋਂ ਪਾਈਨੀਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਮੰਤਰੀ ਟਿਮ ਉਪਲ ਨੇ ਆਪਣੇ ਭਾਸ਼ਣ 'ਚ ਪੰਜਾਬੀਆਂ ਦੇ ਮਿਹਨਤੀ ਹੋਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੂਨਦਾਨ ਵਰਗੇ ਜਾਨਾਂ ਬਚਾਉਣ ਵਾਲੇ ਕੰਮ ਨੂੰ ਵੀ ਪੂਰਾ ਸਹਿਯੋਗ ਦਿਤਾ ਜਾਣਾ ਚਾਹੀਦਾ ਹੈ। ਐਮ.ਐਲ.ਏ. ਪੀਟਰ ਸੰਧੂ ਨੇ ਪ੍ਰਬੰਧਕਾਂ ਦੀ ਪ੍ਰਸ਼ੰਸ਼ਾ ਕਰਦਿਆਂ ਵਿੱਤੀ ਸਹਾਇਤਾ ਦਿਤੀ। ਐਡਮਿੰਟਨ ਐਲਰਸਲੀ ਤੋਂ ਐਮ.ਐਲ.ਏ. ਅਤੇ ਅਲਬਰਟਾ ਸਰਕਾਰ ਦੇ ਪਾਰਲੀਮਾਨੀ ਸਕੱਤਰ ਨਰੇਸ਼ ਭਾਰਦਵਾਜ ਵੀ ਹਾਜ਼ਰ ਸਨ। ਬਲਡ ਡੋਨਰਜ਼ ਕੌਂਸਲ ਐਡਮਿੰਟਨ ਵਲੋਂ ਖੂਨਦਾਨੀ ਅਰਨਮਾ, ਬਿੱਲੀ ਵਿਰਕ (ਕੈਲਗਰੀ), ਤਾਰਕ ਚੌਧਰੀ, ਕਨੇਡੀਅਨ ਬਲੱਡ ਡੋਨਰਜ਼ ਕੌਂਸਲ ਦੇ ਡੇਵ ਡੰਕਨ ਤੇ ਅਮਰਜੀਤ ਸੋਹੀ ਨੂੰ ਸਨਮਾਨਤ ਕੀਤਾ ਗਿਆ। ਪ੍ਰਬੰਧਕਾਂ ਤੇ ਹਾਜ਼ਰੀਨ ਵਲੋਂ ਜੀਵਨ ਮੈਂਬਰਸ਼ਿਪ ਦੇ ਰੂਪ ਵਿਚ ਵਿੱਤੀ ਸਹਾਇਤਾ ਦੇਣ ਦੇ ਨਾਲ ਨਾਲ ਹੋਰ ਮਦਦ ਦੇਣ ਦੇ ਇਕਰਾਰ ਵੀ ਕੀਤੇ ਗਏ।

ਮਹਾਰਾਜਾ ਬੈਂਕੁਇਟ ਹਾਲ ਦੇ ਤਾਰਕ ਚੌਧਰੀ ਅਤੇ ਮੁਬਾਰਿਕ ਚੌਧਰੀ ਵਲੋਂ ਇਸ ਮੌਕੇ ਭੋਜਨ, ਹਾਲ ਆਦਿ ਦੀਆਂ ਸੇਵਾਵਾਂ ਮੁਫਤ 'ਚ ਮੁਹੱਈਆ ਕਰਵਾਈਆਂ ਗਈਆਂ। ਇਕਬਾਲ ਅਟਵਾਲ, ਸਵੇਗ ਬਰਾੜ, ਬਲਰਾਜ ਮਿਨਹਾਸ, ਹਰਚੰਦ ਗਰੇਵਾਲ, ਜਸਕਰਨ ਭੱਟੀ, ਮਹਿੰਦਰ ਬੰਗਾ ਤੇ ਹੋਰ ਭਾਈਚਾਰਾ ਪਰਿਵਾਰ ਸਮੇਤ ਹਾਜ਼ਰ ਸੀ।



ਕਨੇਡਾ ਸਰਕਾਰ ਦੇ ਮੰਤਰੀ ਟਿਮ ਉਪਲ, ਐਮ.ਐਲ.ਏ. ਪੀਟਰ ਸੰਧੂ, ਕੌਂਸਲਰ ਅਮਰਜੀਤ ਸੋਹੀ ਪ੍ਰਬੰਧਕਾਂ ਜੋਗਾ ਪੁਨੀਆ, ਕੈਲੀ ਢਡਵਾਲ, ਹਰਜਿੰਦਰ ਜੌਹਲ, ਕਪਿਲ ਸ਼ਰਮਾ, ਮਹਿੰਦਰ ਬੰਗਾ ਸਨਮਾਨਤ ਸ਼ਖ਼ਸੀਅਤਾਂ ਦੇ ਨਾਲ।

# ਵਤਨ ਟੀ.ਵੀ. ਨੇ ਪੂਰਾ ਕੀਤਾ 100 ਹਫ਼ਤਿਆਂ ਦਾ ਸ਼ਾਨਮੱਤਾ ਸਫਰ



ਵਤਨ ਟੀ.ਵੀ. ਵਲੋਂ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਲਾਟ ਭਿੰਡਰ। ਤਸਵੀਰ ਕਮਲ ਲਾਇਲ

ਐਡਮਿੰਟਨ, (ਨਦਬ) : ਪਿਛਲੇ ਦਿਨੀ ਕਨੇਡਾ ਦੇ ਸ਼ਹਿਰ ਐਡਮਿੰਟਨ ਤੋਂ ਚਲਦੇ ਹਫਤਾਵਰੀ ਪ੍ਰੋਗਰਾਮ 'ਵਤਨ ਟੀ.ਵੀ.' ਨੇ ਆਪਣਾ 100 ਹਫ਼ਤਿਆਂ ਦਾ ਸ਼ਾਨਮੱਤਾ ਸਫਰ ਪੂਰਾ ਕਰਦਿਆਂ ਟੀ.ਵੀ. ਪ੍ਰੋਗਰਾਮਾਂ ਵਿਚ ਮੀਲ ਪੱਥਰ ਸਥਾਪਤ ਕੀਤਾ ਹੈ। ਵਤਨ ਟੀ.ਵੀ. ਦੇ ਹੋਸਟ ਹਰਜੀਤ ਸਿੰਘ ਸੰਧੂ ਨੇ ਦੱਸਿਆ ਕਿ ਇਹ ਪ੍ਰੋਗਰਾਮ ਅਲਬਰਟਾ ਦੇ ਸਮੇਂ ਮੁਤਾਬਕ ਹਰ ਐਤਵਾਰ ਸ਼ਾਮ ਨੂੰ ਏ.ਟੀ.ਐਨ.-ਅਲਫ਼ਾ ਪੰਜਾਬੀ 7.30 ਤੋਂ 8 ਵਜੇ ਤਕ ਦੇਖਿਆ ਜਾ ਸਕਦਾ ਹੈ। ਵਤਨ ਟੀ.ਵੀ. ਨੂੰ ਬੈਲ ਰਾਹੀਂ ਚੈਨਲ ਨੰਬਰ 704, ਟੈਲਸ ਰਾਹੀਂ 521 ਅਤੇ ਸ਼ਾਹ ਰਾਹੀਂ ਚੈਨਲ ਨੰਬਰ 189 'ਤੇ ਵੇਖਿਆ ਜਾ ਸਕਦਾ ਹੈ। ਇਸ ਪ੍ਰੋਗਰਾਮ 'ਚ ਸਥਾਨਕ ਗਤੀਵਿਧੀਆਂ ਦੇ ਨਾਲ ਨਾਲ ਸਮਾਜਕ, ਸਭਿਆਚਾਰਕ ਤੇ ਧਾਰਮਕ ਵਿਸ਼ਿਆਂ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਜਾਂਦਾ ਹੈ। ਵਤਨ ਟੀ.ਵੀ. ਦੀ ਪੂਰੀ ਟੀਮ ਮਿਹਨਤ ਅਤੇ ਲਗਨ ਨਾਲ ਕੰਮ ਕਰਦੀ ਹੈ ਤਾਂ ਜੋ ਕਨੇਡਾ ਵਾਸੀਆਂ ਲਈ ਉਚ ਮਿਆਰ ਦਾ ਪ੍ਰੋਗਰਾਮ ਪੇਸ਼ ਕੀਤਾ ਜਾ ਸਕੇ। ਇਸ ਟੀ.ਵੀ. ਦੇ ਹੋਸਟ ਹਰਜੀਤ ਸੰਧੂ ਨੇ ਦਸਿਆ ਕਿ ਉਹ ਆਪਣੇ ਸਾਥੀ ਅਸ਼ੋਕ ਗਗਵਾਨੀ ਤੇ ਹੋਰਨਾਂ ਦੀ ਮਦਦ ਨਾਲ ਹਰ ਸਮੇਂ ਇਹ ਯਤਨ ਕਰਦੇ ਹਨ ਕਿ ਪ੍ਰੋਗਰਾਮ ਦੇ ਮਿਆਰ ਨਾਲ ਕਿਸੇ ਕਿਸਮ ਦਾ ਸਮਝੌਤਾ ਨਾ ਕੀਤਾ ਜਾਵੇ। ਵਤਨ ਟੀ.ਵੀ. ਵਿਚ ਆਪਣੇ ਕਾਰੋਬਾਰ ਨੂੰ ਹੋਰ ਵਧਾਉਣ ਜਾਂ ਕਿਸੇ ਵੀ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਪ੍ਰਸਾਰਤ ਕਰਵਾਉਣ ਲਈ ਹਰਜੀਤ ਸੰਧੂ ਨਾਲ 780-233-3100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਸਟਰ ਬਚਿੱਤਰ ਸਿੰਘ ਨੂੰ ਯਾਦ ਕਰਦਿਆਂ

ਨਕਸਲਬਾੜੀ ਲਹਿਰ ਦੇ ਉੱਘੇ ਆਗੂ ਅਤੇ ਇਨਕਲਾਬੀ ਹਲਕਿਆਂ ਵਿੱਚ ਬਹੁਤ ਹੀ ਸਤਿਕਾਰ ਨਾਲ ਜਾਣੇ ਜਾਂਦੇ ਮਾਸਟਰ ਬਚਿੱਤਰ ਸਿੰਘ ਜੀ ਦਾ ਪਿਛਲੇ ਦਿਨੀਂ 95 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਪਿਛਲੇ ਲੰਮੇ ਸਮੇਂ ਤੋਂ ਪਰਿਵਾਰ ਸਮੇਤ ਆਪਣੇ ਪੁਤਰ ਨਾਲ ਸਰ੍ਹੀ, ਬੀ ਸੀ ਵਿੱਚ ਰਹਿ ਰਹੇ ਮਾਸਟਰ ਜੀ ਦਾ ਸਮੁੱਚਾ ਜੀਵਨ ਬਹੁਤ ਹੀ ਸੰਘਰਸ਼ੀਲ ਅਤੇ ਪ੍ਰੇਰਨਾਦਾਇਕ ਰਿਹਾ। ਉਨ੍ਹਾਂ ਦਾ ਜਨਮ ਬੇਜ਼ਮੀਨੇ ਕਿਸਾਨ ਪਰਿਵਾਰ ਵਿੱਚ ਹੋਇਆ ਅਤੇ ਉਹਨਾਂ ਦੀ ਸਿੱਖਿਆ ਘਰ ਦੀਆਂ ਬਹੁਤ ਹੀ ਕਠਿਨ ਆਰਥਿਕ ਹਾਲਤਾਂ ਦੌਰਾਨ ਹੋਈ। ਦਸਵੀਂ ਉਨ੍ਹਾਂ ਵਜ਼ੀਫਾ ਲੈ ਕੇ ਬੋਰਡਿੰਗ ਹਾਊਸ ਵਿੱਚ ਕੀਤੀ ਅਤੇ ਉੱਚ ਵਿਦਿਆ ਰਣਧੀਰ ਕਾਲਜ ਕਪੂਰਥਲਾ ਅਤੇ ਐਸ ਡੀ ਕਾਲਜ ਲਾਹੌਰ ਤੋਂ ਪ੍ਰਾਪਤ ਕੀਤੀ। ਕਾਲਜ ਦੇ ਦਿਨਾਂ ਲੱਗੀ ਇਨਕਲਾਬੀ ਵਿਚਾਰਾਂ ਦੀ ਜਾਗ ਨੇ ਉਨ੍ਹਾਂ ਨੂੰ ਮਨੁੱਖ ਹੱਥੋਂ ਮਨੁੱਖ ਦੀ ਲੁਟ ਰਹਿਤ, ਸਭ ਲਈ ਬਰਾਬਰਤਾ ਅਤੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਵਾਲੀ ਮਾਰਕਸੀ ਵਿਚਾਰਧਾਰਾ ਵੱਲ ਖਿੱਚ ਲਿਆਂਦਾ। ਫਿਰ ਉਹ ਆਪਣੇ ਪੂਰੇ ਤਾਣ ਨਾਲ ਸਮਾਜਿਕ ਤਬਦੀਲੀ ਲਈ ਚੱਲਦੀਆਂ ਅਗਾਂਹਵਧੂ ਲਹਿਰਾਂ ਵਿਚ ਸਰਗਰਮ ਹੋ ਗਏ। ਇਸ ਦੌਰਾਨ ਉਹਨਾਂ ਨੂੰ ਪੰਜਾਬ ਪੁਲਸ ਵਿਚ ਬਤੌਰ ਏ ਐੱਸ ਆਈ ਦੀ ਪੇਸ਼ਕਸ਼ ਹੋਈ ਪਰ ਉਹਨਾਂ ਦੇ ਇਨਕਲਾਬੀ ਦਿਲੋ-ਦਿਮਾਗ ਨੇ ਇਸਨੂੰ ਪ੍ਰਵਾਨ ਨਾ ਕੀਤਾ, ਕਿਉਂਕਿ ਉਨਾਂ ਦੀ ਸਾਫ਼ ਸਮਝ ਸੀ ਕਿ ਪੁਲਿਸ ਅਤੇ ਸੁਰਖਿਆ ਬਲਾਂ ਨੂੰ ਨਿਜ਼ਾਮ ਸਦਾ ਹੀ ਆਪਣੇ ਸੁਰਖਿਆ ਕਵਚ ਵਜੋਂ ਵਰਤਦਾ ਹੈ ਤੇ ਇਹਨਾਂ ਦੀ ਵਰਤੋਂ ਵੀ ਆਮ ਤੌਰ 'ਤੇ ਜੂਝਦੇ ਲੋਕਾਂ ਵਿਰੁੱਧ ਹੀ ਹੁੰਦੀ ਹੈ। ਉਪਰੰਤ ਨਕਸਲਬਾੜੀ ਲਹਿਰ ਦੇ ਉਭਾਰ ਦੌਰਾਨ ਉਹ ਬਹੁਤ ਹੀ ਸਰਗਰਮੀ ਨਾਲ ਇਸ ਵਿੱਚ ਕੁਦ ਪਏ। ਉਨ੍ਹਾਂ ਨੂੰ ਰੂਪੋਸ਼ ਹੋਣਾ ਪਿਆ ਅਤੇ ਫਿਰ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ ਗਏ ਅਤੇ ਆਪਣੀ ਹੈਡਮਾਸਟਰ ਦੀ ਨੌਕਰੀ ਵੀ ਛੱਡਣੀ ਪਈ। ਪੁਲਿਸ ਤਸ਼ੱਦਦ ਦਾ ਮੁਕਾਬਲਾ ਬਹੁਤ ਹੀ ਸਿਦਕ-ਦਿਲੀ ਅਤੇ ਦਲੇਰੀ ਨਾਲ ਕਰਨ ਅਤੇ ਸਮਾਜਿਕ ਸੰਘਰਸ਼ਾਂ ਵਿੱਚ ਬੇਖੌਫ਼ ਲੋਕਾਂ ਨਾਲ ਖੜੋਣ ਕਾਰਨ ਮਾਸਟਰ ਜੀ ਇਲਾਕੇ ਅੰਦਰ ਇੱਕ ਬਹੁਤ ਹੀ ਸਤਿਕਾਰਯੋਗ ਅਤੇ ਭਰੋਸੇਮੰਦ ਸ਼ਖਸ਼ੀਅਤ ਵਜੋਂ ਉਭਰੇ। ਉਹ ਸੀ ਪੀ ਆਈ (ਐਮ ਐਲ) ਜ਼ਿਲਾ ਹੁਸ਼ਿਆਰਪੁਰ ਦੇ ਸਕੱਤਰ ਰਹੇ।



ਮਾਸਟਰ ਜੀ ਨੇ ਜ਼ਿੰਦਗੀ ਦੇ ਅੰਤਮ ਸਾਲਾਂ ਦੌਰਾਨ ਆਪਣੀਆਂ ਸੰਘਰਸ਼ੀਲ ਯਾਦਾਂ 'ਤੇ ਆਧਾਰਿਤ ਨਾਵਲ ਰੂਪੀ ਜੀਵਨੀ "ਸੂਰਜ ਚੜ੍ਹਣ ਤੋਂ ਪਹਿਲਾਂ" ਨੂੰ ਸਮੁੱਚੀ ਇਨਕਲਾਬੀ ਲਹਿਰ ਨੂੰ ਸਮਰਪਿਤ ਕਰਕੇ ਇਨਕਲਾਬੀ ਸਾਹਿਤ 'ਚ ਇੱਕ ਮਹੱਤਵਪੂਰਣ ਯੋਗਦਾਨ ਪਾਇਆ। ਸਧਾਰਣ ਪ੍ਰੀਵਾਰ 'ਚ ਜਨਮੇ ਮਾਸਟਰ ਬਚਿੱਤਰ ਸਿੰਘ ਜੀ ਦਾ ਸਮੁੱਚਾ ਜੀਵਨ-ਸ਼ੰਘਰਸ਼ ਬਹੁਤ ਹੀ ਪ੍ਰੇਰਨਾ ਮਈ ਹੈ। ਅਦਾਰਾ 'ਨਵੀਂ ਦੁਨੀਆ' ਉਨ੍ਹਾਂ ਦੇ ਵਿਛੋੜੇ ਤੇ ਸ਼ਰਧਾਜ਼ਲੀ ਭੇਟ ਕਰਦਾ ਹੈ।

# ਏਅਰ ਕਨੇਡਾ ਫਲਾਈਟ ਅਟੈਂਡੈਂਟ ਵਿਵਾਦ ਛੇਤੀ ਹੱਲ ਹੋਣ ਦੀ ਸੰਭਾਵਨਾ

ਔਟਵਾ, (ਨਦਬ) : ਏਅਰ ਕੈਨੇਡਾ ਅਤੇ ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇੰਪਲਾਈਜ਼ ਇਸ ਗੱਲ 'ਤੇ ਸਹਿਮਤ ਹੋ ਗਏ ਹਨ ਕਿ ਵਿਵਾਦ ਦਾ ਹੱਲ ਕੈਨੇਡੀਅਨ ਉਦਯੋਗਿਕ ਸਬੰਧ ਬੋਰਡ ਐਕਟ ਦੇ ਅਧਾਰ 'ਤੇ ਕੱਢਿਆ ਜਾਵੇ। 6800 ਫਲਾਈਟ ਅਟੈਂਡੈਂਟਸ ਦੀ ਅਗਵਾਈ ਕਰਦੀ ਯੂਨੀਅਨ ਅਤੇ ਏਅਰ ਲਾਈਨ ਕੋਲ ਬੋਰਡ ਰਾਹੀਂ ਸਮਝੌਤੇ 'ਤੇ ਪੁੱਜਣ ਲਈ ਦੋ ਹਫ਼ਤੇ ਹਨ। ਇਸ ਸਮੇਂ ਦੌਰਾਨ ਕੋਈ ਵੀ ਧਿਰ ਕੋਈ ਕਾਰਵਾਈ ਨਹੀਂ ਕਰ ਸਕੇਗੀ। ਏਅਰ ਕੈਨੇਡਾ ਵਲੋਂ ਜਾਰੀ ਬਿਆਨ ਮੁਤਾਬਕ ਦੋਹਾਂ ਧਿਰਾਂ ਨੂੰ 7 ਨਵੰਬਰ ਤਕ ਕਿਸੇ ਨਾ ਕਿਸੇ ਸਮਝੌਤੇ 'ਤੇ ਪਹੁੰਚਣਾ ਹੋਵੇਗਾ। ਏਅਰ ਕੈਨੇਡਾ ਦੇ ਕਾਰਜਕਾਰੀ ਵਾਈਸ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਡੰਕਨਡੀ ਨੇ ਕਿਹਾ ਕਿ , "ਸਾਨੂੰ ਉਹ ਪ੍ਰਕਿਰਿਆ ਅਪਣਾ ਕੇ ਖ਼ੁਸ਼ੀ ਹੋਵੇਗੀ ਜੋ ਸੇਵਾਵਾਂ ਵਿਚ ਅੜਚਨਾਂ ਤੋਂ ਬਗੈਰ ਹੋਵੇ ਅਤੇ ਸਾਡੇ ਗਾਹਕਾਂ ਲਈ ਕੋਈ ਪ੍ਰੇਸ਼ਾਨੀ ਪੈਦਾ ਨਾ ਕਰੇ।" ਦਸਣਯੋਗ ਹੈ ਕਿ ਫਲਾਈਟਸ ਅਟੈਂਡੈਂਟਸ ਵਲੋਂ ਅਪਣੀਆਂ ਤਨਖ਼ਾਹਾਂ ਅਤੇ ਭਤਿਆਂ ਤੋਂ ਇਲਾਵਾ ਕੰਮ ਕਰਨ ਦੇ ਹਾਲਾਤ ਪ੍ਰਤੀ ਨਾਖ਼ੁਸ਼ੀ ਪ੍ਰਗਟਾਉਂਦਿਆਂ ਪਿਛਲੇ ਦਿਨੀਂ ਹੜਤਾਲ ਦਾ ਸੱਦਾ ਦਿਤਾ ਗਿਆ ਸੀ।



# ADVANCE DRIVING SCHOOL & LIMOS

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

**780-660-4090**

# 202-3456 91 St. Edmonton, AB




## Home Renovations

A1

**Our Services**

- Basement Development
- General Carpentry
- Electrical & Plumbing
- Drywall - Mud & Tape, Texturing
- Kitchen & Bathroom Remodeling
- Flooring - Hardwood, Laminate, Tile, Carpet
- Painting - Interior, Exterior

**We specialize in commercial and residential renovations.**

Over 15 years in the industry, customer satisfaction is our #1 goal. We are licensed, insured, BBB members with WCB coverage.

Call us today for a free estimate!
780.484.8885

*We'd Like...*
*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*
*Toll Free: 1-866-996-9776*
*sales@progressivewarranty.com*
*www.progressivewarranty.com*

CARB
CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

## ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਕਿਸ ਲਿਪੀ ਵਿਚ ਲਿਖੀ ਜਾਂਦੀ ਹੈ?
2 ਮਹਾਨ ਕੋਸ਼ ਕਿਸ ਵਿਦਵਾਨ ਦੀ ਕਿਰਤ ਹੈ?
3 ਪਹਿਲੀ ਵਾਰ ਪੰਜਾਬ ਰਾਜ ਭਾਸ਼ਾ ਐਕਟ ਪੰਜਾਬ ਦੇ ਕਿਸ ਮੁੱਖ ਮੰਤਰੀ ਦੇ ਰਾਜਕਾਲ ਦੌਰਾਨ ਬਣਿਆ?
4 ਪੰਜਾਬੀ ਦੀ ਸਭ ਤੋਂ ਵਧੇਰੇ ਪੜ੍ਹੀ ਜਾਣ ਵਾਲੀ ਵਾਰਤਕ ਪੁਸਤਕ 'ਮੇਰਾ ਪਿੰਡ' ਦਾ ਲੇਖਕ ਕੌਣ ਹੈ?
5 ਪੰਜਾਬੀ ਦਾ ਉਹ ਕਿਹੜਾ ਸ਼ਾਇਰ ਹੋਇਆ ਹੈ ਜਿਸ ਨੂੰ ਸਭ ਤੋਂ ਛੋਟੀ ਉਮਰ ਵਿਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ?

ਸਾਡਾ ਪਤਾ-

**Nawi Dunia**
**2nd Floor 3448 - 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
**e-mail: info@nawidunia.com**

## ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ______________________
ਪਤਾ ______________________
ਫੋਨ ਨੰਬਰ __________
ਸਕੂਲ ਦਾ ਨਾਮ ______________
ਗ੍ਰੇਡ ______________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ ____________

ਮਿਤੀ______

ਜੇਤੂਆਂ ਦੇ ਨਾਮ : ਸੰਦੀਪ ਸਿੰਘ, ਰਵਨੀਤ ਕੌਰ ਅਤੇ ਹਰਨੂਰ

# Matrimonial

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

### ਕੰਨਿਆ ਦੀ ਲੋੜ

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-------

Gursikh 39 yrs 5"4 looking for life partner. Tourist, Work, student visa can also be considered. For more information please contact at marriageproposal@inbox.com

### ਵਰ ਦੀ ਲੋੜ

ਕਨੇਡੀਅਨ ਇਮੀਗ੍ਰਾਂਟ ਸੁਨਿਆਰ ਲੜਕੀ 5'/5" , 29 ਸਾਲ ਲਈ ਯੋਗ ਵਰ ਦੀ ਲੋੜ ਹੈ, ਪਰ ਉਹੀ ਸੰਪਰਕ ਕਰਨ ਜੋ ਭਾਰਤ ਰਹਿੰਦੇ 35 ਸਾਲਾ ਭਰਾ ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਚਾਹਵਾਨ 780-200-5013 'ਤੇ ਸੰਪਰਕ ਕਰ ਸਕਦੇ ਹਨ।

------

ਦਰਜੀ ਸਿੱਖ, ਉਮਰ 38 ਸਾਲ, ਕੱਦ 5 ਫੁੱਟ 4 ਇੰਚ, ਕੈਨੇਡਾ ਦੀ ਸਿਟੀਜਨ ਤਲਾਕਸੁਦਾ ਲੜਕੀ ਲਈ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫ਼ੋਨ ਕਰੋ : 403 984 2868

# Classified Plus

## Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

## HOUSE FOR RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

## 2 Story House For Sale By Owner In Leduc

Sold

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

****

## Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/ month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.

## ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।



ਸਿਟੀ ਅਸਟੇਟਸ

**City Estates**

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**




# ਪਾਕਿਸਤਾਨੀ ਫ਼ਿਲਮ ਬੋਲ

ਕਮਲ ਦੁਸਾਂਝ

## ਸ਼ੁਕਰ ਹੈ ਕਿ ਮੈਂ ਔਰਤ ਨਹੀਂ

ਮਨਸੂਰ



"ਅਕਸਰ ਸੋਚਦਾ ਹਾਂ ਕਿ ਹੁਣ ਤੱਕ ਮੈਂ ਜੋ ਕੁਝ ਵੀ ਹਾਸਲ ਕੀਤਾ, ਉਨਾਂ ਲਈ ਮੈਨੂੰ ਉਸ ਖ਼ੁਦਾ ਅੱਗੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਮੇਰੀ ਹਾਸਲੀਅਤ ਚੀਜ਼ਾਂ ਦੀ ਸੂਚੀ ਕਾਫੀ ਲੰਮੀ ਹੈ ਪਰ ਇੱਕ ਇੱਕ ਚੀਜ਼ 'ਤੇ ਆ ਕੇ ਮੇਰੀ ਸੋਚ ਅਟਕ ਜਾਂਦੀ ਹੈ। ਸ਼ੁਕਰ ਹੈ ਕਿ ਮੈਂ 'ਮਰਦ' ਹਾਂ। ਇਹ ਖ਼ਿਆਲ ਮੈਨੂੰ ਅਕਸਰ ਤੜਪਾਉਂਦਾ ਹੈ ਕਿ ਜੇ ਮੈਂ ਔਰਤ ਹੁੰਦਾ,ਉਹ ਵੀ ਪਾਕਿਸਤਾਨ ਵਰਗੇ ਮੁਲਕ ਵਿੱਚ ਜਿੱਥੇ ਰੂੜ੍ਹੀਵਾਦ ਦੀਆਂ ਡੂੰਘੀਆਂ ਜੜਾਂ ਹਨ। ਇਹ ਬਦਕਿਸਮਤੀ ਹੀ ਹੈ ਕਿ ਅਸੀ ਵੱਡੇ ਵੱਡੇ ਦਾਅਵੇ ਕਰਦੇ ਹਾਂ ਤੇ ਮਾਣ ਨਾਲ ਛਾਤੀ ਠੋਕ ਕੇ ਆਖਦੇ ਹਾਂ, ਸਾਡੇ ਧਰਮ ਵਿੱਚ ਔਰਤਾਂ ਨੂੰ ਵੱਧ ਅਧਿਕਾਰ ਮਿਲੇ ਹੋਏ ਹਨ ਪਰ ਜਦ ਮੈਂ ਚਾਰ ਚੁਫ਼ੇਰੇ ਨਜ਼ਰ ਦੌੜਾਉਂਦਾ ਹਾਂ ਤਾਂ ਤਸਵੀਰ ਉਲਟੀ ਨਜ਼ਰ ਆਉਂਦੀ ਹੈ। ਬਦਕਿਸਮਤੀ ਨਾਲ ਸਾਡੀਆਂ ਧਰਮ ਪ੍ਰਤੀ ਧਾਰਨਾਵਾਂ ਖੋਖਲੀਆਂ ਲਗਦੀਆਂ ਹਨ ਕਿਉਂ ਕਿ ਇਹ ਔਰਤ ਤੋਂ ਸ਼ੁਰੂ ਹੋ ਕੇ ਔਰਤ 'ਤੇ ਹੀ ਖ਼ਤਮ ਹੋ ਜਾਂਦਾ ਹੈ। ਇੱਥੇ ਪੰਜ ਫੀਸਦੀ ਉੱਚ ਘਰਾਣਿਆਂ ਦੀਆਂ ਤਰੀਮਤਾਂ ਨੂੰ ਛੱਡਕੇ ਬਾਕੀ ਧਰਮ ਯੁੱਧ ਦੇ ਅਖਾੜੇ ਵਿੱਚ ਖੜ੍ਹੀਆਂ ਦਿਖਾਈ ਦਿੰਦੀਆਂ ਹਨ।" ਇਹ ਅਲਫ਼ਾਜ਼ ਹਨ ਮਸ਼ਹੂਰ ਪਾਕਿਸਤਾਨੀ ਨਿਰੇਦਸ਼ਕ 'ਸ਼ੋਇਬ ਮਨਸੂਰ' ਦੇ, ਜਿਨ੍ਹਾਂ ਦੀ ਹਾਲ ਹੀ 'ਚ ਆਈ ਫ਼ਿਲਮ 'ਬੋਲ' ਅੱਜ ਕਲ ਚਰਚਾ 'ਚ ਹੈ। ਇਸ ਨੇ ਹਾਲੀਵੁੱਡ ਤੇ ਬਾਲੀਵੁੱਡ ਨੂੰ ਪਛਾੜ ਕੇ ਬਾਕਸ ਆਫ਼ਿਸ 'ਚ ਆਪਣੀ ਥਾਂ ਬਣਾਈ ਹੈ। ਇਸ ਤੋਂ ਪਹਿਲਾਂ ਸ਼ਾਹਰੁਖ਼ ਖ਼ਾਨ ਦੀ 'ਮਾਈ ਨੇਮ ਇਜ਼ ਖ਼ਾਨ' ਬਾਕਸ ਆਫ਼ਿਸ 'ਤੇ ਛਾਈ ਹੋਈ ਸੀ। 'ਬੋਲ' ਹਾਲੇ ਪੰਜਾਬ ਤੇ ਸਿੰਧ ਸੂਬੇ ਦੇ ਚੋਣਵੇਂ ਸਿਨੇਮਾ ਘਰਾਂ ਵਿੱਚ ਹੀ ਰੀਲੀਜ਼ ਹੋਈ ਹੈ। 'ਖ਼ੁਦਾ ਕੇ ਲੀਏ' ਵਰਗੀ ਫ਼ਿਲਮ ਦਾ ਨਿਰਦੇਸ਼ਨ ਕਰ ਚੁੱਕੇ ਜਨਾਬ ਮਨਸੂਰ ਸ਼ੋਇਬ' ਘੱਟ ਹੀ ਬੋਲਦੇ ਹਨ। ਪਰ ਉਹਨਾਂ ਦੀ ਫ਼ਿਲਮ 'ਬੋਲ' ਲੋਕਾਂ ਨੂੰ ਬੋਲਣ ਲਈ ਉਤੇਜਿਤ ਕਰਦੀ ਹੈ ਤੇ ਉਹ ਆਪਣਾ ਅੰਦਰਲਾ ਆਪਣੇ ਕੰਮ ਰਾਹੀਂ ਹੀ ਪੇਸ਼ ਕਰਦੇ ਹਨ।

'ਖ਼ੁਦਾ ਕੇ ਲੀਏ' ਜਿੱਥੇ ਦਹਿਸ਼ਤਵਾਦ ਦੀ ਸਮੱਸਿਆ ਨੂੰ ਉਭਾਰਦੀ ਹੈ, ਉੱਥੇ 'ਬੋਲ' ਵਿੱਚ ਔਰਤਾਂ ਦੇ ਹੱਕਾਂ ਦੀ ਗੱਲ ਕੀਤੀ ਗਈ ਹੈ। ਧਾਰਮਕ ਪਾਕਿਸਤਾਨ ਵਿੱਚ ਔਰਤਾਂ ਦੀ ਪੀੜਾ 'ਤੇ ਧਾਰੀ ਚੁੱਪ ਨੂੰ ਤੋੜਨ ਲਈ 'ਬੋਲ' ਦਾ ਨਿਰਮਾਣ ਕੀਤਾ ਗਿਆ ਹੈ। ਬੰਦਿਸ਼ਾਂ ਵਿੱਚ ਬੱਝੀਆਂ ਔਰਤਾਂ ਸ਼ੀਆਂ-ਸੁੰਨੀ ਦੇ ਪ੍ਰਭਾਵ ਦੇ ਬਾਵਜੂਦ ਹਮਜਿਨਸੀ ਸਬੰਧਾਂ ਵੱਲ ਕਦਮ ਵਧਾ ਲੈਂਦੀਆਂ ਹਨ। ਖ਼ੁਸਰਿਆਂ ਦੀ ਜ਼ਿੰਦਗੀ ਅਪਣਾ ਕੇ ਇਸ ਨੂੰ ਆਪਣੀ ਠਾਹਰ ਬਣਾ ਲੈਂਦੀਆਂ ਹਨ। 'ਬੋਲ' ਦਾ ਫ਼ਿਲਮਾਂਕਣ ਲਾਹੌਰ ਦੀ ਬਾਦਸ਼ਾਹੀ ਮਸਜਿਦ ਅਤੇ ਸ਼ਹਿਰ ਦੇ ਲਾਲ ਬੱਤੀ ਇਲਾਕੇ ਹੀਰਾ ਮੰਡੀ ਵਿੱਚ ਹੋਇਆ ਹੈ। ਜਨਾਬ 'ਮਨਸੂਰ ਸ਼ੋਇਬ' ਨੇ ਇਸਲਾਮ ਨਾਲ ਸਬੰਧਿਤ ਮੁੱਦਿਆਂ ਨੂੰ ਲਿਆ ਹੈ ਪਰ ਕੁਝ ਜਗ੍ਹਾ 'ਤੇ ਦੁਨਿਆਵੀ ਸੱਚਾਈ ਨੂੰ ਕਬੂਲਦੇ ਅਤੇ ਕਈ ਥਾਂਈ ਤਰਫ਼ਦਾਰੀ ਕਰਦੇ ਨਜ਼ਰ ਆਉਂਦੇ ਹਨ।

ਭਾਰਤ ਇਹ ਫ਼ਿਲਮ ਈਦ ਤੱਕ ਨਹੀਂ ਵੇਖ ਸਕੇਗਾ। ਇਸ ਫ਼ਿਲਮ ਦਾ ਸੰਸਾਰ ਪੱਧਰ 'ਤੇ ਅਧਿਕਾਰ ਹਾਸਲ ਕਰਨ ਵਾਲੀ ਕੰਪਨੀ 'ਈਰੋਸ ਇੰਟਰਨੈਸ਼ਨਲ' ਉਦੋਂ ਤੱਕ ਰੀਲੀਜ਼ ਨਹੀਂ ਕਰੇਗੀ। ਕੰਪਨੀ ਦੇ ਬੁਲਾਰੇ ਮੁਤਾਬਕ ਉਹ ਇਹ ਫ਼ਿਲਮ ਈਦ ਮੌਕੇ ਸੰਸਾਰ ਭਰ ਵਿੱਚ ਰੀਲੀਜ਼ ਕਰਨ ਜਾ ਰਹੇ ਹਨ ਉਹ ਇਸ ਫ਼ਿਲਮ ਦਾ ਤਿਉਹਾਰ 'ਤੇ ਲਾਹਾ ਖੱਟਣਾ ਚਾਹੁੰਦੇ ਹਨ। 'ਖ਼ੁਦਾ ਕੇ ਲੀਏ' ਨੂੰ ਵੀ ਰਿਲੀਜ਼ ਮੌਕੇ ਅਜਿਹੀਆਂ ਹੀ ਸਮੱਸਿਆਵਾਂ ਨਾਲ ਜੂਝਨਾ ਪਿਆ ਸੀ। ਜਿਸ ਕਰਕੇ ਭਾਰਤ ਵਿੱਚ ਇਹ ਸਾਲ ਮਗਰੋਂ ਹੀ ਰੀਲੀਜ਼ ਹੋ ਸਕੀ ਸੀ। ਜਨਾਬ 'ਮਨਸੂਰ ਸ਼ੋਇਬ' ਨੇ ਦੋਵਾਂ ਤਜ਼ਰਬਿਆਂ 'ਤੇ ਕੋਈ ਟਿੱਪਣੀ ਕਰਨ ਤੋਂ ਮਨਾ ਕਰ ਦਿੱਤਾ। ਉਹ ਦੋਵੇਂ ਮੁਲਕਾਂ ਵਿਚਕਾਰ ਬੇਹਤਰ ਸਬੰਧਾਂ ਦੇ ਵੱਡੇ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਚੁੱਪ ਰਹਿਣ ਨੂੰ ਤਰਜੀਹ ਦੇ ਰਹੇ ਹਨ।

'ਈਰੋਜ਼ ਇੰਟਰਨੈਸ਼ਨਲ' ਇਹ ਫ਼ਿਲਮ ਸੰਸਾਰ ਭਰ 'ਚ 20 ਮਈ ਨੂੰ ਰੀਲੀਜ਼ ਕਰਨਾ ਚਾਹੁੰਦੀ ਸੀ। ਪਰ ਤਾਰੀਖਾਂ ਵਿੱਚ ਤਬਦੀਲੀ ਹੋਣ ਕਾਰਨ 'ਜੀਓ ਫ਼ਿਲਮਜ਼' ਨੇ ਕੋਈ ਜੋਖ਼ਿਮ ਨਾ ਲੈਂਦਿਆ ਪਾਕਿਸਤਾਨ ਵਿੱਚ ਫ਼ਿਲਮ ਨੂੰ ਪਹਿਲਾਂ ਰੀਲੀਜ਼ ਕਰ ਦਿੱਤਾ। ਇਸ ਫ਼ਿਲਮ ਦੇ ਆਉਣ ਨਾਲ ਪਾਕਿਸਤਾਨੀ ਸਿਨੇਮਾ ਦੇ ਸੁਰਜੀਤ ਹੋਣ ਦੀ ਆਸ ਬੱਝੀ ਹੈ ਜੋ ਬੁਨਿਆਦੀ ਢਾਂਚੇ ਦੀ ਅਣਹੋਂਦ ਕਾਰਨ ਮਰਦਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਮੁਸ਼ੱਰਫ਼ ਹਕੂਮਤ ਵੇਲੇ ਬਾਲੀਵੁੱਡ ਦੀਆਂ ਫ਼ਿਲਮਾਂ ਨੂੰ ਵੱਡੇ ਪਰਦੇ 'ਤੇ ਵਿਖਾਉਣ ਨੂੰ ਲੈ ਕੇ ਪੂਰੀ ਤਰਾਂ ਨਾਲ ਖੁੱਲ੍ਹ ਸੀ। ਵੀਹ ਸਾਲ ਪਹਿਲਾਂ ਸਿਨੇਮਾ ਜਗਤ ਜਿੱਥੇ ਸਾਲ ਵਿੱਚ 100 ਫ਼ਿਲਮਾਂ ਦਰਸ਼ਕਾਂ ਦੀ ਝੋਲੀ 'ਚ ਪਾਉਂਦਾ ਸੀ, ਉੱਥੇ ਅੱਜ ਪਾਕਿਸਤਾਨੀ ਸਿਨੇਮਾ ਮਹਿਜ਼ 25 ਫ਼ਿਲਮਾਂ ਤੱਕ ਹੀ ਸਿਮਟ ਜਾਣ ਕਾਰਨ ਬਜ਼ਾਰ 'ਚ ਠਿੱਬਿਆ ਪਿਆ ਹੈ।

ਮੋਬਾਈਲ : 97813-60020

# ਤਲਾਸ਼ ਇੱਕ ਵਜੂਦ ਦੀ...

### ਪੰਜਾਬੀ ਰੰਗਮੰਚ 'ਚ ਨਵੀਆਂ ਸੰਭਾਵਨਾਵਾਂ ਲੱਭਣ ਦੀ ਕੋਸ਼ਿਸ਼

ਸੁਖਵਿੰਦਰ ਸੁੱਖੀ ਪਾਤੜਾਂ

ਪੰਜਾਬੀ ਨਾਟਕ ਦਾ ਅਸਲ ਮੁੱਢ 1914 ਈ. ਵਿੱਚ ਪ੍ਰੋ: ਈਸ਼ਵਰ ਚੰਦਰ ਨੰਦਾ ਤੋਂ ਬੱਝਦਾ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬੀ ਨਾਟਕ ਦੀ ਉਮਰ ਲਗਭਗ ਸਵਾ ਸੌ ਸਾਲ ਹੋ ਚੁੱਕੀ ਹੈ। ਪਰ ਏਥੇ ਜੇਕਰ ਆਪਾਂ ਪੰਜਾਬੀ ਨਾਟਕ ਦੇ ਸੁਨਿਹਰੇ ਯੁੱਗ ਦੀ ਗੱਲ ਕਰਨੀ ਹੋਵੇ, ਤਾਂ ਇਹ ਸਨਿਹਰੀ ਯੁੱਗ 1980 ਈ. 'ਚ ਪੰਜਾਬੀ ਨਾਟਕਾਂ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੇ ਪੰਜਾਬੀ ਰੰਗਮੰਚ 'ਚ ਆਊਣ ਨਾਲ ਸ਼ੁਰੂ ਹੁੰਦਾ ਹੈ। ਗੁਰਸ਼ਰਨ ਸਿੰਘ ਦਾ ਪੰਜਾਬੀ ਰੰਗਮੰਚ ਨੂੰ ਪ੍ਰਫੁੱਲਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਦਹਾਕੇ ਦੌਰਾਨ ਹੀ ਪ੍ਰੋ: ਅਜਮੇਰ ਔਲਖ ਨੇ ਆਪਣੇ ਨਾਟਕਾਂ 'ਚ ਪੰਜਾਬੀ ਪੇਂਡੂ ਜੀਵਨ-ਸ਼ੈਲੀ ਉਘਾੜਕੇ ਪੰਜਾਬੀ ਨਾਟਕਾਂ ਨੂੰ ਇੱਕ ਵੱਖਰੀ ਪਛਾਣ ਦਿੱਤੀ। ਉੱਧਰ ਬਲਵੰਤ ਗਾਰਗੀ, ਹਰਪਾਲ ਟਿਵਾਣਾ, ਡਾ. ਆਤਮਜੀਤ, ਦਵਿੰਦਰ ਦਮਨ, ਟੋਨੀ ਬਾਤਿਸ਼, ਪਾਲੀ ਭੁਪਿੰਦਰ, ਕੇਵਲ ਧਾਲੀਵਾਲ ਵਰਗੇ ਸਿਰੜੀ ਨਾਟਕਕਾਰਾਂ ਨੇ ਪੰਜਾਬੀ ਨਾਟਕ ਨੂੰ ਆਧੁਨਿਕ ਦਿਸ਼ਾ ਪ੍ਰਦਾਨ ਕੀਤੀ। ਔਰਤ ਨਾਟਕਕਾਰ ਤੇ ਅਦਾਕਾਰ ਦੇ ਰੂਪ ਵਿੱਚ ਸੁਨੀਤਾ ਧੀਰ, ਨਵਨਿੰਦਰਾ ਬਹਿਲ, ਜਤਿੰਦਰ ਕੌਰ, ਨਿਰਮਲ ਰਿਸ਼ੀ, ਨੀਲਮ ਮਾਨ ਸਿੰਘ ਦੇ ਨਾਂ ਜ਼ਿਕਰਯੋਗ ਹਨ। ਪੰਜਾਬ ਦੇ ਕਈ ਵੱਡੇ ਸ਼ਹਿਰਾਂ 'ਚ ਨਾਟਕਾਂ ਲਈ ਆਡੀਟੋਰੀਅਮ 'ਤੇ ਖੁਲ੍ਹੇ ਮੰਚ ਵੀ ਬਣਾਏ ਗਏ ਹਨ। ਪੰਜਾਬ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿੱਚ ਹਰ ਰੋਜ਼ ਚਾਰ-ਪੰਜ ਨਾਟਕੀ ਪੇਸ਼ਕਾਰੀਆਂ ਜ਼ਰੂਰ ਹੁੰਦੀਆਂ ਹਨ। ਇਹ ਸਭ ਕੁੱਝ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਇਹ ਪੰਜਾਬੀ ਰੰਗਮੰਚ ਦਾ ਸੁਨਿਹਰਾ ਯੁੱਗ ਹੈ।

ਜੇਕਰ ਪੰਜਾਬੀ ਨਾਟਕ ਦੇ ਅਜੋਕੇ ਮੁਹਾਂਦਰੇ ਦੀ ਗੱਲ ਕਰੀਏ ਤਾਂ ਪੰਜਾਬੀ ਨਾਟਕ ਸਮੇਂ ਦਾ ਹਾਣੀ ਬਣਨ ਦੀ ਕੋਸ਼ਿਸ਼ ਵਿੱਚ ਹੈ। ਪੰਜਾਬ ਦੇ ਸਾਰੇ ਨਾਟਕਕਾਰ ਤੇ ਰੰਗਕਰਮੀਂ, ਪੰਜਾਬੀ ਨਾਟਕ 'ਚ ਨਿੱਤ ਨਵੇਂ ਤਜ਼ਰਬੇ ਕਰ ਰਹੇ ਹਨ। ਇਸ ਨੂੰ ਸੰਸਾਰ ਦੀਆਂ ਬਾਕੀ ਭਾਸ਼ਾਵਾਂ ਦੇ ਹਾਣ ਦਾ ਬਣਾਊਣ ਲਈ ਪੂਰੀ ਜੱਦੋ-ਜਹਿਦ ਕਰ ਰਹੇ ਹਨ, ਪਰ ਸਵਾ-ਸੌ ਸਾਲ ਬੀਤ ਜਾਣ ਦੇ ਬਾਵਜ਼ੂਦ ਪੰਜਾਬੀ ਨਾਟਕ ਦੁਨੀਆਂ ਦੀਆਂ ਬਾਕੀ ਭਾਸ਼ਾਵਾਂ ਦੇ ਮੁਕਾਬਲੇ ਆਪਣੀ ਉਹ ਥਾਂ ਨਹੀਂ ਬਣਾ ਸਕਿਆ ਜੋ ਇਸ ਦੀ ਹੋਣੀ



ਚਾਹੀਦੀ ਸੀ। ਆਖਰ ਇਸ ਦੇ ਕਾਰਨ ਕੀ ਹਨ? ਕਿਉਂਕਿ ਅਸੀਂ ਅਜੇ ਤੱਕ ਰੰਗਮੰਚ ਨੂੰ ਆਪਣੇ ਜੀਵਨ ਦਾ ਹਿੱਸਾ ਨਹੀਂ ਬਣਾ ਸਕੇ। ਅਸੀਂ ਅਜੇ ਤੱਕ ਉਹ ਵਸੀਲੇ ਨਹੀਂ ਜੁਟਾ ਸਕੇ, ਜੋ ਪੰਜਾਬੀ ਨਾਟਕ ਨੂੰ ਸਿਖ਼ਰਾਂ ਵੱਲ ਲੈ ਕੇ ਜਾਣ। ਕਿਉਂਕਿ ਸਾਡੀਆਂ ਸਰਕਾਰਾਂ ਨੇ ਕਦੇ ਏਧਰ ਧਿਆਨ ਹੀ ਨਹੀਂ ਦਿੱਤਾ, ਅਸੀਂ ਅਜੇ ਤੱਕ ਉਹ ਦਰਸ਼ਕ ਪੈਦਾ ਨੀ ਕਰ ਸਕੇ ਜੋ ਟਿਕਟ ਖਰੀਦ ਕੇ ਨਾਟਕ ਦੇਖਣ ਆਉਣ। ਮੁਫਤ ਨਾਟਕ ਦਿਖਾਉਣ ਲਈ ਵੀ ਦਰਸ਼ਕਾਂ ਦੇ ਸੌ-ਸੌ ਮਿੰਨਤਾਂ-ਤਰਲੇ ਕਰਨੇ ਪੈਂਦੇ ਹਨ, ਇਥੋਂ ਦਾ ਹਰ ਨਾਟਕਕਾਰ, ਹਰ ਰੰਗਕਰਮੀ ਸਿਰੜੀ ਵੀ ਹੈ, ਮਿਹਨਤੀ ਵੀ ਹੈ, ਸਿਖਲਾਈ ਪ੍ਰਾਪਤ ਵੀ ਹੈ, ਫਿਰ ਵੀ ਕੀ ਕਾਰਨ ਹੈ ਕਿ ਉਹ ਦਿਨੋਂ-ਦਿਨ ਰੰਗਮੰਚ ਤੋਂ ਦੂਰ ਹੁੰਦਾ ਜਾ ਰਿਹਾ ਹੈ। ਕਾਰਨ ਇੱਕੋ ਹੈ ਕਿ ਰੰਗਮੰਚ ਤੋਂ ਉਹ ਆਪਣਾ ਢਿੱਡ ਨਹੀਂ ਭਰ ਸਕਦਾ।

ਵੈਸੇ ਤਾਂ ਪੰਜਾਬ 'ਚ ਨਿੱਤ ਹੀ ਕਿਤੇ ਨਾ ਕਿਤੇ ਮੇਲਾ ਲੱਗਿਆ ਹੀ ਰਹਿੰਦਾ ਹੈ, ਪਰ ਜੇਕਰ ਨਾਟਕ ਮੇਲਿਆਂ ਦੀ ਗੱਲ ਕਰੀਏ ਤਾਂ ਇਹਨਾਂ ਦੀ ਗਿਣਤੀ ਕੋਈ ਬਹੁਤੀ ਨਹੀਂ। ਦੇਸ਼ ਭਗਤ ਯਾਦਗਰ ਟਰਸਟ ਵੱਲੋਂ 'ਮੇਲਾ ਗਦਰੀ ਬਾਬਿਆਂ ਦਾ' ਦਸੰਬਰ ਦੇ ਅਖੀਰ 'ਚ ਲਗਾਇਆ ਜਾਂਦਾ ਹੈ, ਜਿੱਥੇ ਪੂਰੀ ਰਾਤ ਨਾਟਕ ਹੀ ਚਲਦੇ ਹਨ। ਇੱਕ ਮਈ ਨੂੰ ਪਲੱਸ ਮੰਚ ਵੱਲੋਂ 'ਮਜ਼ਦੂਰ ਦਿਵਸ' ਦੇ ਦਿਹਾੜੇ 'ਤੇ ਲੁਧਿਆਣਾ ਦੇ ਪੰਜਾਬੀ ਭਵਨ 'ਚ ਨਾਟਕ ਮੇਲਾ ਲੱਗਦਾ ਹੈ ਜੋ ਸਾਰੀ ਰਾਤ ਚਲਦਾ ਹੈ। ਸਤੰਬਰ ਦੇ ਮਹੀਨੇ 'ਬਾਬਾ ਫਰੀਦ ਨਾਟਕ ਮੇਲਾ' ਲੱਗਦਾ ਹੈ ਜੋ ਤਿੰਨ ਰਾਤਾਂ ਤੱਕ ਚਲਦਾ ਹੈ। ਜਨਵਰੀ-ਫਰਵਰੀ ਦੇ ਮਹੀਨੇ 'ਰਾਸ਼ਟਰੀ ਮਹਾਂਸ਼ਕਤੀ ਕਲਾ ਮੇਲਾ" ਬਰਨਾਲਾ ਵਿਖੇ ਲੱਗਦਾ ਹੈ। ਜੋ ਲਗਾਤਾਰ ਦੋ ਦਿਨ, ਦੋ ਰਾਤ ਚਲਦਾ ਹੈ। ਨਵੰਬਰ ਦੇ ਮਹੀਨੇ ਚੰਡੀਗੜ੍ਹ 'ਟੈਗੋਰ ਥੀਏਟਰ' 'ਚ ਪੂਰੇ ਸੱਤ ਦਿਨਾਂ ਦਾ ਨਾਟਕ ਮੇਲਾ "ਨੌਰਥ ਜੋਨ ਕਲਚਰਲ ਸੈਂਟਰ" ਵੱਲੋਂ ਕਰਵਾਇਆ ਜਾਂਦਾ ਹੈ ਤੇ ਇਸੇ ਮਹੀਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਅਤੇ ਨੌਰਥ ਜੋਨ ਕਲਚਰਲ ਸੈਂਟਰ ਵੱਲੋਂ ਮਿਲਕੇ ਪੰਜ ਦਿਨ ਦਾ ਨਾਟਕ ਮੇਲਾ 'ਕਲਾ ਭਵਨ' ਵਿਖੇ ਕਰਵਾਇਆ ਜਾਂਦਾ ਹੈ। ਬਾਕੀ ਸਕੂਲਾਂ ਤੇ ਕਾਲਜਾਂ ਵੱਲੋਂ ਵੀ ਹਰ ਸਾਲ 'ਯੁਵਕ ਮੇਲੇ' ਕਰਵਾਏ ਜਾਂਦੇ ਹਨ। ਉਪਰੋਕਤ ਸਾਰਿਆਂ ਹੀ ਨਾਟਕ ਮੇਲਿਆਂ ਵਿੱਚ ਦੂਰੋਂ-ਦੂਰੋਂ ਵੱਖ-ਵੱਖ ਨਾਟਕ ਟੀਮਾਂ ਭਾਗ ਲੈਂਦੀਆਂ ਹਨ। ਇਨਾਂ ਸਾਰੇ ਹੀ ਨਾਟਕ ਮੇਲਿਆਂ ਦੀ ਸਾਡੇ ਸਮਾਜ ਨੂੰ ਬਹੁਤ ਵੱਡੀ ਦੇਣ ਹੈ ਕਿਉਂਕਿ ਸਾਰੇ ਹੀ ਨਾਟਕ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਹੁੰਦੇ ਹਨ, ਜਿਹਨਾਂ ਨੂੰ ਦੇਖਕੇ ਲੋਕਾਂ 'ਚ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦਾ ਪਤਾ ਲੱਗਦਾ ਹੈ। ਉਹਨਾਂ ਕੁਰੀਤੀਆਂ ਨੂੰ ਦੇਖਕੇ ਹੀ ਲੋਕਾਂ 'ਚ ਚੇਤਨਾ ਪੈਦਾ ਹੁੰਦੀ ਹੈ ਕਿਉਂਕਿ ਰੰਗਮੰਚ ਸਮਾਜ ਦਾ ਸ਼ੀਸ਼ਾ ਹੁੰਦਾ ਹੈ।

# Royal Executive Homes

## Town Houses in Wildwood




**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- **Affordable Prices**

**NOW UNDER CONSTRUCTION**

**SHOW HOME OPENING SOON.**




**Unit A**
MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 338 Sq.F.

**Unit B**
MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.

**Unit C**
MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.




wild wood TOWN HOUSES
1820, 34th Ave
Edmonton.

**780-965-7390**
**780-906-4497**
*royalexecutivehomes@hotmail.com*





Sales Contact :
Rob Gill : 780-297-1198

Jessy Parihar Ranjit Deol Rob Gill



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ** ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**



BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**